# ਰਿਸਦੇ ਜ਼ਖ਼ਮ

(ਕਹਾਣੀ ਸੰਗ੍ਰਹਿ)

**ਸੁਰਿੰਦਰ ਕੌਰ**

**ਵਾਰਿਸ ਸ਼ਾਹ ਫ਼ਾਊਂਡੇਸ਼ਨ**

ਅੰਮ੍ਰਿਤਸਰ-143002

**RISDE ZAKHM**
(Short Stories)
by :
Surinder Kaur
16, Broadway, Browns Mills
NJ, USA 08015, Ph : 609 668 9653

© Author

ISBN 978 - 81 - 7856 - 244 - 5

**ਪਹਿਲੀ ਵਾਰ** : 2009

**ਮੁੱਲ** : 150 **ਰੁਪਏ**

*ਪ੍ਰਕਾਸ਼ਕ*
**ਵਾਰਿਸ ਸ਼ਾਹ ਫ਼ਾਊਂਡੇਸ਼ਨ**
42, ਗੁਰੂ ਤੇਗ ਬਹਾਦਰ ਨਗਰ, ਡਾਕ : ਖ਼ਾਲਸਾ ਕਾਲਜ
ਅੰਮ੍ਰਿਤਸਰ-143 002
ਫ਼ੋਨ : 0183-2450520

*ਸ਼ਬਦ ਜੜਤ*
**ਮਨਤੇਜ ਗ੍ਰਾਫ਼ਿਕਸ**, ਅੰਮ੍ਰਿਤਸਰ।
ਫ਼ੋਨ : 98781 77812

*ਪ੍ਰਿੰਟਰ*
**ਪ੍ਰਿੰਟਵੈੱਲ**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ।

**ਸਮਰਪਿਤ**

ਆਪਣੇ ਜਨਮ ਦਾਤਿਆਂ
ਜਿਨ੍ਹਾਂ ਮੈਨੂੰ ਵਜੂਦ ਅਤੇ ਸਾਂਝੀ ਸੋਚ ਦਿੱਤੀ
ਪਤੀ ਜਸਵਿੰਦਰਪਾਲ
ਸਮੂਹ ਪੱਖੋਕੇ ਪਰਿਵਾਰ
ਜਿਨ੍ਹਾਂ ਮੇਰੇ ਸੁਪਨਿਆਂ ਨੂੰ ਸਾਕਾਰ ਕੀਤਾ
ਅਤੇ
ਵਿਦੇਸ਼ਾਂ ਵਿਚ ਹੱਡ ਤੁੜਵਾ ਰਹੀ
ਗੁੰਗੀ, ਬੋਲੀ ਆਪਣੇ ਢਾਂਚੇ ਨੂੰ ਕੋਸ ਰਹੀ
ਪੰਜਾਬੀ ਕੌਮੀਅਤ ਨੂੰ

# ਜੀਵਨ ਬਿਊਰਾ


ਨਾਮ : ਸੁਰਿੰਦਰ ਕੌਰ (ਖਹਿਰਾ, ਸਮਰਾ)

ਜਨਮ : 4 ਅਗਸਤ, 1954

ਸਥਾਨ/ਪੇਕੇ : ਸ਼ੇਰਪੁਰ, ਨਕੋਦਰ, ਜ਼ਿਲ੍ਹਾ ਜਲੰਧਰ, ਇੰਡੀਆ।

ਸਹੁਰੇ : ਪੱਕਾ ਪਿੰਡ, ਪੱਖੋਕੇ, ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ।

ਐਡਰੈਸ : Sr. Ref. Librarian, 16 Broadway, Browns Mills, New Jersey, USA-08015, Phone : 609-668-9653


ਵਿਦਿਆ : ਐੱਮ.ਏ. ਪੋਲੀਟੀਕਲ ਸਾਇੰਸ ਅਤੇ ਮਾਸਟਰ ਇਨ ਲਾਇਬ੍ਰੇਰੀ ਅਤੇ ਇਨਫਰਮੇਸ਼ਨ ਸਾਇੰਸ (ਇੰਡੀਆ), ਮਾਸਟਰ ਆਫ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ (ਯੂ.ਐੱਸ.ਏ.)

ਪਤੀ : ਸ੍ਰ. ਜਸਵਿੰਦਰ ਪਾਲ ਸਿੰਘ ਪੱਖੋਕੇ

ਸਪੁੱਤਰ : ਪੁੱਤਰ ਸ੍ਵੈਮਾਣ ਸਿੰਘ

ਬੱਚੇ : ਕਮਲਪ੍ਰੀਤ, ਨੂੰਹ-ਪੁੱਤਰ—ਰਾਜਮੀਤ ਤੇ ਸੰਗਰਾਮ ਸਿੰਘ

ਟੀਚਾ : ਇਸ ਪਲੇਠੀ ਕਹਾਣੀਆਂ ਦੀ ਕਿਤਾਬ ਪਿੱਛੋਂ ਇਕ ਕਵਿਤਾਵਾਂ ਤੇ ਕਹਾਣੀਆਂ ਦੀ ਇਕ ਹੋਰ ਪੁਸਤਕ ਤਿਆਰ ਹੈ, ਉਹ ਵੀ ਛੇਤੀ ਹੀ ਪ੍ਰਕਾਸ਼ਿਤ ਕਰਨਾ ਚਾਹਾਂਗੀ। ਜ਼ਿੰਦਗੀ ਵਿਚ ਮਿਥਿਆ ਨਿਸ਼ਾਨਾ ਤਨ-ਤੇਹੀ ਨਾਲ ਨਿਭਾਉਣਾ। ਆਪਣੀ ਮਾਂ-ਬੋਲੀ ਅਤੇ ਵਿਰਸੇ ਨਾਲ ਪਰਨਾਏ ਰਹਿਣਾ ਤੇ ਆਪਣੇ ਬੱਚਿਆਂ ਨੂੰ ਇਸ ਵਿਰਾਸਤ ਨਾਲ ਜੋੜੀ ਰੱਖਣਾ।

—

# ਤਰਤੀਬ


| | |
|---|---|
| ਭੂਮਿਕਾ | 7 |
| ਸ਼ੁਭ ਆਗਮਨ | 12 |
| ਲੇਖਿਕਾ ਵੱਲੋਂ | 17 |
| ਦਾਦਣਾ ਕੜਾ | 21 |
| ਦੂਰੋਂ ਸੁਹਾਵਣੇ | 27 |
| ਮੇਮ ਦਾ ਝਾਟਾ | 35 |
| ਸੰਘਰਸ਼ | 38 |
| ਚਪੇੜ | 44 |
| ਅੱਧਕ | 48 |
| ਚਿਕਨ ਕਰੀ | 52 |
| ਅਧਿਕਾਰ | 57 |
| ਇਟਲੀ ਦਾ ਸਹੇੜ | 61 |
| ਬਾਜੀ | 66 |
| ਗਿਰਗਿਟਾਂ | 71 |
| ਵਿਚਾਰੀ ਜੀਤਾਂ | 75 |
| ਲਿੱਲ | 81 |
| ਵਿਆਹ ਦਾ ਸੱਦਾ | 86 |
| ਇਲਾਜ | 91 |
| ਅਮਰੀਕਾ | 95 |
| ਉਜਾੜਾ | 99 |
| ਜ਼ਮੀਰ | 104 |
| ਬੋਝ | 109 |


—

“ਇਕ ਮਾਂ ਜੋ ਆਪਣੇ ਕੰਮ ਤੋਂ ਥੱਕ ਟੁੱਟ ਕੇ ਆਪਣੇ ਨਿੱਕੇ ਜਿਹੇ ਬੱਚੇ ਨੂੰ ਵੇਖਦੀ ਤਾਂ ਬੱਚੇ ਦੀ ਮਿੱਠੀ ਜਿਹੀ ਮੁਸਕਾਨ ਨਾਲ ਹੀ ਆਪਣੀ ਥਕਾਵਟ ਦੂਰ ਹੋ ਗਈ ਸਮਝਦੀ। ਅਗਲੇ ਪਲ ਫਿਰ ਆਪਣੇ ਬੱਚੇ ਦੀਆਂ ਸੋਹਣੀਆਂ ਹਰਕਤਾਂ ਵੇਖ ਕੇ ਪਰੇਅ ਭਾਵ ਅਰਦਾਸ ਕਰਦੀ ਕਿ “ਹੇ ਰੱਬਾ ! ਮੈਂ ਵਿਸ਼ ਕਰਦੀ ਹਾਂ ਕਿ ਇਹ ਮਰ ਜਾਵੇ। ਉਸਦੀ ਅਰਦਾਸ ਸੁਣੀ ਜਾਂਦੀ ਤੇ ਬੱਚਾ ਬਿਮਾਰ ਹੋ ਜਾਂਦਾ ਤੇ ਅਖ਼ੀਰ ਉਹ ਮਰਨ ਕਿਨਾਰੇ ਆ ਜਾਂਦਾ। ਉਹ ਰੋਂਦੀ ਕਿਉਂਕਿ ਉਸ ਦੀ ਦੁਨੀਆ ਉਸ ਦੇ ਸਾਹਮਣੇ ਖੁੱਸ ਰਹੀ ਹੈ। ਪਰ ਮੁਕਤੀ ਮਹਿਸੂਸ ਕਰਦੀ ਹੈ ਕਿ “ਹਾਂ ! ਠੀਕ ਹੈ। ਇਹੋ ਜਿਹੀ ਗ਼ੁਲਾਮੀ ਦੀ ਜ਼ਿੰਦਗੀ ਨਾਲੋਂ ਤਾਂ ਮੌਤ ਹੀ ਚੰਗੀ ਹੈ।”

*(ਦੂਰੋਂ ਸੁਹਾਵਣੇ)*

# ਭੂਮਿਕਾ

‘ਰਿਸਦੇ ਜ਼ਖ਼ਮ’ ਅਮਰੀਕਾ ਵਸਦੀ ਕਹਾਣੀਕਾਰ ਸੁਰਿੰਦਰ ਕੌਰ ਦਾ ਉੱਨੀਂ ਕਹਾਣੀਆਂ ਦਾ ਮੌਲਿਕ ਕਹਾਣੀ-ਸੰਗ੍ਰਹਿ ਹੈ। ਕਾਲ-ਕ੍ਰਮ ਦੀ ਦ੍ਰਿਸ਼ਟੀ ਤੋਂ ਲੇਖਿਕਾ ਦੇ ਨਿੱਜੀ ਜੀਵਨ ਅਤੇ ਸਮਕਾਲਿਕ ਯਥਾਰਥ ਦੇ ਤੀਖਣ ਅਨੁਭਵ ਦਾ ਇਹ ਗਲਪੀ ਰੂਪਾਂਤਰਣ ਜੈਤੋ ਦੇ ਮੋਰਚੇ ਤੋਂ ਲੈ ਕੇ ਵਰਤਮਾਨ ਤਕ ਦੇ ਸਮੇਂ ਦਾ ਹੈ ਅਤੇ ਇਸ ਬਿਰਤਾਂਤਕ ਰਚਨਾ ਦਾ ਘਟਨਾ-ਸਥਲ ਮੁੱਖ ਰੂਪ ਵਿਚ ਪੱਛਮੀ-ਪੂਰਬੀ ਪੰਜਾਬ, ਵਲਾਇਤ ਅਤੇ ਅਮਰੀਕਾ ਆਦਿ ਬਾਹਰਲੀਆਂ ਧਰਤੀਆਂ ਹਨ। ਕੁਝ ਕਹਾਣੀਆਂ ਕਥਾਕਾਰ ਦੀ ਸਿਮਰਤੀ ਵਿਚੋਂ ਉਸਰੀਆਂ ਹਨ ਅਤੇ ਇਹ ਕਹਾਣੀ ਰਚਨਾ ਦੀ ਉੱਤਮ ਪੁਰਖੀ ਬਿਰਤਾਂਤਕ ਜੁਗਤ ਦੁਆਰਾ ਪੇਸ਼ ਹੋਈਆਂ ਹਨ। ‘ਦਾਦਣਾ ਕੜਾ’, ‘ਮੇਮ ਦਾ ਝਾਟਾ’, ‘ਚਪੇੜ’ ਆਦਿ ਯਾਦਾਂ ਦੇ ਸਹਾਰੇ ਰਚੀਆਂ ਕਹਾਣੀਆਂ ਇਸ ਪ੍ਰਕਾਰ ਦੇ ਬਿਰਤਾਂਤ ਹਨ।

ਰਚਨਾ ਦੇ ਅਧਿਐਨ ਤੋਂ ਸਪੱਸ਼ਟ ਹੈ ਕਿ ਸੁਰਿੰਦਰ ਮਾਨਵੀ ਸਰੋਕਾਰਾਂ ਦੀ ਸੰਵੇਦਨਸ਼ੀਲ ਕਥਾਕਾਰ ਹੈ। ‘ਰਿਸਦੇ ਜ਼ਖ਼ਮ’ ਪੁਸਤਕ ਵਿਚ ਪੰਜਾਬੀਆਂ ਦੇ ਪਰਦੇਸੀ ਤੋਂ ਪਰਵਾਸੀ ਬਣਨ ਤਕ ਦੇ ਕਈ ਵਰ੍ਹਿਆਂ ਦੇ ਲੰਮੇ ਸਫ਼ਰ ਵਿਚ ਵਾਪਰੀਆਂ ਘਟਨਾਵਾਂ ਦੀ ਪੇਸ਼ਕਾਰੀ ਹੈ। ਕਹਾਣੀਕਾਰਾ ਨੇ ਪਰਵਾਸ ਹੰਢਾਉਂਦਿਆਂ ਤੇ ਪਿੱਛੇ ਆਪਣੀ ਧਰਤੀ ਉੱਤੇ ਆਮ ਲੋਕਾਂ ਦੀ ਗਰੀਬੀ, ਬੇਰੁਜ਼ਗਾਰੀ, ਪਦਾਰਥਕ ਬਹੁਲਤਾ ਦੀ ਸਥਿਤੀ ਵਿਚ ਮਨੁੱਖ ਦੇ ਬਦਲੇ ਰੁਝਾਨ, ਨਰੋਈਆਂ ਕੀਮਤਾਂ ਅਤੇ ਰਿਸ਼ਤਿਆਂ ਦੀ ਟੁੱਟ-ਭੱਜ ਆਦਿ ਵਿਸ਼ਿਆਂ ਨੂੰ ਪੂਰੀ ਪ੍ਰਤੀਬੱਧਤਾ ਨਾਲ ਅਗਰਭੂਮਿਤ ਕੀਤਾ ਹੈ। ਨਸਲੀ ਭਿੰਨ ਭੇਦ ਦੀ ਤ੍ਰਾਸਦਿਕ ਤੇ ਲੰਮੀ ਗਾਥਾ ਨੇ ਤਾਂ ਕਹਾਣੀਕਾਰਾ ਨੂੰ ਝੰਜੋੜ ਕੇ ਰੱਖ ਦਿੱਤਾ। ਕਹਾਣੀਆਂ ਵਿਚ ਪੇਸ਼ ਹਰ ਪਾਤਰ ਦੀ ਮਾਨਸਿਕਤਾ ਰਿਸਦੇ ਜ਼ਖ਼ਮ ਵਾਂਗ ਹੈ। ‘ਚਿਕਨ ਕਰੀ’ ਦੀ ਮੁੱਖ ਪਾਤਰ ਪੰਜਾਬੀ ਕੁੜੀ ਦੀ ਸਟੋਰ ਵਿਚ ਆਮਦ ਅਤੇ ਆਪਣੇ ਮਾਂ-ਪਿਉ ਮਹਿੱਟਰ ਹੋਣ ਦੀ ਸੁਣਾਈ ਲੰਮੀ ਵਾਰਤਾ, ਲੇਖਿਕਾ ਨੂੰ ਘੋਰ ਉਦਾਸੀਨ ਅਹਿਸਾਸ ਦੇ ਜਾਂਦੀ ਹੈ। ਆਪਣੇ ਮਾਂ-ਬਾਪ, ਗਰੈਂਡ ਪੇਰੈਂਟਸ ਦੀਆਂ ਫੋਟੋ ਦਿਖਾਉਣ ਨਾਲ ਦ੍ਰਿਸ਼ ਅਤਿ ਭਾਵਕ ਹੋ ਜਾਂਦਾ ਹੈ। ਮਾਂ ਉਸਦੇ ਪਿਉ ਆਪਣੇ ਪਤੀ ਪਾਲ ਦੀ ਭਾਲ ਵਿਚ ਇੰਡੀਆ ਵੀ ਘੁੰਮ ਆਉਂਦੀ ਹੈ ਤੇ ਮੁੜ ਨਿਰਾਸ਼ਾ ਵਿਚ ਹੀ ਮਰ ਜਾਂਦੀ ਹੈ। ਇਸ ਔਰਫਿਨ ਨਾਲ ਸੰਵਾਦ ਨੂੰ ਵਧਾਉਣਾ ਕਹਾਣੀਕਾਰ ਅਨੁਸਾਰ ਰਿਸਦੇ ਫੋੜੇ ਨੂੰ ਛੇੜਨ ਵਾਲੀ ਗੱਲ ਸੀ।

ਪੁਸਤਕ ਵਿਚ ਵੱਖ-ਵੱਖ ਮਨੋਰਥਾਂ ਅਧੀਨ ਬਾਹਰਲੀਆਂ ਧਰਤੀਆਂ ਗਾਹੁਣ ਦੀ

ਪ੍ਰਵਿਰਤੀ ਵਿਚ ਮੋਟੀ ਕਮਾਈ ਨਾਲ ਪਿੱਛੋਂ ਹੋਰ ਜ਼ਮੀਨਾਂ ਖਰੀਦਣ, ਆਰਥਿਕ ਤੌਰ 'ਤੇ ਹੋਰ ਸੰਪੰਨ ਹੋਣ ਦੀ ਰੁਚੀ 'ਦਾਦਣ ਕੜਾ' ਕਹਾਣੀ ਦੀ ਹੋਂਦ ਦਾ ਆਧਾਰ ਬਣਦੀ ਹੈ। ਟੱਬਰਾਂ ਨਾਲੋਂ ਲੰਮਾ ਵਿਛੋੜਾ ਅਤੇ ਪਰਦੇਸੀਆਂ ਦੀ ਜ਼ਿੰਦਗੀ ਦੀ ਅਨਿਸਚਿੱਤਤਾ ਦੇ ਪੱਖ, ਵਲੈਤੀਆਂ ਦੇ ਟੱਬਰ ਦੀ ਤ੍ਰਾਸਦੀ ਬਣਦੇ ਹਨ। ਖ਼ੁਸ਼ੀ ਦੇ ਮੌਕੇ 'ਤੇ ਵੀ ਵਲੈਤੀਆਂ ਦੀ ਬੁੜੀ (ਮਾਂ ਜੀ) ਹੱਥੀਂ ਨਵਾਂ ਕੜਾ ਵੇਖ ਕੇ ਮੁੜ-ਮੁੜ ਡੁਸਕਦੀ ਹੈ ਤੇ ਹੁੱਬੋ-ਹੁੱਬੀ ਰੋਂਦੀ ਹੈ। "ਪਤਾ ਨਹੀਂ ਸੀ ਇਹ ਆਖ਼ਰੀ ਮਿਲਣੀ ਸੀ ਨਹੀਂ ਤੇ ਜਾਣ ਨਾ ਦਿੰਦੀ, ਮੈਂ ਤੱਤੀ! ਉਹ ਦਿਨ ਮੁੜ ਕੇ ਨਾ ਆਇਆ। ਨਾ ਮੈਂ ਕੋਈ ਵਿਚਾਰੇ ਨਾਲ ਗੱਲ ਕੀਤੀ ਨਾ ਬਾਤ। ਨਾ ਪੁੱਛਿਆ, ਨਾ ਦੱਸਿਆ ਤੇ ਉਹ ਵਿਚਾਰਾ ਸਾਊ ਗਾਂ ਵਾਂਗ ਜੰਟਾਂ (ਏਜੰਟਾਂ) ਦੇ ਨਾਲ ਤੁਰ ਪਿਆ।" ਪਰਦੇਸੀ ਵੀ ਮਨ ਵਿਚ ਝੂਰਦਾ ਰਿਹਾ—"ਪੁੱਤ! ਮੈਂ ਪਰਦੇਸੀ ਹਾਂ। ਪਰਦੇਸੀਆਂ ਦੀ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ। ਇਹ ਕੜਾ ਮੈਂ ਪਹਿਲੇ ਪੈਸਿਆਂ ਨਾਲ ਖਰੀਦਿਆ ਸੀ, ਪਤਾ ਲੱਗਾ ਸੀ ਪੁਰਾਣਾ ਕੜਾ, ਜਿਹੜਾ ਉਹਨੇ ਹੱਥੋਂ ਲਾਹ ਕੇ ਬਾਕੀ ਪੈਸੇ ਪੂਰੇ ਕਰਨ ਲਈ ਏਜੰਟਾਂ ਨੂੰ ਦੇਣਾ ਸੀ, ਗਾਰੇ ਦੀ ਨਾਲੀ ਵਿਚ ਡਿੱਗਾ ਨਹੀਂ ਸੀ ਲੱਭਾ। ਅਬਲ ਤਾਂ ਮੈਂ ਆਪ ਜਾ ਕੇ ਤੁਹਾਡੀ ਮਾਂ ਦੇ ਹੱਥ ਪਾਊਂ ਪਰ ਜੇ ਮੈਂ ਕਿਤੇ ਨਾ ਵੀ ਹੋਇਆ..." ਅੱਖਾਂ ਭਰ ਲੈਂਦਾ ਹੈ।

ਸੁਰਿੰਦਰ ਦੀਆਂ ਕਹਾਣੀਆਂ ਸਾਧਾਰਨ ਪਾਤਰਾਂ ਦੇ ਦੁਖ-ਸੁਖ ਅਤੇ ਨਿੱਜੀ ਜੀਵਨ ਦੇ ਦੁਖਦ ਵੇਰਵੇ ਹੀ ਨਾ ਹੋ ਕੇ ਪੂਰਬੀ ਪੱਛਮੀ ਸੰਸਕ੍ਰਿਤੀਆਂ ਦੇ ਸਾਂਝੇ ਦੁੱਖਾਂ ਅਤੇ ਸੰਘਰਸ਼ਾਂ ਦੇ ਇਤਿਹਾਸਕ ਦਸਤਾਵੇਜ਼ ਹੋ ਨਿਬੜੇ ਹਨ। 'ਮੇਮ ਦਾ ਝਾਟਾ', 'ਦੂਰੋਂ ਸੁਹਾਵਣੇ', 'ਸੰਘਰਸ਼', 'ਚਿਕਨ ਕਰੀ' ਅਤੇ 'ਉਜਾੜਾ' ਇਸ ਪ੍ਰਕਾਰ ਦੀਆਂ ਬਿਰਤਾਂਤਕ ਕਥਾਵਾਂ ਹਨ। 'ਮੇਮ ਦਾ ਝਾਟਾ' ਪੰਜਾਬ ਦੇ ਸੁਤੰਤਰਤਾ ਦੇ ਇਤਿਹਾਸ ਨੂੰ ਬਿਆਨ ਕਰਦੀ ਪੰਜਾਬੀਆਂ ਦੀ ਭਾਰਤ ਵਿਚ ਅੰਗਰੇਜ਼ੀ ਰਾਜ ਸਮੇਂ ਹੋਈ ਦੁਰਗਤ ਦੀ ਪ੍ਰਤੀਕਾਤਮਕ ਅਭਿਵਿਅਕਤੀ ਹੈ। ਨਾਨੀ ਵੱਲੋਂ ਮੇਮ ਦੇ ਝਾਟੇ ਦੇ ਰੰਗ ਦਾ ਹੱਟੀ ਵਾਲੇ ਤੋਂ ਕੱਪੜਾ ਮੰਗਣਾ ਤੇ ਮੇਮਾਂ ਨੂੰ ਆਪਣੇ ਵਲੂੰਧਰੇ ਹਿਰਦੇ ਵਿਚੋਂ ਜਿਸ ਦੀ ਆਪਣੀ ਜ਼ਿੰਦਗੀ ਸਾਵੀ ਪੱਧਰੀ ਨਹੀਂ ਸੀ ਰਹਿ ਸਕੀ", ਚੰਦਰੀਆਂ ਚੁੜੇਲਾਂ ਤੇ ਕਮੀਣੀਆਂ ਕਹਿਣਾ।' ਨਾਨੇ ਵੱਲੋਂ ਜੈਤੋਂ ਦੇ ਮੋਰਚੇ ਦੇ ਜੱਥੇ ਵਿਚ ਸ਼ਾਮਲ ਹੋ ਕੇ ਸਰਕਾਰੀ ਤਸ਼ੱਦਦ ਨਾਲ ਅਰਧ ਪਾਗਲ ਅਵਸਥਾ ਵਿਚ ਮੁੜਨ ਦੇ ਦੁੱਖ ਦਾ ਪ੍ਰਤਿਕਰਮ ਹੈ। ਦੋਹਾਂ ਜੀਆਂ ਨੂੰ ਉਹ ਜ਼ੁਲਮ ਭੁੱਲਦਾ ਨਹੀਂ। ਜਦ ਨਾਨੇ ਨੂੰ ਧੁੱਪੇ ਲੰਮੇ ਪਾ ਕੇ ਸਿਪਾਹੀਆਂ ਨੇ ਬੂਟਾਂ ਸਣੇ ਕਰਚ ਕਰਚ ਕਰਕੇ ਲਿਤਾੜਿਆ ਤੇ ਡਾਂਗਾਂ ਮਾਰੀਆਂ।

ਇਸ ਕਹਾਣੀ ਸੰਗ੍ਰਹਿ ਵਿਚ ਸਪੱਸ਼ਟ ਹੋਇਆ ਹੈ ਕਿ ਅਜੋਕੇ ਸਮੇਂ ਵਿਚ ਪਰਦੇਸੀ ਦੀ ਬਜਾਇ ਪਰਵਾਸੀ ਬਣਨ ਅਰਥਾਤ ਸਥਾਈ ਵਾਸ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਵਿਸ਼ਵੀਕਰਨ ਨੇ ਬਹੁਤ ਕੁਝ ਬਦਲ ਕੇ ਰੱਖ ਦਿੱਤਾ ਹੈ। ਨਵੇਂ ਰੁਝਾਨ ਪੈਦਾ ਹੋਏ ਹਨ। ਨਵੇਂ ਢੰਗ ਤਰੀਕੇ ਈਜਾਦ ਹੋ ਗਏ ਹਨ। ਮਾਪਿਆਂ ਦਾ ਨੱਕ ਦਮ ਕਰਕੇ ਇਥੋਂ ਸਭ ਕੁਝ ਵੇਚ ਵੱਟ ਕੇ ਸੁਨਹਿਰੀ ਭਵਿੱਖ ਦੇ ਸੁਪਨਿਆਂ ਦੀ ਪੂਰਤੀ ਲਈ ਹਰ ਜਾਇਜ ਨਜਾਇਜ਼



ਹਰਬਾ ਵਰਤ ਕੇ ਪਰਵਾਸ ਧਾਰਨ ਦੀ ਗਤੀ ਤੇਜ਼ ਹੋਈ ਹੈ। ਇਸ ਪੁਸਤਕ ਦੀਆਂ ਕਈ ਕਹਾਣੀਆਂ ਦਾ ਵਿਸ਼ਾ ਵਸਤੂ ਪੰਜਾਬੀ ਲੋਕਾਂ ਦੀ ਪੱਛਮ ਵਿਚ ਜਾ ਕੇ ਵੱਸਣ ਦੀ ਤਮੰਨਾ ਨਾਲ ਸੰਬੰਧਤ ਹੈ। ਅੱਜ ਕੱਲ੍ਹ ਬਾਹਰੋਂ ਆਏ, ਇਥੋਂ ਗਏ ਨਾਲ ਗੱਲਬਾਤ ਦਾ ਇਕ ਹੀ ਵਿਸ਼ਾ ਕਿ ਬਾਹਰ ਜਾਣ ਦਾ ਕੋਈ ਹੀਲਾ ਵਸੀਲਾ ਜੁਟਾਉ। ਉਥੇ ਪਹੁੰਚ ਕੇ ਵਰਕ ਕਲਚਰ ਅਧੀਨ ਹੱਡ ਭੰਨਵੀਂ ਮਿਹਨਤ ਅਤੇ ਆਪਣਿਆਂ ਵੱਲੋਂ ਬਿਗਾਨਗੀ ਦਾ ਅਹਿਸਾਸ ਕਰਕੇ ਜਾਂ ਤਾਂ ਬੰਦਾ, ਬੰਦਾ ਬਣ ਜਾਂਦਾ ਹੈ ਜਾਂ ਅੰਦਰੋਂ ਬਾਹਰੋਂ ਟੁੱਟ ਜਾਂਦਾ ਹੈ। 'ਇਲਾਜ' ਕਹਾਣੀ ਦਾ ਮੁੱਖ ਪਾਤਰ ਹਾਰ ਕੇ ਬੰਦਾ ਬਣ ਕੇ ਪੂਰਾ ਕੰਮ ਕਰਨ ਲੱਗ ਪੈਂਦਾ ਹੈ। ਬਾਹਰ ਜਾਣ ਦੀ ਹੋੜ ਵਿਚ ਮਾਪੇ ਧੀਆਂ ਨੂੰ ਦੁਹਾਜੂ ਅਤੇ ਨਿਕੰਮਿਆਂ ਬੰਦਿਆਂ ਨਾਲ ਵਰ ਦੇਂਦੇ ਹਨ ਜਿਸ ਸੋਚ ਦੇ ਸਿੱਟੇ ਬੜੇ ਦੂਰ ਰਸੀ ਹੁੰਦੇ ਹਨ। 'ਅੱਧਕ', 'ਅਧਿਕਾਰ', 'ਇਟਲੀ ਦਾ ਸਹੇੜ', 'ਬਾਜੀ', 'ਵਿਚਾਰੀ ਜੀਤਾਂ', 'ਲਿੱਲ', 'ਵਿਆਹ ਦਾ ਸੱਦਾ', 'ਅਮਰੀਕਾ' ਅਤੇ 'ਇਲਾਜ' ਕਥਾਵਾਂ ਇਸ ਵਰਤਾਰੇ ਨਾਲ ਪਰੀਚਿਤ ਕਰਾਉਂਦੀਆਂ ਹਨ।

ਸੁਰਿੰਦਰ ਚੌਗਿਰਦੇ ਦੀ ਅਨੁਭੂਤੀ ਅਤੇ ਪੇਸ਼ਕਾਰੀ ਵਿਚ ਕਿਤੇ ਵੀ ਉਲਾਰ ਬਿਰਤੀ ਧਾਰਨ ਕਰਦੀ ਪ੍ਰਤੀਤ ਨਹੀਂ ਹੁੰਦੀ। ਬੇਬਾਕੀ ਉਸਦੀ ਰਚਨਾ ਦਾ ਪ੍ਰਮੁੱਖ ਲੱਛਣ ਹੈ। ਉਸ ਕੋਲ ਇਕ ਵਿਚਾਰਧਾਰਕ ਦ੍ਰਿਸ਼ਟੀ ਹੈ ਅਤੇ ਸੰਤੁਲਿਤ ਸੋਚ ਹੈ। ਉਹ ਔਰਤ ਦੀ ਗੁਲਾਮੀ ਦੇ ਪੂਰੀ ਤਰ੍ਹਾਂ ਵਿਰੁੱਧ ਹੈ ਜਿਵੇਂ 'ਅਧਿਕਾਰ' ਕਹਾਣੀ ਵਿਚ ਪੰਜਾਬੀ ਘਰਾਂ ਵਿਚ ਅਜੇ ਵੀ ਮਰਦਾਂ ਨੂੰ ਘਰ ਦੇ ਕੰਮਾਂ ਵਿਚ ਹੱਥ ਵਟਾਉਣਾ ਹੱਤਕ ਜਾਪਦੀ ਹੈ। ਜਦ ਕਿ ਗੋਰੀਆਂ ਲਈ ਮਰਦ ਸਾਥੀਆਂ ਉੱਤੇ ਹੁਕਮ ਚਲਾਉਣੇ ਸ਼ੇਖ਼ੀ ਹੈ। ਕੁਲ ਅੱਪਵਾਦਾਂ ਨੂੰ ਛੱਡ ਕੇ ਬਹੁਗਿਣਤੀ ਪੰਜਾਬਣਾਂ ਪਤੀ ਬਰਤਾ ਹਨ। ਗਿਰਗਿਟ ਦੇ ਰੰਗ ਬਦਲਣ ਵਾਂਗ 'ਗਿਰਗਿਟਾਂ' ਕਹਾਣੀ ਵਿਚ ਤਿੰਨ ਨਾਰੀਆਂ ਹੱਥੋਂ ਸਤਾਏ ਪਤਨੀ ਪੀੜਤ ਪਤੀ ਭਾਰਤੀ ਡਾਕਟਰ ਦੀ ਪੀੜਾ ਨਾਲ ਲੇਖਿਕਾ ਦੀ ਸਹਾਨੁਭੂਤੀ ਹੈ। 'ਅੱਧਕ' ਦੀ ਨਾਇਕਾ ਪਾਲੀ ਕੈਨੇਡਾ ਗਏ ਪਤੀ ਕਿਰਪਾਲ ਨੂੰ ਧੋਖੇ ਵਿਚ ਰੱਖ ਕੇ ਅਖੌਤੀ ਸੰਤਾਂ ਦੇ ਡੇਰੇ ਸੰਬੰਧ ਬਣਾ ਲੈਂਦੀ ਹੈ ਜਦ ਕਿ ਬਾਹਰ ਉਸ ਦੀ ਗੋਰੀ ਸਾਥਣ ਮਿੱਲੀ ਬਿਮਾਰੀ ਦੀ ਹਾਲਤ ਵਿਚ ਵੀ ਉਸ ਤੋਂ ਸਭ ਕੁਝ ਵਾਰ ਕੇ ਵਫ਼ਾ ਪਾਲਦੀ ਹੈ। ਠਾਕਰ ਸਿੰਘ ਆਪਣੀ ਪਤਨੀ ਜੀਤਾਂ ਦਾ ਸੰਘਰਸ਼ ਭੁੱਲ ਕੇ ਸ਼ਿੰਦੋ ਨਾਲ ਪਿਆਰ ਖੇਡ ਵਿਚ ਰੁੱਝ ਕੇ ਸਾਰੇ ਪਰਿਵਾਰ ਦੇ ਪਿਆਰ ਨੂੰ ਭੁਲਾ ਦਿੰਦਾ ਹੈ। ਚੌਗਿਰਦੇ ਦੇ ਡੂੰਘੇ ਅਨੁਭਵ ਤੋਂ ਸੁਰਿੰਦਰ ਦੀ ਸਥਾਪਨਾ ਹੈ ਕਿ ਪੱਛਮ ਦੀ ਖੁੱਲ੍ਹੇ ਜੀਵਨ ਦੀ ਤਰਜ਼ ਉੱਤੇ ਆਪਣੀਆਂ ਪਰੰਪਰਾਵਾਂ ਨੂੰ ਪਿੱਠ ਦੇ ਕੇ ਕੋਈ ਨੇਸ਼ਨ ਵਿਲੱਖਣ ਮੁਹਾਂਦਰਾ ਨਹੀਂ ਸਿਰਜ ਸਕਦੀ। 'ਦੂਰੋਂ ਸੁਹਾਵਣੇ' ਵਿਚ ਜੀਊਲ ਥਾਮਸਨ ਵੀ ਆਪਣੀ ਦੁਖਦਾਈ ਕਹਾਣੀ ਨੂੰ ਬਿਆਨ ਕਰਦਿਆਂ ਭਾਰਤੀਆਂ, ਪੰਜਾਬੀਆਂ ਨੂੰ ਆਪਣੇ ਕੀਮਤੀ ਵਿਰਸੇ ਨੂੰ ਸੰਭਾਲ ਰੱਖਣ ਲਈ ਅਰਜ਼ ਨੁਮਾ ਚਿਤਾਵਨੀ ਵੀ ਦੇ ਜਾਂਦਾ ਹੈ।

ਸੁਰਿੰਦਰ ਆਪਣੀਆਂ ਕਹਾਣੀਆਂ ਵਿਚ ਚੇਤਨ ਪਾਠਕਾਂ ਨਾਲ ਇਕ ਸੰਵਾਦ ਰਚਾਉਂਦੀ ਹੈ ਜਿਸ ਦਾ ਮੁੱਖ ਸੂਤਰ ਅਮਾਨਵੀ ਸਥਿਤੀਆਂ ਦੇ ਵਿਸ਼ਲੇਸ਼ਣ ਦਾ ਹੈ।

ਇਤਿਹਾਸ ਦੇ ਕੁਝ ਪੜਾਵਾਂ ਉੱਤੇ ਵਾਪਰੇ ਯਥਾਰਥ ਦੀ ਪੇਸ਼ਕਾਰੀ ਹੀ ਉਸ ਦੀ ਰਚਨਾ ਦਾ ਅੰਤਮ ਟੀਚਾ ਨਹੀਂ। ਉਹ ਯਥਾਰਥ ਦੇ ਮੂਲ ਪ੍ਰਸ਼ਨਾਂ ਨੂੰ ਉਭਾਰਦੀ ਹੈ। ਇਸ ਤਰ੍ਹਾਂ ਉਹ ਆਪਣੀ ਇਸ ਰਚਨਾ ਦੁਆਰਾ ਅਰਥ ਉਤਪਾਦਨ ਦੇ ਰਾਹ ’ਤੇ ਤੁਰਦੀ ਪ੍ਰਤੀਤ ਹੁੰਦੀ ਹੈ।

ਪੱਛਮੀ ਪੰਜਾਬ ਦੀ ਧਰਤੀ ਉੱਤੇ ਨਵੀਆਂ ਬਾਰਾਂ ਦੀ ਆਬਾਦਕਾਰੀ, ਖ਼ੁਸ਼ਹਾਲੀ ਸਭ ਦੀ ਭਾਈਚਾਰਕ ਸਾਂਝ ਤੇ ਮੁੜ ਦੇਸ਼ ਦੀ ਵੰਡ ਸਮੇਂ ਦੋਹਾਂ ਪਾਸਿਆਂ ਤੋਂ ਹਿਜਰਤ, ਜਾਨ-ਮਾਲ ਦੀ ਤਬਾਹੀ ਦੇ ਲਹੂ ਭਿੱਜੇ ਇਤਿਹਾਸ ਦੀ 1947 ਦੀ ਦੁਖਾਂਤਕ ਗਾਥਾ ਨੂੰ ਕਹਾਣੀਕਾਰਾ ਨੇ ‘ਉਜਾੜਾ’ ਕਹਾਣੀ ਵਿਚ ਪੇਸ਼ ਕੀਤਾ ਹੈ। ਮੁੜ ਮੁੜ ਵੱਸਦੇ, ਉਜੜਦੇ ਲੋਕਾਂ ਦੀ ਇਹ ਗਾਥਾ ਹੋਰ ਕਰੁਣਾਮਈ ਹੋ ਜਾਂਦੀ ਹੈ ਜਦ ਉਹ ਅਪਣਾਈ ਧਰਤੀ ਉੱਤੇ ਪਰਾਏ ਹੋਣ ਦਾ ਅਹਿਸਾਸ ਭੋਗਦੇ ਹਨ। ‘ਸੰਘਰਸ਼’ ਕਹਾਣੀ ਦੀ ਨਾਇਕਾ ਉਚੇਰੀ ਪੜ੍ਹਾਈ ਵਿਚ ਦਾਖ਼ਲਾ ਲੈਣ ਤੋਂ ਨੌਕਰੀ ਪ੍ਰਾਪਤ ਕਰਨ ਤਕ ਗੋਰੀਆਂ ਅਧਿਆਪਕਾਵਾਂ ਅਤੇ ਅਫ਼ਸਰਾਂ ਤੋਂ ਅਣਡਿੱਠ ਕੀਤੀ ਜਾਂਦੀ ਹੈ। ਨਸਲੀ ਵਿਤਕਰੇ ਦੀ ਇਸ ਪੀੜਾ ਨੇ ਹੀ ਉਸ ਨੂੰ ਗੋਰੇ ਲੋਕਾਂ ਦੇ ਸਿਆਹ ਲੋਕਾਂ ਨਾਲ ਘਿਣਾਉਣੇ ਵਿਤਕਰੇ ਦੇ ਇਤਿਹਾਸ ਨੂੰ ਜਾਣਨ ਲਈ ਪ੍ਰੇਰਿਆ ਸੀ। ‘ਦੂਰੋਂ ਸੁਹਾਵਣੇ’ ਕਹਾਣੀ ਗੋਰੀਆਂ ਨਸਲਾਂ ਦੀ ਹਉਮੈ ਅਤੇ ਸਿਆਹ ਲੋਕਾਂ ਦੀ ਗੁਲਾਮੀ ਦੇ ਕਾਲੇ ਪੰਨਿਆਂ ਨਾਲ ਪਰੀਚਿਤ ਕਰਾਉਂਦੀ ਇਕ ਵਧੀਆ ਰਚਨਾ ਹੈ। ਇਕ ਗੋਰੀ ਔਰਤ ਵੱਲੋਂ ਕੁੱਤਿਆਂ ਦੀ ਵਧੀਆ ਸਾਂਭ-ਸੰਭਾਲ ਨਾਲ ਸੰਬੰਧਤ ਪੁਸਤਕ ਮਿਲ ਜਾਣ ਉੱਤੇ ਉਸ ਦੀ ਅਥਾਹ ਪ੍ਰਸੰਨਤਾ ਅਤੇ ਇਕ ਸਿਆਹ ਔਰਤ ਅਤੇ ਮਰਦ ਵੱਲੋਂ ਸਿਆਹ ਲੋਕਾਂ (ਨੀਗਰੋਜ਼) ਦੀ ਤਿੰਨ ਸੌ ਸਾਲਾਂ ਗੁਲਾਮੀ ਅਤੇ ਉਨ੍ਹਾਂ ਉੱਤੇ ਅਸਹਿ ਤਸ਼ੱਦਦ ਦੇ ਦੁਖਾਂਤਕ ‘ਇਤਿਹਾਸ ਦੀ ਪੁਸਤਕ’ ਦੀ ਮੰਗ ਇਸ ਕਹਾਣੀ ਦੇ ਪ੍ਰਾਣ ਤੱਤ ਬਣਦੇ ਹਨ।

‘Voices in Our Blood’ ਅਤੇ ‘Black Mothers’ ਪੁਸਤਕਾਂ ਉਨ੍ਹਾਂ ਸਿਆਹ ਗਾਹਕਾਂ ਲਈ ਮਨਭਾਉਂਦੀਆਂ ਪੁਸਤਕਾਂ ਸਨ। ਪੁਸਤਕਾਂ ਖਰੀਦ ਕੇ ਉਹ ਆਪਣੇ ਦੁੱਖਾਂ ਅਤੇ ਸਮੁੱਚੀ ਸਿਆਹ ਕੌਮ ਦੀ ਪੀੜਾ ਸਾਂਝੀ ਕਰਦੇ ਹਨ। ਨੀਗਰੋਜ਼ ਦੀ ਡੰਗਰਾਂ ਵਾਂਗ ਖਰੀਦ, ਵੇਚ ਅਤੇ ਉਨ੍ਹਾਂ ਨਾਲ ਦਰਿੰਦਗੀ ਦਾ ਵਿਹਾਰ ਆਦਿ ਅਮਾਨਵੀ ਵਰਤਾਰਾ ਇਕ ਵਿਆਪਕ ਦਰਦ ਭਰੀ ਵੇਦਨਾ ਸੀ। ਕਹਾਣੀਕਾਰ ਨੇ ਉਨ੍ਹਾਂ ਦੇ ਦੁਖਾਂਤ ਦੇ ਬੜੇ ਮਾਰਮਿਕ ਚਿਤਰ ਪੇਸ਼ ਕੀਤੇ ਹਨ। ਜੀਊਲ ਥਾਮਸਨ ਦੱਸਦਾ ਹੈ—“ਹੁਕਮ ਸੀ ਕਿ ਜਿਹੜੇ ਵੀ ਦੋ ਜਣੇ ਇਕੋ ਜਿਹੀ ਭਾਸ਼ਾ ਬੋਲਦੇ ਹਨ, ਉਨ੍ਹਾਂ ਨੂੰ ਅਲੱਗ ਅਲੱਗ ਰੱਖਿਆ ਜਾਵੇ। ਉਹ ਵਿਚਾਰੇ ਗੂੰਗੇ-ਬੋਲੇ ਹੋ ਕੇ ਇਕ ਦੂਸਰੇ ਵੱਲ ਬਿਟਰ-ਬਿਟਰ ਤੱਕਦੇ।” ਲੇਖਿਕਾ ਬਲੈਕ ਆਥਰ ਦੀ ਪੁਸਤਕ ‘ਕਾਲੀਆਂ ਮਾਵਾਂ’ ਬਾਰੇ ਜਾਣ ਕੇ ਧੁਰ ਅੰਦਰ ਤਕ ਵਲੂੰਧਰੀ ਗਈ। ਜਦ ਉਨ੍ਹਾਂ ਦੱਸਿਆ—“ਜਦ ਮਾਂ ਕੰਮ ਤੋਂ ਥੱਕ ਟੁੱਟ ਕੇ ਆਪਣੇ ਨਿੱਕੇ ਜਿਹੇ ਬੱਚੇ ਨੂੰ ਵੇਖਦੀ ਤਾਂ ਬੱਚੇ ਦੀ ਮਿੱਠੀ ਮੁਸਕਾਨ ਨਾਲ ਥਕਾਵਟ ਦੂਰ ਹੋਈ ਸਮਝਦੀ ਪਰ ਅਗਲੇ ਪਲ ਉਸ ਦੀਆਂ ਸੋਹਣੀਆਂ ਹਰਕਤਾਂ ਵੇਖ ਕੇ ਪਰੇਅ ਕਰਦੀ—“ਹੇ ਰੱਬਾ ! ਮੈਂ ਵਿਸ਼ ਕਰਦੀ ਹਾਂ



ਇਹ ਮਰ ਜਾਵੇ।” ਅਰਦਾਸ ਸੁਣੀ ਜਾਂਦੀ। ਬੱਚਾ ਬਿਮਾਰ ਹੋ ਕੇ ਮਰ ਜਾਂਦਾ। ਉਹ ਰੋਂਦੀ ਉਸਦੀ ਦੁਨੀਆ ਖੁੱਸ ਰਹੀ ਹੈ ਪਰ ਮੁਕਤੀ ਮਹਿਸੂਸ ਕਰਦੀ—“ਹਾਂ ! ਠੀਕ ਹੈ, ਇਹੋ ਜੇਹੀ ਗੁਲਾਮੀ ਦੀ ਜ਼ਿੰਦਗੀ ਨਾਲੋਂ ਮੌਤ ਚੰਗੀ।” ਇਨ੍ਹਾਂ ਸਾਰੇ ਪਾਤਰਾਂ ਦੇ ਦੁਖਦ ਅਹਿਸਾਸ ਉੱਚੜੇ ਜ਼ਖ਼ਮਾਂ ਵਾਂਗ ਪੀੜਾ ਦੇਂਦੇ ਹਨ। ਸੁਰਿੰਦਰ ਦੀਆਂ ਕਹਾਣੀਆਂ ਨੇ ਪਰਦੇਸਾਂ ਵਿਚ ਰੁਲੇ, ਬਰਤਾਨਵੀ ਹਕੂਮਤ ਦੇ ਫੱਟ ਖਾਧੇ, ਪਰਵਾਸ ਵਿਚ ਹੱਡ ਤੋੜਦੇ, ਮਸ਼ੀਨ ਬਣੇ ਗੋਰੀਆਂ ਨਸਲਾਂ ਦੇ ਧ੍ਰਿਕਾਰੇ, ਦੇਸ਼ ਵੰਡ ਦੇ ਫੰਡੇ ਤੇ ਨਪੀੜੇ ਤੇ ਆਪਣੇ ਵਿਰਸੇ ਵੱਲੋਂ ਬੇਮੁੱਖ ਪਾਤਰਾਂ ਨੂੰ ਜਾਗਰੂਕ ਪਾਠਕਾਂ ਅੱਗੇ ਪੇਸ਼ ਕਰਕੇ ਕਈ ਗੰਭੀਰ ਪ੍ਰਸ਼ਨ ਖੜ੍ਹੇ ਕੀਤੇ ਹਨ।

ਸੁਰਿੰਦਰ ਨੂੰ ਦੇਸ਼ ਭਗਤੀ ਦਾ ਜਜ਼ਬਾ ਉਸਦੇ ਪੇਕੇ ਪਰਿਵਾਰ ਤੋਂ ਮਿਲਿਆ। ਅਕਾਦਮਿਕ ਯੋਗਤਾ ਦੀ ਪੂਰਤੀ ਅਤੇ ਜੀਵਨ ਸੰਘਰਸ਼ ਵਿਚ ਉਸਦੇ ਅਗਾਂਹਵਧੂ ਸੋਚ ਦੇ ਧਾਰਨੀ ਉਸਦੇ ਪਤੀ ਅਤੇ ਸਾਰੇ ਪੱਖੋਕੇ ਪਰਿਵਾਰ ਨੇ ਭਰਵਾਂ ਸਹਿਯੋਗ ਦਿੱਤਾ। ਇਸ ਸਥਿਤੀ ਦੇ ਫਲਸਰੂਪ ਹੀ ਬਚਪਨ ਤੋਂ ਉਸ ਦੇ ਅੰਦਰ ਪਏ ਸਾਹਿਤਕਾਰੀ ਦੇ ਬੀਜ ਪੁੰਗਰੇ। ਜਦੋਂ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਲਾਇਬ੍ਰੇਰੀ ਵਿਭਾਗ ਵਿਚ ਟੈਕਨੀਕਲ ਸੈਕਸ਼ਨ ਵਿਚ ਅਤਿ ਮਸਰੂਫ਼ ਸੀ, ਉਹਦੀ ਜ਼ਿੰਮੇਵਾਰੀ ਸਾਂਝੇ ਘਰ ਪਰਿਵਾਰ ਦੀ ਵੀ ਸੀ। ਫਿਰ ਵੀ ਫ਼ੁਰਸਤ ਦੇ ਪਲਾਂ ਵਿਚ ਕਵਿਤਾ, ਕਹਾਣੀ ਲਿਖ ਲੈਂਦੀ। ਉਸਦੀ ਪਹਿਲੀ ਕਹਾਣੀ ‘ਦੂਰੋਂ ਸੁਹਾਵਣੇ’, ‘ਅਜੋਕੇ ਸ਼ਿਲਾਲੇਖ’ ਮਾਸਿਕ ਪੱਤਰ ਵਿਚ ਪ੍ਰਕਾਸ਼ਿਤ ਹੋਈ। ਰੁਝੇਵਿਆਂ ਨੇ ਉਸਨੂੰ ਰੁਝਾਈ ਰੱਖਿਆ ਪਰ ਸਮਕਾਲਿਕ ਸਮਾਜ ਵਿਚਲੀਆਂ ਵੰਡਾਂ-ਵਿਤਕਰਿਆਂ ਅਤੇ ਬੇਇਨਸਾਫ਼ੀ ਦੇ ਅਨੁਭਵ ਦੀ ਸਾਮੱਗਰੀ ਉਸ ਦੇ ਅੰਦਰ ਉੱਸਲ-ਵੱਟੇ ਲੈਂਦੀ ਰਹੀ। ਉਹ ਘਰ ਬਾਹਰ ਦੇ ਸਾਰੇ ਕੰਮ ਲਗਨ ਨਾਲ ਕਿ ਭਾਉਂਦੀ ਰਹੀ ਪਰ ਉਸਦਾ ਅੰਦਰ ਬੇਚੈਨ ਰਿਹਾ। ਉਸ ਦਾ ਟੀਚਾ ਲੋਕਾਂ ਦੀ ਸੇਵਾ ਦਾ ਹੀ ਸੀ।

ਬਚਪਨ ਵਿਚ ਸਾਹਿਤ ਪੜ੍ਹਨ ਦੀ ਚੇਟਕ ਬਾਰੇ ਉਸਨੇ ‘ਚਪੇੜ’ ਕਹਾਣੀ ਵਿਚ ਲਿਖਿਆ ਹੈ ਜੋ ਸਕੂਲ ਅਧਿਆਪਕ ਕੋਲੋਂ ਤਾਂ ਨਾ ਪੂਰੀ ਹੋਈ ਪਰ ਸੁਰਿੰਦਰ ਕੌਰ ਦੇ ਸਾਹਿਤਕ ਮੱਸ ਰੱਖਣ ਵਾਲੇ ਮਾਮੇ ਨੇ ਉਸ ਨੂੰ ਵਾਰੀ ਵਾਰੀ ਸ. ਨਾਨਕ ਸਿੰਘ ਦੇ ਨਾਵਲ, ਜਸਵੰਤ ਸਿੰਘ ਕੰਵਲ ਦੀਆਂ ਨਾਵਲੀ ਰਚਨਾਵਾਂ, ਗੋਰਕੀ ਦੀ ਰਚਨਾ ‘ਮਾਂ’ ਅਤੇ ਗ਼ਦਰ ਪਾਰਟੀ ਤੇ ਆਜ਼ਾਦੀ ਦਾ ਸਾਹਿਤ ਆਦਿ ਪੁਸਤਕਾਂ ਦੇ ਕੇ ਸਾਹਿਤ ਪੜ੍ਹਨ ਦੀ ਰੁਚੀ ਬਰਕਰਾਰ ਰੱਖੀ। ਇਨ੍ਹਾਂ ਪੁਸਤਕਾਂ ਨੇ ਉਹਦੇ ਅੰਦਰ ਇਕ ਐਸੀ ਵਿਚਾਰਧਾਰਾਈ ਪ੍ਰਗਤੀਵਾਦੀ ਸੋਚ ਬੀਜ ਦਿੱਤੀ ਅਤੇ ਚਾਨਣ ਦਾ ਦੀਵਾ ਬਾਲ ਦਿੱਤਾ ਕਿ ਹੁਣ ਤਕ ਉਹ ਇਸ ਨੀਝ ਨਾਲ ਚੌਗਿਰਦੇ ਨੂੰ ਤੇ ਆਮ ਲੋਕਾਂ ਦੇ ਕਸ਼ਟਾਂ ਨੂੰ ਨਿਰਖਦੀ ਪਰਖਦੀ ਹੈ। ਉਸ ਕੋਲ ਪੰਜਾਬੀ ਭਾਸ਼ਾ ਅਤੇ ਲੋਕ ਭਾਸ਼ਾ ਦੀ ਸ਼ਬਦਾਵਲੀ ਦਾ ਇਕ ਵੱਡਾ ਭੰਡਾਰ ਹੈ। ਮੁਹਾਵਰਾਗਤ ਸ਼ੈਲੀ ਹੈ। ਹਰ ਪਾਤਰ ਦੀ ਉਸਾਰੀ ਉਸਦੇ ਪਿਛੋਕੜ, ਉਸਦੇ ਆਪਣੇ ਵਰਤਾਰੇ ਦੀ ਬੋਲੀ ਵਿਸ਼ੇਸ਼ ਕਰਕੇ ਪੰਜਾਬ ਦੇ ਦਿਹਾਤੀ ਸਭਿਆਚਾਰ, ਪੰਜਾਬੀ ਲੋਕਧਾਰਾ ਅਤੇ ਪੱਛਮ ਦੇ ਵਿਸ਼ਵਾਸਾਂ ਦੀ ਭਾਸ਼ਾਈ ਜੁਗਤ ਵਿਚ ਕਰਦੀ ਹੈ। ਹਰ ਵਰਗ ਦੀ ਭਾਸ਼ਾ

ਦੀ ਵਰਤੋਂ ਨੇ ਇਸ ਬਿਰਤਾਂਤਕ ਸੰਰਚਨਾ ਨੂੰ ਰੌਚਿਕ ਅਤੇ ਪ੍ਰਭਾਵਸ਼ਾਲੀ ਚਰਿਤ੍ਰ ਪ੍ਰਦਾਨ ਕੀਤਾ ਹੈ। ਸੁਰਿੰਦਰ ਨੇ ਸਭਿਅਕ ਜੀਵਨ ਵੀ ਜੀਵਿਆ ਹੈ, ਪੰਜਾਬ ਦਾ ਜਨ ਜੀਵਨ ਵੀ ਨੇੜੇ ਹੋ ਕੇ ਤੱਕਿਆ ਹੈ ਤੇ ਲੋਕਾਂ ਦਾ ਲੋਕ-ਧਾਰਾਈ ਵਰਤਾਰਾ ਵੀ ਉਸ ਦੀਆਂ ਰਗ਼ਾਂ ਵਿਚ ਰਚਿਆ ਹੋਇਆ ਹੈ। ਜੀਵਨ ਵਿਚ ਇਸ ਪ੍ਰਕਾਰ ਦੇ ਬਹੁਪੱਖੀ ਅਨੁਭਵਾਂ ਦੇ ਫਲਸਰੂਪ ਹੀ ਉਸ ਦੀ ਪੰਜਾਬੀ ਭਾਸ਼ਾ ਵਿਚ ਪੂਰੀ ਪਕੜ ਅਤੇ ਰਵਾਨਗੀ ਦੇ ਗੁਣ ਸ਼ਾਮਲ ਹੋਏ ਹਨ।

ਲੇਖਿਕਾ ਨੇ ਇਸ ਕਹਾਣੀ-ਸੰਗ੍ਰਹਿ ਦੇ ਪ੍ਰਕਾਸ਼ਨ ਰਾਹੀਂ ਇਕ ਪ੍ਰੋਢ ਸਾਹਿਤ ਸਿਰਜਕ ਹੋਣ ਦਾ ਪ੍ਰਮਾਣ ਦਿੱਤਾ ਹੈ। ਮੈਂ ਇਸ ਰਚਨਾ ਦਾ ਸੁਆਗਤ ਕਰਦੀ ਹਾਂ ਅਤੇ ਆਸ ਕਰਦੀ ਹਾਂ ਕਿ ਸੁਰਿੰਦਰ ਕੌਰ ਨਿਰੰਤਰ ਸਾਹਿਤ ਸਿਰਜਣਾ ਦੇ ਕਾਰਜ ਨਾਲ ਜੁੜੀ ਰਹੇਗੀ।

***ਇਕਬਾਲ ਕੌਰ (ਡਾ.)***

**ਪ੍ਰੋਫ਼ੈਸਰ (ਰਿਟਾ.) ਗੁਰੂ ਨਾਨਕ ਦੇਵ ਯੂਨੀਵਰਸਿਟੀ**

**34-ਈ, ਰਣਜੀਤ ਐਵੀਨਿਊ, ਅੰਮ੍ਰਿਤਸਰ**

**ਫ਼ੋਨ : 0183 2507434**



# ਸ਼ੁਭ ਆਗਮਨ

'ਰਿਸਦੇ ਜ਼ਖ਼ਮ' ਸੁਰਿੰਦਰ ਕੌਰ ਦਾ ਪਹਿਲਾ ਕਹਾਣੀ-ਸੰਗ੍ਰਹਿ ਹੈ। ਉਸ ਦੀ ਇਸ ਪਲੇਠੀ ਕਿਰਤ ਦੇ ਪੰਜਾਬੀ ਸਾਹਿਤ ਵਿਚ ਪਰਵੇਸ਼ ਸਮੇਂ ਇਸ ਨੂੰ ਜੀ ਆਇਆਂ ਕਹਿੰਦਿਆਂ ਮੈਨੂੰ ਹਾਰਦਿਕ ਖ਼ੁਸ਼ੀ ਦਾ ਅਹਿਸਾਸ ਹੋ ਰਿਹਾ ਹੈ। ਇਕ ਸਮਾਂ ਸੀ, ਜਦੋਂ ਪੰਜਾਬੀ ਸਾਹਿਤ ਵਿਚ ਔਰਤ ਲੇਖਿਕਾਵਾਂ ਦੀ ਸ਼ਮੂਲੀਅਤ ਆਟੇ ਵਿਚ ਲੂਣ ਬਰਾਬਰ ਸੀ। ਸਥਾਪਤ ਨਾਰੀ ਲੇਖਕਾਂ ਤਾਂ ਪੋਟਿਆਂ ਤੇ ਗਿਣੀਆਂ ਜਾਂਦੀਆਂ ਸਨ, ਪਰ ਅੱਜ ਜਦੋਂ ਹਰ ਹਫ਼ਤੇ ਪੰਜਾਬੀ ਰਸਾਲਿਆਂ, ਅਖ਼ਬਾਰਾਂ ਵਿਚ ਨਵੀਆਂ ਛਪੀਆਂ ਪੁਸਤਕਾਂ ਦੀ ਸੂਚੀ/ਰੀਵਿਊ ਪੜ੍ਹਦੀ ਹਾਂ ਤਾਂ ਨਾਰੀ ਲੇਖਿਕਾਵਾਂ ਦਾ ਵਡਮੁੱਲਾ ਯੋਗ ਵੇਖਣ ਨੂੰ ਮਿਲਦਾ ਹੈ। ਮੇਰੇ ਮਨ ਵਿਚ ਇਕ ਹੋਰ ਵੀ ਬਹੁਤ ਵੱਡੀ ਗ਼ਲਤ-ਫਹਿਮੀ ਸੀ ਕਿ ਪੰਜਾਬੀ ਵਿਚ ਇਸਤਰੀ ਕਥਾ ਲੇਖਿਕਾਵਾਂ ਬਹੁਤ ਘੱਟ ਹਨ, ਕਵਿੱਤਰੀਆਂ ਹਰ ਰੋਜ਼ ਖੁੰਬਾਂ ਵਾਂਗ ਉੱਠ ਰਹੀਆਂ ਹਨ ਪਰ ਪਿੱਛੇ ਜਿਹੇ ਦਿੱਲੀ ਤੋਂ ਡਾ. ਚਰਨਜੀਤ ਸਿੰਘ ਨੇ 101 ਪੰਜਾਬੀ ਮਹਿਲਾ ਕਥਾਕਾਰਾਂ ਦੀਆਂ ਸ੍ਰੇਸ਼ਟ ਕਹਾਣੀਆਂ ਨਾਂ ਦੇ ਇਕ ਹਿੰਦੀ ਕਹਾਣੀ ਸੰਗ੍ਰਹਿ ਨੂੰ ਸੰਪਾਦਨ ਕਰ ਕੇ ਇਨ੍ਹਾਂ ਪੰਜਾਬੀ ਨਾਰੀ ਕਥਾਕਾਰਾਂ ਦੀਆਂ ਕਹਾਣੀਆਂ ਦੋ ਜਿਲਦਾਂ ਵਿਚ ਪ੍ਰਕਾਸ਼ਿਤ ਕਰਕੇ ਸਾਰੇ ਭੁਲੇਖੇ ਦੂਰ ਕਰ ਦਿੱਤੇ ਹਨ। ਸੱਚਮੁੱਚ ਇਨ੍ਹਾਂ ਸੰਗ੍ਰਹਿ ਵਿਚਲੀਆਂ ਕਹਾਣੀਆਂ ਕਿਸੇ ਵੀ ਸਾਹਿਤ ਦੇ ਮੁਕਾਬਲੇ ਵਿਚ ਰੱਖੀਆਂ ਜਾ ਸਕਦੀਆਂ ਹਨ। ਸੁਰਿੰਦਰ ਕੌਰ ਦੀ ਇਹ ਪੁਸਤਕ ਵੀ ਇਸ ਸੰਬੰਧ ਵਿਚ ਸ਼ੁਭ ਸੰਕੇਤ ਹੈ।

ਇਸ ਸੱਚਾਈ ਤੋਂ ਤਾਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਕਿ ਪੰਜਾਬੀ ਲੋਕ ਗੀਤਾਂ ਦੀ ਰਚਨਹਾਰ ਔਰਤ ਹੈ। ਲੋਕ-ਗੀਤ ਕਾਵਿ ਸਾਹਿਤ ਦੀ ਸਭ ਤੋਂ ਪੁਰਾਣੀ ਜਾਂ ਇੰਜ ਕਹਿ ਲਵੋ ਮੁੱਢਲੀ ਵਿਧਾ ਹੈ। ਲੋਰੀ, ਕਿਕਲੀ, ਤੋਤੜਾ, ਸੁਹਾਗ, ਘੋੜੀਆਂ, ਛੰਦ, ਸਿਠਣੀਆਂ, ਢੋਲਕੀ ਦੇ ਗੀਤ, ਡੋਲੀ ਦੇ ਗੀਤ, ਮਾਹੀਆ, ਬੋਲੀਆਂ, ਟੱਪੇ ਇਥੋਂ ਤਕ ਕਿ ਵੈਣ ਅਤੇ ਅਲਾਹੁਣੀਆਂ ਆਦਿ ਵੀ ਸਾਡੀ ਸਾਹਿਤਕ ਸਭਿਅਤਾ ਦਾ ਇਕ ਉਹ ਅਣਮੁੱਲਾ ਸਰਮਾਇਆ ਹੈ, ਜਿਸ ਨੂੰ ਸਾਧਾਰਨ ਔਰਤਾਂ ਨੇ ਆਪਣੇ ਦਿਲੀ ਜਜ਼ਬਾਤਾਂ ਅਤੇ ਸੂਖ਼ਮ ਅਹਿਸਾਸਾਂ ਰਾਹੀਂ ਸਿਰਜਿਆ ਹੈ। ਇਹ ਸਰਬ-ਸਾਂਝੀ ਵਿਰਾਸਤ ਹੈ। ਇਸ ਉਪਰ ਕਿਸੇ ਇਕ ਲੇਖਿਕਾ ਦੀ ਮੁਹਰ ਨਹੀਂ ਹੈ। ਇਹ ਵੰਨਗੀਆਂ ਖੇਡਾਂ, ਖ਼ੁਸ਼ੀ, ਵਿਯੋਗ, ਵੇਦਨਾ ਆਦਿ ਦਾ ਅਚੇਤ ਸਮੂਹਕ ਪ੍ਰਗਟਾਵਾ ਹਨ।

ਪੰਜਾਬੀ ਲੋਕ ਗੀਤਾਂ ਵਾਂਗ ਹੀ ਲੋਕ ਕਹਾਣੀਆਂ ਵੀ ਆਮ ਔਰਤਾਂ ਦੀ ਹੀ

ਸਿਰਜਣਾ ਜਾਪਦੀਆਂ ਹਨ। ਬੱਚਿਆਂ ਨੂੰ ਵਰਚਾਣ ਲਈ, ਸੁਆਣ ਲਈ, ਆਹਰੇ ਲਾਣ ਲਈ, ਚੰਗੀ ਸਿੱਖਿਆ ਦੇਣ ਲਈ, ਦਾਦੀਆਂ, ਨਾਨੀਆਂ, ਭੂਆ, ਮਾਵਾਂ, ਮਾਸੀਆਂ, ਮਾਮੀਆਂ ਕਹਾਣੀਆਂ ਘੜ ਕੇ ਸੁਣਾਉਂਦੀਆਂ ਤੇ ਬੱਚਿਆਂ ਦਾ ਮਨ ਪਰਚਾਉਂਦੀਆਂ ਰਹੀਆਂ ਹਨ।

ਵਕਤ ਨੇ ਕਰਵਟ ਲਈ, ਵਿਦਿਆ, ਚੇਤਨਾ, ਜਾਗਰਤੀ ਆਲੇ-ਦੁਆਲੇ ਦੀ ਜਾਣਕਾਰੀ, ਸੋਝੀ, ਵਿਚਾਰਾਂ ਦੇ ਆਦਾਨ ਪ੍ਰਦਾਨ ਅਤੇ ਪਾਸਾਰਾਂ ਨੇ ਕਹਾਣੀ ਨੂੰ ਨਵੇਂ ਰੂਪ ਅਤੇ ਬਿੰਬ ਦਿੱਤੇ। ਸ਼ਿਲਪ ਕਲਾ ਵਿਚ ਨਿਖਾਰ ਆਇਆ। ਵਸਤੂ, ਵਿਸ਼ੇ, ਬੋਲੀ, ਸ਼ੈਲੀ ਵਿਚ ਕਈ ਕ੍ਰਾਂਤੀਕਾਰੀ ਮੋੜ ਆਏ। ਨਿੱਜੀ ਸਰੋਕਾਰਾਂ ਵਿਚੋਂ ਨਿਕਲ ਕੇ ਮਨੁੱਖ ਅਤੇ ਖ਼ਾਸ ਕਰ ਕੇ ਕਲਾਕਾਰ ਮਾਨਵੀ ਸਰੋਕਾਰਾਂ ਨਾਲ ਜੁੜ ਗਏ। ਗਲੋਬਲ ਪਿੰਡ ਦੇ ਪਰਚਾਰ ਅਤੇ ਵਿਗਿਆਨਕ ਸਿਧਾਤਾਂ ਅਤੇ ਸਾਧਨਾਂ ਦੇ ਪਾਸਾਰ ਨੇ ਮਨੁੱਖ ਨੂੰ ਮਨੁੱਖ ਦੇ ਅੰਦਰਲੇ ਮਨੁੱਖ ਅੰਦਰ ਝਾਕਣ ਦੀ ਜਾਗ ਲਾਈ। ਬੌਧਿਕ ਰੁਚੀਆਂ ਦੀ ਬਹੁਤਾਤ ਦੇ ਬਾਵਜੂਦ ਮਨੁੱਖ ਕੇਵਲ ਦਿਮਾਗ਼ ਨਾਲ ਹੀ ਨਹੀਂ, ਸਗੋਂ ਸੰਵੇਦਨਸ਼ੀਲ ਮਨ ਨਾਲ ਵੀ ਮਾਨਵੀ ਸਮੱਸਿਆਵਾਂ ਜਾਣਨ ਅਤੇ ਸਮਝਣ ਵਿਚ ਪ੍ਰੇਰਿਤ ਹੋਇਆ।

ਹਥਲੀ ਪੁਸਤਕ ਸੁਰਿੰਦਰ ਕੌਰ ਦਾ ਪਹਿਲਾ ਕਹਾਣੀ-ਸੰਗ੍ਰਹਿ ਹੈ ਪਰ ਉਸ ਦਾ ਅਨੁਭਵ ਬੜਾ ਡੂੰਘਾ, ਵਿਸ਼ਾਲ ਅਤੇ ਬਹੁ-ਪੱਖੀ ਹੈ। ਚਿਰਾਂ ਤੋਂ ਪਰਦੇਸਣ ਬਣੀ ਇਸ ਲੇਖਿਕਾ ਦੀਆਂ ਰਗਾਂ ਵਿਚ ਵਗਦਾ ਪੰਜਾਬੀ ਖ਼ੂਨ ਰੱਤਾ ਲਾਲ ਅਤੇ ਤੱਤਾ ਹੈ, ਭਾਵੇਂ ਉਹ ਗੋਰਿਆਂ ਦੇ ਠੰਡੇ ਮੁਲਕ ਦੀ ਵਾਸਣ ਹੈ। ਇਹ ਖ਼ੂਨ ਨਿੱਕੀ ਜਿਹੀ ਚੋਭ ਨਾਲ ਹੀ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਉਸ ਦੇ ਮਸਤਕ ਵਿਚਲੀ ਤੀਸਰੀ ਅੱਖ ਹਮੇਸ਼ਾ ਖੁੱਲ੍ਹੀ ਰਹਿੰਦੀ ਹੈ। ਉਹ ਆਪਣੇ ਆਲੇ-ਦੁਆਲੇ ਨੂੰ ਬੜੀ ਬਰੀਕੀ ਨਾਲ ਵਾਚਦੀ ਹੈ। ਬਾਹਰ ਜਾ ਕੇ ਤਾਂ ਬਿਗਾਨਿਆਂ ਨੂੰ ਵੀ ਆਪਣਾ ਬਣਾਉਣਾ ਪੈਂਦਾ ਹੈ ਪਰ ਆਪਣੀ ਧਰਤੀ ਦੇ ਲੋਕ ਤਾਂ ਆਪਣੇ ਭੈਣ-ਭਰਾ ਹੀ ਲੱਗਦੇ ਹਨ। ਉਨ੍ਹਾਂ ਦੇ ਦੁੱਖ, ਉਨ੍ਹਾਂ ਦੀ ਲਾਚਾਰਗੀ, ਅੰਦਰਲੀ ਟੁੱਟ ਭੱਜ, ਖੰਡਤ ਵਿਅਕਤੀਤਵ, ਅਮਾਨਵੀ ਸਥਿਤੀਆਂ ਨਾਲ ਪੋਰੀ ਪੋਰੀ ਪੀੜੇ ਜਾਣਾ ਆਦਿ ਦਰਦਾਂ ਨੂੰ ਇਕ ਸੰਵੇਦਨਸ਼ੀਲ ਲੇਖਿਕਾ ਹੀ ਇਤਨੇ ਅਹਿਸਾਸ-ਮਈ ਢੰਗ ਨਾਲ ਦਰਸਾ ਸਕਦੀ ਹੈ। ਇਥੇ ਕਥਾਕਾਰਾ ਦੀ ਪਾਤਰਾਂ ਨਾਲ ਰਿਸ਼ਤਿਆਂ ਦੀ ਖ਼ੂਨੀ ਸਾਂਝ ਨਹੀਂ। ਬਸ ਇਕ ਮੋਹ ਦਾ ਰਿਸ਼ਤਾ ਹੈ। ਇਕ ਆਪਣੀ ਮਿੱਟੀ ਦੀ ਖਿੱਚ ਹੈ। ਅੰਦਰੂਨੀ ਅਪਣੱਤ ਹੈ। ਮਾਨਵੀ ਪਿਆਰ ਹੈ।

ਇਕ ਗੱਲ ਹੋਰ, ਜਿਹੜੀ ਵਿਚਾਰਣਯੋਗ ਹੈ, ਉਹ ਇਹ ਹੈ ਕਿ ਡਰ, ਸਹਿਮ, ਤ੍ਰਿਸਕਾਰ ਵਿਚ ਜੀਉਂਦੇ ਇਨ੍ਹਾਂ ਪਾਤਰਾਂ ਦੇ ਜੀਵਨ ਵਿਚ ਖੜੋਤ ਨਹੀਂ ਹੈ। ਉਹ ਕਾਰਜਸ਼ੀਲ ਹਨ, ਗਤੀਸ਼ੀਲ ਹਨ, ਜੁਝਾਰੂ ਹਨ। ਉਹ ਜੀਣ ਲਈ ਉਪਜੀਵਕਾ ਦੇ ਰਾਹ ਢੂੰਡਦੇ, ਅੰਤ ਤਕ ਸੰਘਰਸ਼ਮਈ ਜੀਵਨ ਜੀਂਦੇ ਹਨ। ਉਨ੍ਹਾਂ ਦਾ ਪੂਰਾ ਆਪਾ ਵਲੂੰਧਰਿਆ ਪਿਆ ਹੈ, ਜ਼ਖ਼ਮੀ ਹੈ। ਜ਼ਖ਼ਮਾਂ 'ਤੇ ਠੋਕਰਾਂ ਵੱਜਦੀਆਂ ਹਨ, ਜ਼ਖ਼ਮ ਰਿਸਦੇ ਹਨ, ਪੀੜ ਪੀੜ ਹੁੰਦੇ ਹਨ। ਪਰ ਮਲ੍ਹਮ ਲਗਵਾਉਣ ਲਈ ਕੋਈ ਪਾਤਰ ਕਿਸੇ ਬਿਗਾਨੇ ਅੱਗੇ ਆਪਣੇ



ਜ਼ਖ਼ਮ ਨੰਗੇ ਨਹੀਂ ਕਰਦਾ। ਇਹੋ ਕਾਰਨ ਹੈ ਕਿ ਅਤਿ ਦੀਆਂ ਅਮਾਨਵੀ ਸਥਿਤੀਆਂ, ਵਿਰੋਧੀ ਟਕਰਾਵਾਂ ਅਤੇ ਮਨੁੱਖੀ ਸ਼ੋਸ਼ਣ ਨੂੰ ਚੈਲੰਜ ਦੇ ਰੂਪ ਵਿਚ ਲੈਂਦੇ ਹੋਏ ਉਸ ਦਾ ਡਟ ਕੇ ਸਾਹਮਣਾ ਕਰਦੇ ਹਨ। ਇਹ ਕਹਾਣੀਕਾਰਾ ਸੁਰਿੰਦਰ ਕੌਰ ਦੀ ਉਸਾਰੂ ਸੋਚ ਦਾ ਇਕ ਜ਼ਿਕਰਯੋਗ ਪੱਖ ਹੈ। ਪ੍ਰੌਢ ਉਮਰ ਦੇ ਤਜਰਬਿਆਂ ਨੇ ਉਸ ਦੀ ਕਲਮ ਨੂੰ ਪੁਖਤਗੀ ਬਖ਼ਸ਼ੀ ਹੈ। ਪੇਂਡੂ ਬੋਲੀ ਅਤੇ ਪੇਂਡੂ ਮੁਹਾਵਰਾ, ਜਿਹੜਾ ਪਾਤਰਾਂ ਦੇ ਮੂੰਹੋਂ ਢੁਕਦਾ ਫੱਬਦਾ, ਨੇ ਵੀ ਲਿਖਤ ਨੂੰ ਚਿਰਜੀਵੀ ਬਣਾਇਆ ਹੈ। ਉਸ ਨੇ ਪਾਤਰਾਂ ਦੇ ਅੰਦਰਲੇ ਅਤੇ ਬਾਹਰਲੇ ਸੱਚ ਨੂੰ ਪੂਰੀ ਇਮਾਨਦਾਰੀ ਨਾਲ ਕਲਮਬੱਧ ਕੀਤਾ ਹੈ। ਸਾਡਾ ਸਮਾਜਿਕ ਭਾਈਚਾਰਾ ਇਤਨਾ ਗੁੰਝਲਦਾਰ, ਵਿਗੋਚੇ ਅਤੇ ਪਾੜੇ ਭਰਪੂਰ ਹੈ ਕਿ ਇਸ ਦੇ ਅੰਦਰਲੇ ਸੱਚ ਦੀ ਥਾਹ ਪਾਉਣੀ ਅਤੇ ਉਸ ਨੂੰ ਸਾਕਾਰ ਕਰਨਾ ਜੇ ਅਸੰਭਵ ਨਹੀਂ ਤਾਂ ਜ਼ੋਖ਼ਮ ਭਰਪੂਰ ਕੰਮ ਜ਼ਰੂਰ ਹੈ। ਸਾਡੀ ਸਵਾਰਥੀ ਸੋਚ ਅਤੇ ਇਕ ਪੱਖੀ ਹੋਂਦ ਨੇ ਸਮੁੱਚੇ ਸਮਾਜਿਕ ਢਾਂਚੇ ਨੂੰ ਖੇਰੂੰ ਖੇਰੂੰ ਕਰ ਦਿੱਤਾ ਹੈ। ਅੱਜ ਰਿਸ਼ਤੇ ਵੀ ਨਫ਼ੇ ਨੁਕਸਾਨ ਦੀਆਂ ਤਕੜੀਆਂ ਤੇ ਤੋਲੇ ਜਾ ਰਹੇ ਹਨ। ਇਸ ਸੱਚਾਈ ਨੂੰ ਜਿਤਨੀ ਗੰਭੀਰਤਾ, ਸਦਭਾਵਨਾ, ਸੂਖ਼ਮਭਾਵੀ ਸੋਚ ਨਾਲ ਇਸਤਰੀ ਕਲਾਕਾਰਾਂ ਨੇ ਸਮਝਿਆ, ਪਛਾਣਿਆ ਤੇ ਬਿਆਨਿਆ ਹੈ, ਉਹ ਸਲਾਹੁਣਯੋਗ ਹੈ। ਉਨ੍ਹਾਂ ਲੇਖਿਕਾਵਾਂ ਵਿਚ ਸੁਰਿੰਦਰ ਦਾ ਨਾਂ ਵੀ ਸ਼ਾਮਿਲ ਕੀਤਾ ਜਾ ਸਕਦਾ ਹੈ।

ਇਸ ਸੰਗ੍ਰਹਿ ਵਿਚ ਕੁਲ ਉੱਨੀਂ ਕਹਾਣੀਆਂ ਹਨ। ਤਕਰੀਬਨ ਸਾਰੀਆਂ ਕਹਾਣੀਆਂ ਹੀ ਰੋਜ਼ੀ ਰੋਟੀ ਲਈ ਪਰਦੇਸ ਵਿਚ ਗਏ, ਉਜੜਦੇ ਵੱਸਦੇ ਲੋਕਾਂ ਦੀਆਂ ਹੱਡ ਬੀਤੀਆਂ ਹੀ ਹਨ। ਲੋੜਾਂ ਥੋੜਾਂ ਦੀ ਪੂਰਤੀ ਲਈ ਦੇਖਾ ਦੇਖੀ ਜਾਂ ਝੱਟ ਅਮੀਰ ਬਣਨ ਦੇ ਸੁਪਨੇ ਲੈ ਕੇ ਘਰ ਜ਼ਮੀਨਾਂ ਵੇਚ ਕੇ, ਥਾਂ-ਥਾਂ ਠੋਕਰਾਂ ਖਾਂਦਿਆਂ ਦੀਆਂ ਜੁਆਨੀਆਂ ਪਰਦੇਸਾਂ ਵਿਚ ਰੁਲ ਜਾਂਦੀਆਂ ਹਨ। ਕੁਝ ਪੜ੍ਹੇ ਲਿਖੇ, ਸੂਝਵਾਨ ਆਪਣੀ ਥਾਂ ਬਣਾ ਲੈਂਦੇ ਹਨ। ਪਰ ਪੱਛਮੀ ਲੋਕਾਂ ਦੀਆਂ ਸਦਾਚਾਰਕ ਕੀਮਤਾਂ ਅਤੇ ਦ੍ਰਿਸ਼ਟੀਕੋਣ ਕਦੇ ਵੀ ਉਨ੍ਹਾਂ ਨੂੰ ਰਾਸ ਨਹੀਂ ਆਉਂਦੇ। ਆਰਥਿਕ ਨਾ-ਬਰਾਬਰੀ ਤਾਂ ਹਰ ਦੇਸ਼ ਵਿਚ ਹੈ, ਪਰ ਪਰਵਾਸੀਆਂ ਨੂੰ ਰੰਗ, ਨਸਲ, ਦੇਸ਼, ਪੜ੍ਹਾਈ ਦੀ ਘਾਟ ਆਦਿ ਕਈ ਹੋਰ ਵਿਤਕਰਿਆਂ ਨਾਲ ਵੀ ਜੂਝਣਾ ਪੈਂਦਾ ਹੈ। ਜਿਸ ਤਰ੍ਹਾਂ ਯੋਗ ਅਤੇ ਉਨ੍ਹਾਂ ਨਾਲੋਂ ਵੀ ਬਿਹਤਰ ਕੰਮ ਕਰਨ ਵਾਲਿਆਂ ਦੇ ਨੁਕਸ ਕੱਢਣੇ, ਗ਼ਲਤੀਆਂ ਢੂੰਡਣੀਆਂ ਆਦਿ। ਕਹਾਣੀ 'ਚਪੇੜ' ਅਤੇ 'ਕੰਮ' ਇਸ ਦੀਆਂ ਉਦਾਹਰਣਾਂ ਹਨ। ਕਈ ਕਹਾਣੀਆਂ ਵਿਚ ਧੀਆਂ ਨੂੰ ਦੁਹਾਜੂ, ਵੱਡੀ ਉਮਰ ਵਾਲੇ ਅਤੇ ਗ਼ੈਰ ਸਮਾਜਿਕ ਸਾਧਨਾਂ ਰਾਹੀਂ ਪਰਦੇਸ ਵਿਆਹ ਕੇ ਬਾਕੀ ਪਰਿਵਾਰ ਨੂੰ ਬਾਹਰ ਭੇਜਣ ਦਾ ਰਾਹ ਪੱਧਰਾ ਕਰਨਾ ਆਦਿ ਨਿੱਤ ਵਾਪਰਦੇ ਦੁਖਾਂਤਾਂ ਦਾ ਵਿਸਥਾਰ ਪੂਰਵਕ ਬਿਆਨ ਹੈ।

ਲੇਖਿਕਾ ਕੋਲ ਵਸਤੂ (ਮੈਟਰ) ਦੀ ਇਤਨੀ ਬਹੁਤਾਤ ਹੈ ਕਿ ਉਹ ਆਪਣੀ ਸਾਰੀ ਜਾਣਕਾਰੀ ਨੂੰ ਇਕੋ ਵਾਰ ਪਾਠਕ ਤਕ ਪੁੱਜਦਾ ਕਰਨ ਦੀ ਕਾਹਲ ਵਿਚ ਇਹ ਭੁੱਲ ਜਾਂਦੀ ਹੈ ਕਿ ਕਹਾਣੀ ਦਾ ਆਕਾਰ ਨਾ ਇਤਨਾ ਵੱਡਾ ਹੁੰਦਾ ਹੈ ਤੇ ਨਾ ਹੀ ਹਾਜ਼ਮਾ ਇਤਨਾ ਤੇਜ਼ ਹੈ ਕਿ ਸਭ ਕੁਝ ਇਕੋ ਵਾਰ ਪਚਾਇਆ ਜਾ ਸਕੇ। ਕਈ ਕਹਾਣੀਆਂ ਦੇ

ਮਸਾਲੇ ਨਾਲ ਤਾਂ ਛੋਟਾ ਨਾਵਲਿਟ ਲਿਖਿਆ ਜਾ ਸਕਦਾ ਹੈ। ਇਹ ਥੋੜਾ ਵਿਚਾਰਨ ਦਾ ਵਿਸ਼ਾ ਹੈ, ਲੇਖਕਾ ਲਈ।

ਸਿਧਾਂਤਾਂ ਨੂੰ ਅਰਥ ਦੇਣਾ ਅਤੇ ਜ਼ਿੰਦਗੀ ਨੂੰ ਰਾਹ ਵਿਖਾਉਣਾ ਬੜੇ ਵੱਡੇ ਸਾਹਿਤਕ ਗੁਣ ਹਨ, ਇਨ੍ਹਾਂ 'ਤੇ ਲੇਖਿਕਾ ਨੇ ਕਲਮ-ਅਜ਼ਮਾਈ ਹੈ। ਕਾਗ਼ਜ਼ ਦੀ ਹਿੱਕ 'ਤੇ ਉਤਾਰਨ ਤੋਂ ਪਹਿਲਾਂ ਹਰ ਦੁੱਖ ਨੂੰ ਆਪਣੀ ਰੂਹ ਦੇ ਪਿੰਡੇ ਉੱਤੇ ਹੰਢਾਇਆ ਹੈ। ਆਪਣੇ ਹਿਰਦੇ ਦੀ ਸਲੇਟ ਤੇ ਕਈ ਵਾਰ ਲਿਖਿਆ ਅਤੇ ਪੂੰਝਿਆ ਹੈ ਅਤੇ ਪਾਤਰ ਦੇ ਦੁੱਖ ਨੂੰ ਸਰਬ ਸਾਂਝਾ ਬਣਾ ਕੇ ਪੇਸ਼ ਕੀਤਾ ਹੈ। 'ਚਪੇੜ', 'ਚਿਕਨ ਕਰੀ', 'ਮੋਮ ਦਾ ਝਾਟਾ', 'ਦਾਦਣਾ ਕੜਾ' 'ਕੰਮ' ਆਦਿ ਕਹਾਣੀਆਂ ਇਸ ਹਿਸਾਬ ਨਾਲ ਸਫ਼ਲ ਕਹੀਆਂ ਜਾ ਸਕਦੀਆਂ ਹਨ।

ਮੈਂ ਨਾ ਆਲੋਚਕ ਹਾਂ, ਨਾ ਮੈਨੂੰ ਆਲੋਚਕਾਂ ਵਾਲੀ ਟੈਕਨੀਕਲ ਭਾਸ਼ਾ ਆਉਂਦੀ ਹੈ। ਆਲੋਚਕਾਂ ਵੱਲੋਂ ਪ੍ਰਗਟਾਏ, ਦਰਸਾਏ, ਨੁਕਤਿਆਂ ਅਤੇ ਨੁਕਤਾਚੀਨੀ ਦੀ ਪਰਵਾਹ ਕੀਤੇ ਬਗ਼ੈਰ ਮੈਂ ਸੁਰਿੰਦਰ ਖਹਿਰਾ ਦੀ ਇਸ ਪਲੇਠੀ ਰਚਨਾ ਦਾ ਸੁਆਗਤ ਕਰਦੀ ਹੋਈ ਲੇਖਿਕਾ ਤੋਂ ਹੋਰ ਵਡੇਰੇ ਸਾਹਿਤਕ ਯੋਗਦਾਨ ਦੀ ਆਸ ਰੱਖਦੀ ਹਾਂ।

***ਅਨਵੰਤ ਕੌਰ***
139, **ਗੋਲਡਨ ਐਵੀਨਿਊ**,
**ਅੰਮ੍ਰਿਤਸਰ**-143001
**ਮੋਬਾਇਲ** : 093160 25145



# ਲੇਖਿਕਾ ਵੱਲੋਂ

'ਉੱਡਣਾ ਅਸਮਾਨੀਂ ਤੇ ਰਹਿਣਾ ਧਰਤ ਉੱਤੇ', ਇਹੀ ਮੇਰੀ ਜ਼ਿੰਦਗੀ ਦਾ ਮਕਸਦ ਹੈ। ਜਨਮ ਹੋਇਆ ਮਿਲਟਰੀ ਕੁਆਟਰਾਂ ਵੱਲੋਂ ਦਿੱਲੀ ਮਿਲਟਰੀ ਹਸਪਤਾਲ ਨੂੰ ਜਾਂਦਿਆਂ ਦਿੱਲੀ ਦੇ ਇਕ ਚੌਰਾਹੇ ਉੱਤੇ ਮਿਲਟਰੀ ਹਸਪਤਾਲ ਦੀ ਐਂਬੂਲੈਂਸ ਵਿਚ। ਸਫ਼ਰ ਸ਼ੁਰੂ ਹੋਇਆ ਸ਼ਹਿਰੋਂ ਬਾਹਰ ਪਿੰਡ ਵਿਚੋਂ, ਕੜਕਦੀ ਦੁਪਹਿਰ, ਧੁੰਦਾਂ ਭਰੀਆਂ ਸਵੇਰਾਂ, ਗੜਿਆਂ, ਮੀਂਹਾਂ, ਹਨੇਰੀਆਂ, ਕਦੇ ਜੁੱਤੀ ਪਾ ਕੇ ਤੇ ਕਦੇ ਨੰਗੇ ਪੈਰੀਂ ਪੈਦਲ ਸਕੂਲ ਜਾਣ ਤੋਂ। ਇਕੋ ਕਮਰਾ ਤੇ ਕੱਚਾ ਵਿਹੜਾ ਜਿਸ ਨੂੰ ਮਿਹਨਤ ਕਰਕੇ ਚਮਕਾਇਆ, ਫੁੱਲਾਂ ਦੀ ਖ਼ੁਸ਼ਬੂ ਨਾਲ ਮਹਿਕਾਇਆ ਤੇ ਬਾਹਰਲੇ ਬੂਹੇ ਨੂੰ ਵੱਡਾ, ਖੁੱਲ੍ਹਾ ਤੇ ਉੱਚਾ ਕਰਕੇ ਰੱਖਿਆ। ਕਿਥੋਂ ਕਿਧਰ ਨੂੰ ਜਾਵਾਂ, ਜਿਸ ਪਾਸੇ ਹਨੇਰਾ ਨਾ ਹੋਵੇ। ਲੰਮਾ ਚਿਰ ਇਹ ਰਾਹ ਨਸੀਬ ਨਹੀਂ ਹੋਇਆ ਪਰ ਰੌਸ਼ਨੀ ਕਰਨਾ ਹੀ ਧਰਮ ਹੈ। ਇਹੀ ਧਰਮ ਅੱਜ ਪਰਾਈ ਧਰਤੀ, ਪਰਾਏ ਲੋਕਾਂ, ਪਰਾਈ ਬੋਲੀ, ਪਰਾਏ ਪਹਿਰਾਵੇ ਵਿਚ ਵੱਸਦੇ ਲੋਕਾਂ ਨਾਲ ਨਿਭਾਅ ਰਹੀ ਹਾਂ। ਇਸ ਸਾਰੇ ਕੁਝ ਵਿਚ ਅਪਣੱਤ ਅਪਣਾ ਰਹੀ ਹਾਂ।

ਇਤਿਹਾਸ ਗਵਾਹ ਹੈ ਇਸ ਪੰਜਾਬੀ ਕੌਮੀਅਤ ਦਾ, ਜਿਸ ਦੇ ਹਿੱਸੇ ਸੇਵਾ ਹੀ ਆਈ ਹੈ ਤੇ ਮੈਂ ਭਾਗਾਂ ਵਾਲੀ ਆਪਣੇ ਆਪ ਨੂੰ ਸਮਝਦੀ ਹਾਂ ਕਿ ਮੈਂ ਉਸ ਕੌਮ ਦੀ ਵਾਰਸ ਹਾਂ। ਅਮਰੀਕਾ ਵਿਚ ਲਾਇਬ੍ਰੇਰੀ ਦਾ ਕਿੱਤਾ ਕਰਦਿਆਂ ਕਈ ਭੁੱਲਿਆਂ ਭਟਕਿਆਂ ਨੂੰ ਮੰਜ਼ਲ ਤਕ ਪਹੁੰਚਣ ਵਿਚ ਮਦਦ ਕਰਕੇ ਖ਼ੁਸ਼ੀ ਹੁੰਦੀ ਹੈ। ਅਜੀਬ ਜਿਹਾ ਮਹਿਸੂਸ ਹੁੰਦਾ ਹੈ ਜਦੋਂ ਰਾਹੀ ਗੁਆਚ ਕੇ ਆ ਜਾਂਦੇ ਹਨ, ਮੇਰੇ ਇਨਫਰਮੇਸ਼ਨ ਡੈਸਕ ਉੱਤੇ ਕਿ ਅਸੀਂ ਗੁਆਚਣ ਪਿੱਛੋਂ ਤੁਹਾਨੂੰ ਲੱਭਿਆ ਹੈ ਤੇ ਦਿਸ਼ਾਵਾਂ ਚਾਹੀਦੀਆਂ ਹਨ। ਕਈ ਵਾਰ ਉਨ੍ਹਾਂ ਦਾ ਦਿਸ਼ਾ ਸੂਚਕ ਯੰਤਰ ਵੀ ਭਟਕਾ ਦਿੰਦਾ ਹੈ ਪਰ ਅਸੀਂ ਸਰਚ ਲਾਈਟ ਹਾਂ, ਉਨ੍ਹਾਂ ਨੂੰ ਰਾਹ ਦੱਸ ਕੇ ਲਿਖ ਕੇ ਹੱਥ ਵਿਚ ਫੜਾ ਦਿੰਦੇ ਹਾਂ। ਅਸੀਂ ਪੜ੍ਹਾਉਂਦੇ ਹਾਂ ਜਿਨ੍ਹਾਂ ਨੂੰ ਪੜ੍ਹਨਾ ਨਹੀਂ ਆਉਂਦਾ। ਅਸੀਂ ਅਗਾਂਹ ਤੋਰਦੇ ਹਾਂ ਜਿਨ੍ਹਾਂ ਨੇ ਅਗਾਂਹ ਤੁਰਨਾ ਹੁੰਦਾ। ਅਸੀਂ ਨਵੀਂ ਤਕਨੀਕ ਸਿਖਾਉਂਦੇ ਹਾਂ। ਇਥੇ ਵਣੀ-ਵਣੀ ਦੀ ਲੱਕੜੀ ਦਾ ਤਾਣਾ ਬਾਣਾ ਭਾਵ ਬਹੁ ਸਭਿਆਚਾਰਾਂ ਦਾ ਦੇਸ਼ ਹੈ। ਤੇ ਕਈ ਵਿਚਾਰੇ ਇਥੇ ਆ ਕੇ ਗੂੰਗੇ ਬਣ ਜਾਂਦੇ ਹਨ। ਉਨ੍ਹਾਂ ਦੀ ਜ਼ਬਾਨ ਖੋਲ੍ਹੀ ਦੀ ਹੈ। ਕਾਇਦੇ ਕਾਨੂੰਨਾਂ ਤੋਂ ਅਣਜਾਣ ਹੁੰਦੇ ਹਨ। ਅਸੀਂ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਾਂ।

ਇਥੇ ਕਿਸੇ ਕੋਲ ਸਮਾਂ ਨਹੀਂ ਕਿਸੇ ਦੂਸ਼ਰੇ ਨਾਲ ਗੱਲ ਕਰਨ ਦਾ। ਕਈ ਵਿਚਾਰਿਆਂ

ਨੇ ਕੰਪਿਊਟਰ ਤਾਂ ਵੇਖੇ ਵੀ ਨਹੀਂ ਹੁੰਦੇ ਤੇ ਦਫ਼ਤਰਾਂ ਵਾਲੇ ਕਹਿਣਗੇ—"ਜਾਓ, ਆਨ ਲਾਈਨ ਆਹ ਕਰ ਦਿਉ, ਔਹ ਕਰ ਦਿਉ।" ਇਮੀਗ੍ਰੇਸ਼ਨ ਵਾਲੇ ਦਫ਼ਤਰ ਵੜਨ ਵੀ ਨਹੀਂ ਦਿੰਦੇ ਕਿ ਅਪਾਇੰਟਮੈਂਟ ਚਿੱਠੀ ਕਿਥੇ ਹੈ ? ਕਿਥੇ ਜਾਈਏ ? ਲੋਕਲ ਲਾਇਬ੍ਰੇਰੀ ਵਿਚ ਮੈਂ ਖ਼ੁਸ਼ ਹਾਂ। ਰੱਜ ਕੇ ਉਨ੍ਹਾਂ ਦੀ ਮਦਦ ਕਰ ਸਕਦੀ ਹਾਂ। ਨੌਕਰੀਆਂ ਖੁੱਸਣ 'ਤੇ ਬੇਰੁਜ਼ਗਾਰੀ ਭੱਤਾ ਦਫ਼ਤਰ ਵਿਚ ਫ਼ੋਨ ਉੱਤੇ ਤੇ ਕਦੀ ਕੰਪਿਊਟਰ 'ਤੇ ਨਾਲ ਬੈਠ ਬੈਠ ਕੇ ਕਿੰਨਾ ਕਿੰਨਾ ਸਮਾਂ ਬਿਤਾਉਂਦੀ ਹਾਂ ਕਿ ਵਿਚਾਰੇ ਆਪਣੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰ ਸਕਣ। ਟੈਕਸ ਫਾਰਮ, ਸਿਟੀਜ਼ਨ ਫਾਰਮ, ਟੈਸਟ ਦੀ ਤਿਆਰੀ, ਆਪਣੇ ਸਾਕ ਸੰਬੰਧੀਆਂ ਨੂੰ ਮੰਗਵਾਉਣ ਲਈ ਲੋੜੀਂਦੇ ਫਾਰਮ ਅਤੇ ਸਹਾਇਤਾ ਆਦਿ ਸਾਰੇ ਕੰਮ ਇਥੇ ਲਾਇਬ੍ਰੇਰੀਅਨ ਹੀ ਕਰਦੇ ਹਨ। ਇਸ ਤੋਂ ਇਲਾਵਾ ਅਸੀਂ ਅਨੇਕਾਂ ਹੋਰ ਕੰਮ ਕਰਨੇ ਹੁੰਦੇ ਹਨ ਜਿਨ੍ਹਾਂ ਦੀ ਇਕ ਲੰਮੀ ਫਹਿਰਿਸਤ ਹੈ ਪਰ ਮੈਂ ਪੂਰੀ ਤਨਦੇਹੀ ਨਾਲ ਇਹ ਕੰਮ ਨਿਭਾਉਂਦੀ ਹਾਂ। ਮੈਨੂੰ ਅਹਿਸਾਸ ਹੈ ਦੇਸ਼ ਰੰਗ ਨਸਲ ਕੋਈ ਵੀ ਹੋਵੇ, ਖ਼ੂਨ ਦਾ ਰੰਗ ਲਾਲ ਹੈ। ਅਸਮਾਨ ਨੀਲਾ ਹੈ ਅਤੇ ਧਰਤ ਉੱਤੇ ਘਾਹ ਹਰਾ ਹੈ।

ਪੜ੍ਹਨ ਲਿਖਣ ਦਾ ਸ਼ੌਕ ਬਚਪਨ ਤੋਂ ਹੀ ਸੀ। ਮਾਪਿਆਂ ਦੀ ਮਿਹਨਤ ਤੇ ਇੱਛਾ ਅਨੁਸਾਰ ਮੈਂ ਪੜ੍ਹਾਈ ਲਈ ਕਾਲਜ ਤਕ ਪਹੁੰਚ ਗਈ। ਪ੍ਰੋ. ਸੁਰਿੰਦਰ ਗਿੱਲ (ਰਾਏਕੋਟ) ਨੇ ਕਾਲਜ ਦੇ ਟੈਲੰਟ-ਹੰਟ ਪ੍ਰੋਗਰਾਮ ਵਿਚ ਬੋਲਣ ਲਈ ਪ੍ਰੇਰਿਆ ਜਿਸ ਸਦਕਾ ਮੈਂ ਦੱਸ ਕੁ ਸ਼ੀਲਡਾਂ ਕਵਿਤਾ, ਭਾਸ਼ਣ, ਪ੍ਰਤੀਯੋਗਤਾ ਵਿਚੋਂ ਜਿੱਤ ਕੇ G.N.N. ਕਾਲਜ ਦੇ ਦਫ਼ਤਰ ਵਿਚ ਲਿਆ ਸਜਾਈਆਂ। ਵਿਦਿਆਰਥੀ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਲੱਗ ਪਈ। ਇਕ ਵੇਰਾਂ G.N.N. ਕਾਲਜ ਨਕੋਦਰ ਵਿਚ ਇਕ ਸਮਾਰੋਹ ਉੱਤੇ ਜਲੰਧਰ ਦਾ ਡੀ.ਸੀ. ਬਤੌਰ ਮੁੱਖ ਮਹਿਮਾਨ ਸ਼ਾਮਲ ਹੋਇਆ। ਜਦ ਉਸ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ "ਮੈਂ ਕਾਲਜ ਕੀ ਸ਼ਾਤਰਾਓਂ ਕੋ ਬਧਾਈ ਦੇਤਾ ਹੂੰ ਕਿ ਇਨ੍ਹੋਂ ਨੇ 'ਮੋਗਾ ਐਜੀਟੇਸ਼ਨ' ਮੇਂ ਭਾਗ ਨਹੀਂ ਲੀਆ। ਕਾਲਜ ਠੀਕ ਚਲਤਾ ਰਹਾ।"

ਮੇਰੇ ਲਈ ਇਹ ਝੂਠ ਸੁਣਨਾ ਮੌਤ ਬਰਾਬਰ ਸੀ। ਮੈਂ ਉਦੋਂ ਗਿਆਰਵੀਂ ਜਮਾਤ ਵਿਚ ਪੜ੍ਹਦੀ ਸਾਂ। ਸਮਾਗਮ ਖ਼ਤਮ ਹੋਣ ਉੱਤੇ ਜਦੋਂ ਉਹ ਕਾਰ ਵਿਚ ਬੈਠਣ ਲੱਗਾ ਤਾਂ ਮੈਂ ਕੁਝ ਵਿਦਿਆਰਥਣਾਂ ਨੂੰ ਨਾਲ ਲੈ ਕੇ ਅੱਗੇ ਚਲੀ ਗਈ। ਪ੍ਰਿੰਸੀਪਲ ਉਹਨੂੰ ਕਾਰ ਵੱਲ ਧੱਕੇ ਤੇ ਮੇਰੇ ਵੱਲ ਘੂਰੀਆਂ ਵੱਟੇ। ਸ. ਬਲਵੰਤ ਸਿੰਘ ਮਲਸੀਹਾਂ ਵਾਲਿਆਂ ਦੇ ਆਖਣ ਉੱਤੇ ਕਿ ਬੱਚੀਆਂ ਕੁਝ ਕਹਿਣਾ ਚਾਹੁੰਦੀਆਂ ਹਨ, ਸੁਣ ਲਵੋ। ਅਸੀਂ ਆਪਣਾ ਗ਼ੁੱਸਾ ਜ਼ਾਹਰ ਕਰਦਿਆਂ ਕਿਹਾ ਕਿ "ਆਹ ਸ਼ਬਦ ਵਾਪਸ ਲਓ।" ਉਸ ਨੇ ਸ਼ਬਦ ਵਾਪਸ ਲੈ ਲਏ। ਅਗਲੇ ਦਿਨ ਸਭ ਅਖ਼ਬਾਰਾਂ ਵਿਚ ਇਹ ਖ਼ਬਰ ਉਸੇ ਤਰ੍ਹਾਂ ਛਪ ਗਈ। ਇਹ ਸੀ ਸ਼ੁਰੂਆਤ ਮੇਰੇ ਵੱਲੋਂ ਸੱਚ-ਹੱਕ ਦੀ ਹਾਮੀ ਵਿਚ ਖੜ੍ਹੇ ਹੋਣ ਦੀ। ਇਥੇ ਹੀ ਪਾਸ਼, ਚੰਦਨ, ਫ਼ਤਿਹਜੀਤ, ਅਜਮੇਰ ਅਤੇ ਦਰਸ਼ਨ ਨਾਲ ਸਮਾਜੀ ਹਾਲਤ ਅਤੇ ਮਨੁੱਖੀ ਚੇਤਨਾ ਬਾਰੇ ਵਿਚਾਰ-ਵਟਾਂਦਰਾ ਹੁੰਦਾ ਸੀ।

ਮਾਪਿਆਂ ਨੇ ਵਿਦਿਆ ਵੀ ਦਿੱਤੀ ਤੇ ਨਾਲ ਹੀ ਮਨ ਵਿਚ ਇਕ ਚਾਨਣੀ ਸੋਚ ਵੀ



ਬੀਜ ਦਿੱਤੀ। ਮੁੜ ਵਿਆਹ ਹੋਇਆ ਤੇ ਮੇਰੇ ਪਤੀ ਜਸਵਿੰਦਰਪਾਲ ਸਿੰਘ ਪੱਖੋਕੇ ਜੋ ਅਗਾਂਹਵਧੂ ਸੋਚ ਵਾਲੇ ਇਕ ਬਹੁਤ ਚੰਗੇ ਇਨਸਾਨ ਹਨ, ਨੇ ਮੇਰਾ ਪੂਰਾ ਸਾਥ ਦਿੱਤਾ। ਮੇਰਾ ਸਹੁਰਾ ਸਾਹਿਬ ਨੇ ਆਪਣੀ ਇੱਛਾ ਪ੍ਰਗਟ ਕੀਤੀ ਕਿ ਪੜ੍ਹਾਈ ਦਾ ਫਾਇਦਾ ਤਾਂ ਹੈ ਜੇ ਕੋਈ ਪੁਜੀਸ਼ਨ ਆਵੇ। ਪੈਂਡਾ ਏਨਾ ਲੰਮਾ ਹੁੰਦਾ ਸੀ ਪੱਖੋਕਿਆਂ ਤੋਂ ਜੰਡਿਆਲੇ ਗੁਰੂ, ਫਿਰ ਅੰਮ੍ਰਿਤਸਰ ਤੇ ਮੁੜ ਯੂਨੀਵਰਸਿਟੀ। ਸ਼ਾਮ ਨੂੰ ਮੁੜ ਇਹੋ ਚੱਕਰ। ਨਾਲ ਦੀਆਂ ਕੁੜੀਆਂ ਹੋਸਟਲ ਵਿਚ ਰਹਿੰਦੀਆਂ ਸਨ। ਕਿਹੜੀ ਸ਼ਕਤੀ ਕਿਹੜੀ ਸੋਚ ਮੈਨੂੰ ਲਈ ਫਿਰਦੀ ਸੀ। ਮੈਨੂੰ ਇਹ ਤੇ ਨਹੀਂ ਸੀ ਪਤਾ ਪਰ ਗੋਲਡ ਮੈਡਲ ਮਿਲਣ ਨਾਲ ਮੇਰੀ ਰਹਿ ਆ ਗਈ। ਆਖ਼ਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਨੌਕਰੀ ਵੀ ਮਿਲ ਗਈ। ਇਥੇ ਮੈਂ ਕਰਮਚਾਰੀ ਮੁਹਾਜ਼ 'ਤੇ ਵੀ ਕੰਮ ਕੀਤਾ ਪਰ ਘਰ ਦੀਆਂ ਜ਼ਿੰਮੇਵਾਰੀਆਂ ਨੇ ਇੰਨਾ ਜਕੜਿਆ ਕਿ ਮੈਂ ਘਰ ਵਿਚ ਪਰਿਵਾਰ ਦੀ ਹੀ ਬਣ ਕੇ ਰਹਿ ਗਈ। ਭਾਵੇਂ ਵੇਲੇ-ਕੁਵੇਲੇ ਕੁਝ ਨਾ ਕੁਝ ਝਰੀਟਣ ਦਾ ਯਤਨ ਵੀ ਕਰਦੀ ਸਾਂ। ਯੂ. ਐੱਸ. ਏ. ਪਹੁੰਚ ਕੇ ਮੁੜ ਨਵੇਂ ਸਿਰਿਓਂ ਪੜ੍ਹਾਈ ਤੇ ਸੈੱਟ ਹੋਣ ਦਾ ਸੰਘਰਸ਼ ਚਾਲੂ ਹੋ ਗਿਆ।

ਸਬੱਬੀਂ ਜਿਵੇਂ ਜਦੋਂ ਕਿਸੇ ਕੰਮ ਦਾ ਆਗਾਜ਼ ਹੋਣਾ ਹੁੰਦਾ ਹੈ। ਇਕ ਦਿਨ ਮੈਂ ਲੱਭ ਲਭਾਅ ਕੇ ਮੈਡਮ ਡਾ. ਇਕਬਾਲ ਕੌਰ ਸੌਂਦ ਨੂੰ ਜੋ ਆਪਣੇ ਪਤੀ ਨਾਲ ਆਪਣੀ ਬੇਟੀ ਕੋਲ ਮਾਂਟਰੀਅਲ (ਕੈਨੇਡਾ) ਵਿਜ਼ਿਟ 'ਤੇ ਆਏ ਸਨ, ਫ਼ੋਨ ਕਰਕੇ ਨੀਊ ਜਰਸੀ ਆਉਣ ਲਈ ਕਿਹਾ। ਆਉਣ ਜਾਣ ਤੇ ਮਿਲਣ ਦੀ ਗੱਲ ਤਾਂ ਨਾ ਬਣ ਸਕੀ ਪਰ ਮੈਡਮ ਨੇ ਮੇਰੀ ਰੂਹ ਨੂੰ ਐਸਾ ਝੰਜੋੜਿਆ ਕਿ ਮੈਂ ਜਾਗ ਉੱਠੀ। ਬਾਰ ਬਾਰ ਕਿਹਾ ਕਿ ਤੂੰ ਲਿਖਦੀ ਕਿਉਂ ਨਹੀਂ ? ਮੈਂ ਉਸੇ ਹਫ਼ਤੇ ਆਪਣੀਆਂ ਲਿਖੀਆਂ ਚਾਰ ਕਹਾਣੀਆਂ 'ਦਾਦਣਾ ਕੜਾ', 'ਮੇਮ ਦਾ ਝਾਟਾ', 'ਚਿਕਨ ਕਰੀ' ਅਤੇ 'ਦੂਰੋਂ ਸੁਹਾਵਣੇ' ਫੈਕਸ ਕਰ ਦਿੱਤੀਆਂ। ਉਨ੍ਹਾਂ ਮੇਰੀ ਇਕ ਕਵਿਤਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ 'ਬੇਨਾਮ ਬੇਵਤਨ' ਇੰਡੀਆ ਸੁਣੀ ਤੇ ਪੜ੍ਹੀ ਸੀ।

ਉਨ੍ਹਾਂ ਦੀ ਪ੍ਰੇਰਨਾ ਨੇ ਮੇਰੇ ਅੰਦਰ ਪਈਆਂ ਘਟਨਾਵਾਂ ਨੂੰ ਜੋ ਚਿਰਾਂ ਤੋਂ ਉੱਸਲਵੱਟੇ ਲੈ ਰਹੀਆਂ ਸਨ, ਪੇਸ਼ ਕਰਨ ਦਾ ਉਤਸ਼ਾਹ ਦਿੱਤਾ ਤੇ ਮੈਂ ਇਹ ਪੁਸਤਕ 'ਰਿਸਦੇ ਜ਼ਖ਼ਮ' ਪ੍ਰਕਾਸ਼ਿਤ ਕਰਨ ਦੀ ਯੋਜਨਾ ਬਣਾ ਲਈ। ਹੁਣ ਅਮਰੀਕਾ ਰਹਿੰਦਿਆਂ ਅਤੇ ਪਹਿਲਾਂ ਆਪਣੀ ਧਰਤੀ ਉੱਤੇ ਵਿਚਰਦਿਆਂ ਮੇਰਾ ਅਨੁਭਵ ਹੈ ਕਿ ਮੇਰਾ ਹਰ ਨਵਾਂ ਦਿਨ ਇਕ ਕਹਾਣੀ ਨਾਲ ਸ਼ੁਰੂ ਹੁੰਦਾ ਹੈ। ਲੋੜ ਹੈ ਆਪਣੀ ਮਾਂ-ਬੋਲੀ ਵਿਚ ਇਸ ਅਨੁਭਵ ਨੂੰ ਪੇਸ਼ ਕਰਕੇ ਸਮਾਜ ਦੀ ਚੇਤੰਨਤਾ ਵਿਚ ਬਦਲਾਅ ਲਿਆਂਦਾ ਜਾਵੇ। ਸਾਹਿਤ ਤੇ ਸਮਾਜ ਦਾ ਗਹਿਰਾ ਸੰਬੰਧ ਹੈ। ਮੈਨੂੰ ਖ਼ੁਸ਼ੀ ਹੈ ਕਿ ਇਹ ਕਹਾਣੀਆਂ ਆਪਣੀ ਮਾਂ ਬੋਲੀ ਤੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾ ਸਕੀ ਹਾਂ। ਇਨ੍ਹਾਂ ਰਚਨਾਵਾਂ ਬਾਰੇ ਨਿਰਣਾ ਤਾਂ ਵਿਦਵਾਨ ਪਾਠਕਾਂ ਨੇ ਕਰਨਾ ਹੈ ਪਰ ਮੈਨੂੰ ਮੇਰੀ ਮੰਜ਼ਿਲ ਪ੍ਰਾਪਤ ਹੋ ਗਈ ਹੈ। ਮੈਨੂੰ ਵਿਸ਼ਵਾਸ ਹੈ ਮੈਂ ਇਸ ਦਿਸ਼ਾ ਵੱਲ ਹੋਰ ਵੀ ਕੰਮ ਕਰਾਂਗੀ।

ਮੈਂ ਪੰਜਾਬੀ ਲੇਖਿਕਾ ਡਾ. ਇਕਬਾਲ ਕੌਰ ਸੌਂਦ, ਪੰਜਾਬੀ ਕਹਾਣੀਕਾਰਾ ਸ੍ਰੀਮਤੀ

ਅਨਵੰਤ ਕੌਰ ਅਤੇ ਪੰਜਾਬੀ ਪ੍ਰਕਾਸ਼ਕ ਡਾ. ਬਿਕਰਮ ਸਿੰਘ ਘੁੰਮਣ ਦੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਪੁਸਤਕ ਬਾਰੇ ਆਪਣੀਆਂ ਰਾਵਾਂ ਵੀ ਪ੍ਰਗਟ ਕੀਤੀਆਂ ਤੇ ਇਸ ਕਹਾਣੀ-ਸੰਗ੍ਰਹਿ ਦੀ ਪ੍ਰਕਾਸ਼ਨਾ ਵਿਚ ਸਹਿਯੋਗ ਦਿੱਤਾ। ਸਾਡੇ ਪਰਿਵਾਰ ਦੇ ਹੋਣਹਾਰ ਬੇਟੇ ਹਿਮਾਂਸ਼ੂ ਚੌਧਰੀ ਨੇ ਇਸ ਪੁਸਤਕ ਦਾ ਸਰਵਰਕ ਬਣਾਉਣ ਵਿਚ ਬਹੁਤ ਦਿਲਚਸਪੀ ਲਈ, ਮੈਂ ਉਸ ਦੀ ਵੀ ਬਹੁਤ ਸ਼ੁਕਰਗੁਜ਼ਾਰ ਹਾਂ।

***ਸੁਰਿੰਦਰ ਕੌਰ***

**16, Broadway, Browns Mills**
**NJ, USA 08015,**
**Ph : 609 668 9653**
**E-mail : sursamsa@yahoo.com**



# ਦਾਦਣਾ ਕੜਾ

ਸਵੇਰੇ ਹੀ ਪਿੰਡ ਦੀ ਪੈਂਚਣੀਂ ਆਈ ਤੇ ਮੇਰੀ ਦਾਦੀ ਦੇ ਕੋਲ ਆ ਕੇ ਕਹਿੰਦੀ— "ਚਾਚੀ ਜੀ ! ਵਲੈਤੀਆਂ ਦੇ ਭੋਗ ਦਾ ਸੱਦਾ।" ਪੈਂਚਣੀਂ ਪਿੰਡ ਦੀ ਬਹੁਤ ਹੀ ਸਿਆਣੀ ਦਨਾਅ ਜਨਾਨੀ ਹੋਣ ਕਰਕੇ ਉਹਨੂੰ ਵਿਚਾਰੀ ਨੂੰ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਅ ਵੀ ਬੜੇ ਹੀ ਸਿਆਣੇ ਢੰਗ ਨਾਲ ਕਰਨਾ ਪੈਂਦਾ। ਹੌਲੀ ਜਿਹੀ ਵੀ ਉਹਨੇ ਤਾਂ ਹੀ ਕਿਹਾ ਕਿ ਕਿਤੇ ਹਾਅ ਹੀ ਨਾ ਪੈ ਜਾਵੇ ਕਿਉਂਕਿ ਵਲੈਤੀਏ ਭੋਗ ਉਸ ਵਕਤ ਹੀ ਪਾਉਂਦੇ ਹੁੰਦੇ ਨੇ ਜਦੋਂ ਉਹ ਅੰਦਰੋ-ਅੰਦਰੀ ਚੁੱਪ ਕੀਤੇ ਹੀ ਕਿਸੇ ਦੀ ਜ਼ਮੀਨ ਦੀ ਰਜਿਸਟਰੀ ਕਰਵਾ ਲੈਂਦੇ ਹਨ। ਵੇਚਣ ਵਾਲਾ ਸ਼ਰਮ ਦਾ ਮਾਰਾ ਹੀ ਨਹੀਂ ਦੱਸਦਾ। ਜ਼ਮੀਨ ਤਾਂ ਉਨ੍ਹਾਂ ਦੀ ਮਾਂ-ਭੈਣ ਦੇ ਸਮਾਨ ਹੁੰਦੀ ਹੈ ਪਰ ਜਦੋਂ ਨੱਕੋਂ-ਮੂੰਹੋਂ ਝੁੱਲ ਹੀ ਜਾਵੇ, ਕੋਈ ਚਾਰਾ ਹੀ ਨਾ ਚੱਲੇ, ਸਾਰੇ ਹੀਲੇ ਵਸੀਲੇ ਫੇਲ੍ਹ ਹੋ ਜਾਣ ਤਾਂ ਮਰਦਾ ਕੀ ਨਹੀਂ ਕਰਦਾ। ਫਿਰ ਕੋਈ ਜ਼ਮੀਨ ਵੇਚਦਾ।

ਇਹ ਪਹਿਲਾਂ ਵੀ ਕਈ ਵਾਰੀ ਹੋਇਆ। ਪਤਾ ਉਦੋਂ ਹੀ ਲੱਗਦਾ ਜਦੋਂ ਭਾਈ ਅਰਦਾਸ ਕਰਕੇ ਦੱਸਦਾ ਕਿ ਪਰਮਾਤਮਾ ਇਨ੍ਹਾਂ ਦੀ ਕਮਾਈ ਵਿਚ ਬਰਕਤ ਪਾਵੇ ਤੇ ਇਨ੍ਹਾਂ ਨੂੰ ਨਵਾਂ ਸੌਦਾ ਸੁਹੰਢਣਾ ਹੋਵੇ। ਵਲੈਤੀਆਂ ਦੀ ਬੁੜੀ ਵੀ ਸਿਆਣਪ ਵੱਲੋਂ ਪੈਂਚਣੀਂ ਦੀ ਮਾਂ ਸੀ। ਉਹਨੇ ਵੀ ਆਪਣੇ ਪੁੱਤਾਂ, ਨੂੰਹਾਂ, ਧੀਆਂ, ਪੋਤਰਿਆਂ ਨੂੰ ਸਮਝਾਇਆ ਹੁੰਦਾ ਕਿ ਬਾਹਰ ਗੱਲ ਨਾ ਕਰਿਓ, ਨਹੀਂ ਤਾਂ ਹਾਅ ਪੈ ਜਾਊ। ਬਸ ਅੰਦਰੋ-ਅੰਦਰ ਹੀ ਸਭ ਕੁਝ ਸਮੋਇਆ ਜਾਂਦਾ ਤੇ ਭਾਫ਼ ਭੋਗ ਦੀ ਅਰਦਸ ਵਿਚ ਹੀ ਕੱਢੀ ਜਾਂਦੀ।

ਅੱਜ ਵੀ ਪੈਂਚਣੀਂ ਹੌਲੀ ਜਿਹੀ ਭੋਗ ਦਾ ਸੱਦਾ ਦੇ ਕੇ ਮੇਰੀ ਮਾਂ ਜੀ ਨੂੰ ਕਹਿ ਗਈ— "ਕੀਤਾ ਹੋਣਾ ਫਿਰ ਕੋਈ ਸੌਦਾ-ਸੂਦਾ ਪਰ ਪਤਾ ਨਹੀਂ ਬੁੜੀ ਕਹਿੰਦੀ ਸੀ ਕਿ ਚਾਚੀ ਨੂੰ ਕਹੀਂ ਪਹਿਲਾਂ ਆ ਜਾਵੇ।" ਵਲੈਤੀਏ ਬਾਹਰ ਕੁਰੇ ਵਿਚ ਰਹਿੰਦੇ ਹੋਣ ਕਰਕੇ ਪਤਾ ਹੀ ਨਾ ਲੱਗਦਾ ਕਿ ਕਦੋਂ ਟਰਾਲੀ 'ਤੇ ਬਾਬਾ ਜੀ ਦੀ ਬੀੜ ਲੈ ਜਾਂਦੇ ਤੇ ਬਾਹਰੋਂ-ਬਾਹਰ ਹੀ ਸ਼ਹਿਰੋਂ ਸੌਦਾ-ਸੂਤ, ਚਾਨਣੀਆਂ, ਕਨਾਤਾਂ, ਕਰਾਕਰੀ, ਹਲਵਾਈ, ਨਾਇਣਾਂ—ਸਭ ਕਾਸੇ ਦਾ ਪ੍ਰਬੰਧ ਕਰ ਲੈਂਦੇ।

ਸਾਨੂੰ ਤੇ ਖ਼ੁਸ਼ੀ ਹੀ ਬਹੁਤ ਹੁੰਦੀ। ਜਾਂਦਿਆਂ ਨੂੰ ਬਦਾਨਾ, ਸੀਰਨੀ, ਸ਼ੱਕਰਪਾਰੇ ਖਾਣ ਨੂੰ ਮਿਲਦੇ ਫਿਰ ਵਧੀਆ ਰੋਟੀ, ਜਲੇਬੀਆਂ ਨਾਲ ਮਿਲਦੀ। ਤੁਰਨ ਲੱਗਿਆਂ ਨੂੰ ਵੀ ਉਨ੍ਹਾਂ ਦੀ ਬੁੜੀ ਮੇਰੀ ਦਾਦੀ ਦੀਆਂ ਦਿਲੋਂ ਵਧਾਈਆਂ ਤੋਂ ਖ਼ੁਸ਼ ਹੋ ਕੇ ਜਾਂ ਸਿਆਣੀ ਹੋਣ ਕਰਕੇ

ਜਾਂ ਅਸੀਂ ਵੀ ਉਸ ਨੂੰ ਬਹੁਤ ਪਿਆਰੇ ਲੱਗਦੇ ਸਾਂ, ਇਕ ਲਿਫ਼ਾਫ਼ਾ ਭਰ ਕੇ ਮਠਿਆਈ ਦਾ ਦੇ ਦੇਂਦੀ ਤੇ ਸ਼ਾਮ ਨੂੰ ਪੈਂਚਣੀਂ ਕੋਲ ਚੰਗੀ ਚੋਖੀ ਸਾਰੇ ਟੱਬਰ ਲਈ ਚੱਕਵੀਂ ਰੋਟੀ ਭੇਜ ਦੇਂਦੀ।

ਸੱਦਾ ਪਰਵਾਨ ਕਰਦਿਆਂ ਮੇਰੇ ਮਾਂ ਜੀ ਨੇ ਐਲਾਨ ਕਰ ਦਿੱਤਾ—“ਸਾਰੇ ਤਿਆਰ ਹੋ ਜਾਓ, ਆਪਾਂ ਵਲੈਤੀਆਂ ਦੇ ਘਰ ਭੋਗ ਤੋਂ ਪਹਿਲਾਂ ਅੱਪੜਨਾ ਹੈ।” ਸੋ ਅਸੀਂ ਛਾਲਾਂ ਮਾਰਦੇ ਇਕ ਦੂਜੇ ਤੋਂ ਪਹਿਲਾਂ ਤਿਆਰ ਹੋਣ ਲਈ ਘਰ ਵਿਚ ਭੁਚਾਲ ਲਿਆ ਦੇਂਦੇ। ਮੇਰੇ ਬੀਜੀ ਵਿਚਾਰੇ ਸਾਡੀਆਂ ਹਰਕਤਾਂ ਵੱਲ ਵੇਖਦੇ ਹੀ ਰਹਿੰਦੇ ਕਿਉਂਕਿ ਅਸੀਂ ਤੇ ਦਾਦੀ ਦੇ ਭੁਤਰਾਏ ਬਾਂਦਰ ਉਹਦੇ ਇਸ਼ਾਰਿਆਂ ’ਤੇ ਹੀ ਨੱਚਦੇ। ਫਿਰ ਹੌਲੀ ਜਿਹੀ ਮਾਂ ਜੀ ਕਹਿੰਦੇ—“ਆਪਣੀ ਮਾਂ ਨੂੰ ਵੀ ਕਹੋ ਕਿ ਤਿਆਰ ਹੋ ਜਾਵੇ।” ਪਰ ਦਿਲੋਂ ਉਹ ਚਾਹੁੰਦੀ ਹੋਣੀਂ ਕਿ ਇਹ ਨਾ ਹੀ ਜਾਵੇ। ਫਿਰ ਮੇਰੀ ਚੌਧਰ ਘਟਣੀ ਹੈ। ਕਿਤੇ ਕੱਲ੍ਹ ਨੂੰ ਇਹਨੂੰ ਪਤਾ ਲੱਗ ਗਿਆ ਤਾਂ ਆਪ ਹੀ ਨਾ ਤੁਰ ਪਵੇ ਤੇ ਦੂਜਾ ਮੈਂ ਕਿਵੇਂ ਖੁੱਲ੍ਹ ਕੇ ਗੱਲ ਕਰੂੰਗੀ। ਸੋ ਅਸੀਂ ਵੀ ਸਮਝਦੇ ਕਿ ਇਹਨੇ ਉਤਲੇ ਮਨੋਂ ਹੀ ਕਿਹਾ ਹੈ ਤੇ ਅਸੀਂ ਵੀ ਉਤਲੇ ਮਨੋਂ ਹੀ ਕਹਿੰਦੇ—“ਬੀ ਜੀ ! ਤੁਸੀਂ ਵੀ ਚਲੋ ਮਾਂ ਜੀ ਕਹਿੰਦੇ ਹਨ।” ਪਰ ਉਨ੍ਹਾਂ ਦੇ ਕੰਮ ਹੀ ਏਨੇ ਪਏ ਹੁੰਦੇ ਕਿ ਜੋ ਏਨੇ ਥੋੜ੍ਹੇ ਸਮੇਂ ਦੇ ਅਲਟੀਮੇਟਮ ਵਿਚ ਖ਼ਤਮ ਹੋਣੇ ਤਾਂ ਇਕ ਪਾਸੇ ਰਹੇ, ਢੱਕਣੇ, ਚੁੱਕਣੇ, ਥੱਲਣੇ ਵੀ ਮੁਸ਼ਕਲ ਹੁੰਦੇ। ਉਹ ਸਾਨੂੰ ਕੁਝ ਕੁ ਮੋਟੇ-ਮੋਟੇ ਗਿਣਾ ਦੇਂਦੇ—“ਪੁੱਤ ! ਮੱਝ ਨੂੰ ਪਾਣੀ ਪਿਆ ਕੇ ਛਾਵੇਂ ਬੰਨ ਕੇ ਪੱਠੇ ਪਾਉਣੇ ਹਨ। ਕੱਪੜੇ ਧੋਣੇ, ਸਫ਼ਾਈ ਕਰਨੀ, ਭਾਂਡਾ ਟੀਂਡਾ ਸਾਂਭਣਾ ਆਦਿ।” ਅਸੀਂ ਚੁੱਪ ਕਰ ਜਾਂਦੇ ਤੇ ਮਾਂ ਜੀ ਵੀ ਦੁਬਾਰਾ ਨਾ ਕਹਿੰਦੇ ਕਿਉਂਕਿ ਉਨ੍ਹਾਂ ਨੂੰ ਵੀ ਪਤਾ ਹੀ ਹੁੰਦਾ।

ਅਸੀਂ ਨਹਾ-ਧੋ ਕੇ ਬੀ ਜੀ ਦੇ ਦਿੱਤੇ ਵਧੀਆ ਕੱਪੜੇ—ਜਿਹੜੇ ਬੀ ਜੀ ਨੇ ਆਪ ਸਿਉਂ ਕੇ ਆਉਣ ਜਾਣ ਲਈ ਰੱਖੇ ਹੁੰਦੇ ਉਹ ਪਾ ਕੇ ਦਾਦੀ ਦੇ ਅੱਗੇ ਸਿਰ ਖੋਲ੍ਹ-ਖੋਲ੍ਹ ਕੇ ਹੋਈ ਜਾਂਦੇ। ਉਹ ਨੂੜ-ਨੂੜ ਕੇ ਮੇਰੇ ਦੋਹਾਂ ਭਰਾਵਾਂ ਦੇ ਜੂੜੇ ਕਰ ਦੇਂਦੇ ਤੇ ਦੋਹਾਂ ਭੈਣਾਂ ਦੀਆਂ ਘੁੱਟ ਕੇ ਗੁੱਤਾਂ ਕਰ ਦੇਂਦੇ। ਅਸੀਂ ਹੱਥ ਨਾਲ ਕੁਝ ਸਰਕਾ ਸਰਕਾ ਕੇ ਢਿੱਲੇ ਕਰਦੇ ਤਾਂ ਕਿ ਸਹਿ ਸਕੀਏ।

ਅਸੀਂ ਤਿਆਰ-ਬਰ-ਤਿਆਰ ਹੋ ਕੇ ਮਾਂ ਜੀ ਦੇ ਨਾਲ ਵਲੈਤੀਆਂ ਦੇ ਕੁਰੇ ਵੱਲ ਨੂੰ ਨਿਸ਼ਾਨਾ ਸੇਧ ਲਿਆ। ਪਹਿਲਾਂ ਪਿੰਡ ਦੀ ਗਲੀ, ਫਿਰ ਪਹਿਆ ਤੇ ਅਖ਼ੀਰ ਡੰਡੀ ਪੈ ਗਏ, ਜੋ ਕਿ ਸਾਡੇ ਲਈ ਸ਼ਾਰਟ-ਕੱਟ ਹੁੰਦੀ ਸੀ। ਜਦੋਂ ਕੋਈ ਜ਼ੋਰ ਦੀ ਘੱਟੇ ਵਿਚ ਪੈਰ ਮਾਰਦਾ ਤਾਂ ਮੇਰੇ ਮਾਂ ਜੀ ਸ਼ੇਰਨੀ ਵਾਂਗ ਗੱਜਦੇ—“ਬੰਦਿਆਂ ਵਾਂਗ ਤੁਰ।” ਜੇ ਕੋਈ ਦੌੜਦਾ ਤਾਂ ਕਹਿੰਦੇ—“ਦੜੰਗੇ ਮਾਰ ਕੇ ਪਸ਼ੂਆਂ ਵਾਂਗੂੰ ਨਾ ਤੁਰ।” ਸਾਨੂੰ ਕਹਿੰਦੇ—“ਸਿਰ ਕੱਜ ਕੇ ਰੱਖੋ, ਕਾਵਾਂ ਵਾਂਗੂੰ ਨੰਗੇ ਝਾਟੇ ਸੋਹਣੇ ਨਹੀਂ ਲੱਗਦੇ।”

ਕਰਦੇ ਕਰਾਉਂਦਿਆਂ ਅਸੀਂ ਉਨ੍ਹਾਂ ਦੀ ਬੰਬੀ ’ਤੇ ਪਹੁੰਚ ਹੀ ਗਏ। ਦੂਰੋਂ ਹੀ ਤੜਕਿਆਂ ਦੀਆਂ, ਪ੍ਰਸ਼ਾਦ ਦੀਆਂ ਤੇ ਧੂਫ਼ ਦੀਆਂ ਖ਼ੁਸ਼ਬੋਆਂ ਵੱਖੋ-ਵੱਖਰੀਆਂ ਦਿਸ਼ਾਵਾਂ ਵੱਲੋਂ ਆ ਰਹੀਆਂ ਸਨ। ਸਾਨੂੰ ਦੇਖ ਕੇ ਉਨ੍ਹਾਂ ਦੀ ਬੁੜੀ, ਜਿਸ ਨੂੰ ਸਾਰਾ ਪਿੰਡ ਹੀ ਬੁੜੀ ਕਹਿੰਦਾ



ਤੇ ਅਸੀਂ ਮਾਂ ਜੀ ਕਹਿੰਦੇ—ਉਹ ਅਗਲਵਾਂਡੇ ਹੋ ਸਾਡੇ ਸਿਰਾਂ ’ਤੇ ਪਿਆਰ ਦੇਂਦੀ ਨੇ ਜਿਊਂਦੇ ਰਹਿਣ ਦੀਆਂ ਅਸੀਸਾਂ ਦਿੱਤੀਆਂ। ਮਾਂ ਜੀ ਨੂੰ ਧਾਹ ਕਰਕੇ ਜੱਫੀ ਪਾ ਲਈ—“ਆਉ ਭੈਣ ਜੀ ! ਆਉ ਭੈਣ ਜੀ ! ਜੀ ਆਇਆਂ ਨੂੰ। ਮੇਰੀਆਂ ਤਾਂ ਅੱਖਾਂ ਹੀ ਪੱਕ ਗਈਆਂ, ਕਦੋਂ ਮੇਰੀ ਭੈਣ ਆਊ ਤੇ ਵੇਹੜਾ ਭਰੂ।”

ਸਾਨੂੰ ਸਾਰਿਆਂ ਨੂੰ ਮਾਂ ਜੀ ਨੇ ਮਿਲਣ ਤੋਂ ਵਿਹਲੇ ਹੋ ਕੇ ਜੁੱਤੀਆਂ ਲਾਹ ਕੇ ਹੱਥ ਧੋਣ ਲਈ ਕਿਹਾ ਤੇ ਆਪ ਭਾਨ ਕੱਢਣ ਲੱਗ ਪੈਂਦੇ। “ਐਤਕੀਂ ਤੇ ਤੁਹਾਡੀ ਮਾਂ ਨੇ ਬੋਝਾ ਵੀ ਛੋਟਾ ਲਾਇਆ, ਕਿਤੇ ਹੱਥ ਵੀ ਛੇਤੀ ਨਹੀਂ ਨਿਕਲਦਾ।” ਫੋਲ ਕੇ, ਕੱਢ ਕੇ ਸਾਡੇ ਹੱਥਾਂ ’ਤੇ ਦਸੀਆਂ, ਪੰਜੀਆਂ ਜੋ ਹੱਥ ਆਉਂਦਾ ਰੱਖ ਦਿੱਤਾ ਤੇ ਨਾਲ ਹੀ ਹੱਥ ਨਾਲ ਪਿੱਛੇ ਰਹਿਣ ਦਾ ਸੰਕੇਤ ਦਿੱਤਾ। ਅਸੀਂ ਵੀ ਬਹੁਤ ਹੀ ਬੀਬੇ ਬਚੂੰਗੜੇ ਬਣ ਕੇ ਪਿੱਛੇ-ਪਿੱਛੇ ਹੌਲੀ-ਹੌਲੀ ਜਾ ਕੇ ਵਾਰੀ ਸਿਰ ਮੱਥਾ ਟੇਕਿਆ ਤੇ ਬੈਠਕ ਵਿਚੋਂ ਦੀ ਮਾਂ ਜੀ ਦੇ ਖੁੱਲ੍ਹੇ ਦਲਾਨ ਵਿਚ ਵਿਛੀਆਂ ਦਰੀਆਂ ’ਤੇ ਬੈਠ ਗਏ। ਮਾਂ ਜੀ ਤਾਂ ਅੱਖਾਂ ਮੀਟ ਕੇ ਪਾਠ ਦੇ ਸਲੋਕਾਂ ਵਿਚ ਗੁਆਚ ਗਏ ਤੇ ਅਸੀਂ ਬੁੜੀ ਦੇ ਖੂੰਜਿਆਂ ਵਿਚ ਵੱਡੇ ਵੱਡੇ ਲੱਕੜ ਦੇ ਸੰਦੂਕਾਂ ਵੱਲ ਤੇ ਕਦੇ ਕੰਧ ਉੱਤੇ ਲੱਗੀਆਂ ਫੋਟੋਆਂ ਵੱਲ ਵੇਖੀ ਜਾਈਏ ਤੇ ਕਦੇ ਬੁੜੀ ਨੂੰ ਲੱਭਦੇ ਫਿਰੀਏ। ਮੈਂ ਬਾਹਰ ਬਾਰੀ ਥਾਣੀਂ ਵੇਖਿਆ ਤਾਂ ਬੁੜੀ ਆਪਣੇ ਪੰਜਾਂ ਪੋਤਰਿਆਂ ਤੇ ਤਿੰਨਾਂ ਪੋਤਰੀਆਂ ਵਿਚ ਘਿਰੀ ਹੌਲੀ-ਹੌਲੀ ਖੀਸੇ ਵਿਚੋਂ ਕੁਝ ਟਟੋਲਦੀ ਤੁਰੀ ਆ ਰਹੀ ਸੀ।

ਪਹਿਲਾਂ ਤਾਂ ਉਹ ਦਲਾਨ ਦੇ ਤੀਜੇ ਹਿੱਸੇ ਵਿਚ ਬੈਠੀ ਸਾਧ ਸੰਗਤ ਨਾਲ ਮੁਸਕਰਾਈ ਤੇ ਫਿਰ ਵੱਡੇ ਸੰਦੂਕ ਨੂੰ ਲੱਗੇ ਸੇਰ ਪੱਕੇ ਦੇ ਜਿੰਦਰੇ ਨੂੰ ਚਾਬੀ ਲਾਉਣ ਲੱਗ ਪਈ।

ਨਿਆਣਿਆਂ ਨੂੰ ਉੱਤੇ ਚੜ੍ਹਨ ਤੋਂ ਵਰਜਦੀ ਕਹਿ ਰਹੀ ਸੀ—“ਚਲੋ ਪਿੱਛੇ ਹਟੋ, ਮੈਨੂੰ ਕਮਲ ਨਾ ਪਾਓ” ਤੇ ਉਹ ਪਿੱਛੇ ਹੋ ਕੇ ਖਲੋ ਗਏ। ਪਹਿਲਾਂ ਉਹਨੇ ਆਪਣੇ ਪੰਜਾਂ ਪੋਤਿਆਂ ਲਈ ਨਵੇਂ ਨਕੋਰ ਚਮਕਦੇ ਸੋਨੇ ਦੇ ਪੰਜ ਬਰੇਸਲਟ ਕੱਢੇ ਤੇ ਛੋਟੇ-ਵੱਡੇ ਵੇਖ ਕੇ ਬੜੇ ਹੀ ਧਿਆਨ ਨਾਲ ਉਨ੍ਹਾਂ ਨੂੰ ਫੜਾਏ। ਫਿਰ ਪੋਤੀਆਂ ਦੀਆਂ ਚੇਨੀਆਂ ਕੱਢ ਕੇ ਉਨ੍ਹਾਂ ਨੂੰ ਫੜਾਈਆਂ। ਉਹ ਇਕ ਦੂਜੇ ਕੋਲੋਂ ਘੁੰਡੀਆਂ ਮਰਵਾਉਂਦੀਆਂ ਸਨ ਤੇ ਮੁੰਡੇ ਮਟਕਾ ਮਟਕਾ ਕੇ ਗੁੱਟ ਵੇਖਦੇ ਖਿੰਡ ਪੁੰਡ ਗਏ।

ਬੁੜੀ ਅਜੇ ਵੀ ਕੁਝ ਲੱਭ ਰਹੀ ਸੀ। ਅੰਤ ਉਹਨੇ ਵੀ ਵਾਹਵਾ ਮੋਟਾ ਕੜਾ ਕੱਢ ਕੇ ਬਾਂਹ ਵਿਚ ਅੰਦਰ ਹੀ ਹੱਥ ਵਾੜ ਕੇ ਪਾ ਲਿਆ।

ਕੜਾ ਪਾ ਕੇ ਜਾਣ ਕੇ ਕਫ਼ ਨੂੰ ਅਗਾਂਹ-ਪਿਛਾਂਹ ਕਰਦੀ ਮੁਸਕਰਾਉਂਦੀ ਦਾਨਿਆਂ-ਪਰਧਾਨਿਆਂ ਵਾਂਗੂੰ ਮੇਰੇ ਮਾਂ ਜੀ ਕੋਲ ਆ ਕੇ ਬੈਠ ਗਈ ਤੇ ਅਸੀਂ ਸਾਰੇ ਉਹਦੇ ਕੜੇ ਵੱਲ ਹੀ ਵੇਖੀਏ। ਮੇਰੇ ਮਾਂ ਜੀ ਨੇ ਕੜੇ ਵਾਲੀ ਬਾਂਹ ਫੜ ਲਈ।

“ਆਹ ਤੇ ਵਾਹਵਾ ਸਬਰਕੱਤਾ ਇਕੋ ਹੀ ਬਣਵਾ ਲਿਆ”, ਜਿਹੜਾ ਵਾਹਵਾ ਹੀ ਨਿੱਗਰ ਸੀ। ਬੁੜੀ ਦੱਸਣ ਲੱਗੀ—“ਆਹੋ ਭੈਣ ਜੀ ! ਦਾਦਣੇਂ ਕੜੇ ਦੇ ਹੀ ਤਾਂ ਸਾਰੇ ਪੁਆੜੇ ਨੇ। ਭੈਣ ਜੀ, ਇਹ ਵੀ ਲੰਮੀ ਕਹਾਣੀ ਹੈ, ਤੈਨੂੰ ਕੀ ਦੱਸਾਂ।” ਨਾਲ ਹੀ ਵਿਚਾਰੀ ਦਾ ਹੌਕਾ ਨਿਕਲ ਗਿਆ। ਤੇ ਚੁੱਪ ਕਰਕੇ ਮੂੰਹ ਘੁੱਟ ਕੇ ਐਨਕਾਂ ਲਾਹ ਕੇ ਆਪਣੇ ਚਿਕਨ

ਦੇ ਚਿੱਟੇ ਲੀੜੇ ਨਾਲ ਅੱਖਾਂ ਪੂੰਝਣ ਲੱਗ ਪਈ—"ਭੈਣ ਜੀ ਕੀ ਦੱਸਾਂ ਕਾਲਜਾ ਪਾਟ ਜਾਂਦਾ ਹੈ। ਜਦੋਂ ਚੇਤਾ ਆਉਂਦਾ ਚੰਦਰੇ ਵਿਛੋੜੇ ਦਾ ਤਾਂ ਦਿਲ ਥੰਮਿਆ ਨਹੀਂ ਜਾਂਦਾ।" ਤੇ ਉਹ ਉੱਚੀ ਉੱਚੀ ਹੌਕੇ ਲੈ-ਲੈ ਕੇ ਰੋਣ ਲੱਗ ਪਈ। ਮੇਰੇ ਮਾਂ ਜੀ ਨੇ ਮੈਨੂੰ ਭਜਾਇਆ ਕਿ ਜਾਹ ਭੱਜ ਕੇ ਠੰਡੇ ਪਾਣੀ ਦਾ ਗਲਾਸ ਲਿਆ ਤੇ ਆਪ ਉਹਦੇ ਮੋਢਿਆਂ 'ਤੇ ਹੱਥ ਰੱਖ ਕੇ ਕਹਿਣ ਲੱਗੇ—"ਭੈਣ ਜੀ! ਹੌਸਲਾ ਕਰੋ, ਮੇਰੇ ਵੱਲ ਵੇਖੋ ਸਾਰਾ ਕੁਝ ਢਿੱਡ ਵਿਚ ਹੀ ਲਈ ਫਿਰਦੀ ਹਾਂ। ਮੇਰਾ ਕਿਹੜਾ ਦਿਲ ਕਰਦਾ ਸੀ ਕਿ ਇਕੋ ਇਕ ਤਾਂ ਸੀ ਉਹਨੂੰ ਵੀ ਪਰਦੇਸੀਂ ਤੋਰ ਦਿੱਤਾ। ਭੈਣੇ! ਉਹ ਤੇ ਕਦੇ ਇਕ ਰਾਤ ਵੀ ਘਰਦਿਆਂ ਤੋਂ ਬਗ਼ੈਰ ਨਹੀਂ ਸੀ ਰਿਹਾ ਬਾਹਰ ਤੇ ਹੁਣ ਗਏ ਨੂੰ ਸੱਤ ਸਾਲ ਹੋ ਗਏ ਆ। ਹੁਣ ਇਨ੍ਹਾਂ ਜਵਾਕਾਂ ਨੂੰ ਹਿੱਕ ਨਾਲ ਲਾਈ ਫਿਰਦੀ ਆਂ।"

ਮੈਨੂੰ ਵੀ ਆਪਣੇ ਡੈਡੀ ਦਾ ਵਿਛੋੜਾ ਅੰਦਰ ਤਕ ਚੀਰ ਗਿਆ। ਮਾਂ ਜੀ ਦੀ ਗੱਲ ਸੁਨਣ ਲੱਗ ਪਈ—"ਇਹ ਢਿੱਡ ਚੰਦਰੇ ਵੱਡੇ ਹੋ ਗਏ ਜਿਹੜੇ ਭਰਨ ਵਿਚ ਹੀ ਨਹੀਂ ਆਉਂਦੇ।" ਸਾਡੇ ਉਦਾਸ ਮੂੰਹਾਂ ਵੱਲ ਵੇਖ ਕੇ ਤੇ ਮੇਰੇ ਮਾਂ ਜੀ ਦੀ ਗੱਲ ਸੁਣ ਕੇ ਉਹ ਚੁੱਪ ਤੇ ਹੋ ਗਈ ਨਾਲ ਹੀ ਕਹਿੰਦੀ—"ਚਲੋ ਭੈਣ ਜੀ! ਕਿਤੇ ਮਿਲ ਕੇ ਬਹਿ ਕੇ ਕਰਾਂਗੀਆਂ ਦੁਖ-ਸੁਖ ਸਾਂਝਾ। ਹੁਣ ਤੇ ਖ਼ੁਸ਼ੀ ਦਾ ਮੌਕਾ ਹੈ ਜੇ ਮੇਰੇ ਪੁੱਤ ਨੇ ਵੇਖ ਲਿਆ ਤਾਂ ਉਹ ਵੀ ਦਿਲ ਭੈੜਾ ਕਰੂ। ਚਲੋ, ਜੀਊਂਦੇ ਰਹਿਣ ਜਿਥੇ ਵੀ ਹੋਣ। ਸਵਰਗੀਂ ਵਾਸਾ ਹੋਵੇ ਉਹਦਾ ਵਿਚਾਰੇ ਦਾ।"

ਗੋਡਿਆਂ ਉੱਤੇ ਹੱਥ ਰੱਖ ਕੇ ਉੱਚੀ ਸਾਰੀ 'ਹਾਏ ਰੱਬਾ' ਕਹਿ ਕੇ ਉੱਠ ਪਈ ਤੇ ਆਪਣੀਆਂ ਦੋਹਾਂ ਨੂੰਹਾਂ ਨੂੰ ਜੋ ਚੌਂਕੇ ਵਿਚ ਕੰਮ ਕਰਵਾ ਰਹੀਆਂ ਸੀ, ਉਨ੍ਹਾਂ ਨੂੰ ਹੋਰ ਹਦਾਇਤਾਂ ਦੇਣ ਚਲੇ ਗਈ। ਮੇਰੀ ਨਜ਼ਰ ਤਾਂ ਉਹਦੇ 'ਤੇ ਹੀ ਟਿਕੀ ਹੋਈ ਸੀ। ਉਹ ਬਾਹਰ ਬਰਾਂਡੇ ਵਿਚ ਖੜ੍ਹੀ ਸੀ ਕਿ ਉਹਦਾ ਪੁੱਤ ਬਹੁਤ ਹੀ ਉਦਾਸ ਜਿਹਾ ਮੂੰਹ ਲਮਕਾਈ ਉਹਦੇ ਵੱਲ ਆ ਕੇ ਕੁਝ ਕਹਿਣ ਲੱਗ ਪਿਆ। ਮੈਂ ਬਹੁਤ ਹੀ ਸੁਣਨ ਦੀ ਕੋਸ਼ਿਸ਼ ਕੀਤੀ ਪਰ ਇੰਨਾ ਹੀ ਸੁਣ ਸਕੀ—"ਮਾਂ ਜੀ! ਵੀਰਾਂ ਤੋਂ ਬਿਨਾਂ ਕੁਝ ਵੀ ਚੰਗਾ ਨਹੀਂ ਲੱਗਦਾ।" ਬੁੜੀ ਉਹਦਾ ਮੱਥਾ ਚੁੰਮ ਰਹੀ ਸੀ।

ਮੈਂ ਉਡੀਕਣ ਲੱਗੀ ਕਿ ਕਦੋਂ ਉਹ ਦਿਨ ਆਊ ਜਦੋਂ ਫਿਰ ਮੇਰੇ ਮਾਂ ਜੀ ਤੇ ਵਲੈਤੀਆਂ ਦੀ ਬੁੜੀ ਇਕੱਠੀਆਂ ਹੋਣਗੀਆਂ ਤੇ ਦੁੱਖ-ਸੁਖ ਸਾਂਝਾ ਕਰਨਗੀਆਂ ਤੇ ਮੈਂ ਵੀ ਉਸ ਦਾਦਣੇਂ ਕੜੇ ਦੀ ਗੱਲ ਸੁਣੂੰ। ਜਿਸ ਦੇ ਉਹ ਕਹਿੰਦੀ ਸੀ ਸਾਰੇ ਪੁਆੜੇ ਨੇ। ਜੇ ਨਾ ਹੁੰਦਾ ਤਾਂ ਉਹ ਨਾ ਹੀ ਜਾਂਦਾ। ਉਡੀਕਦਿਆਂ-ਉਡੀਕਦਿਆਂ ਉਹ ਦਿਨ ਆ ਹੀ ਗਿਆ ਕਿ ਉਹ ਆਪਣੀ ਪੋਤਰੀ ਨਾਲ ਸ਼ੀਸ਼ੀ ਵਿਚ ਤੇਲ ਲੈ ਕੇ ਚੁੱਪ ਸ਼ਾਹ ਦੇ ਦੀਵੇ ਵਿਚ ਤੇਲ ਪਾਉਣ ਆ ਗਈ। ਕਹਿੰਦੀ—"ਅੱਗੇ ਤੇ ਮੈਂ ਕਸ਼ਮੀਰ ਨਾਲ ਸਕੂਟਰ 'ਤੇ ਹੀ ਆ ਕੇ ਪਾ ਜਾਂਦੀ ਸੀ। ਪਰ ਅੱਜ ਮੈਂ ਸੋਚਿਆ ਕਿ ਨਾਲੇ ਤੇ ਤੇਲ ਪਾ ਆਊਂ, ਨਾਲੇ ਭੈਣ ਨੂੰ ਮਿਲ ਆਊਂ।" ਆ ਕੇ ਮਿਲ ਕੇ, ਮੇਰੇ ਬੀਜੀ ਤੋਂ ਚਿੱਠੀ ਪੱਤਰ ਪੁੱਛ ਕੇ ਸਾਡੇ ਸਾਰਿਆਂ ਦੇ ਸਿਰਾਂ ਤੇ ਪਿਆਰ ਦੇ ਕੇ ਬਹਿ ਗਈ। "ਭੈਣ ਜੀ! ਪਾਣੀ ਤਾਂ ਮੈਂ ਪੀ ਲੈਂਦੀ ਹਾਂ ਪਰ ਚਾਹ ਆ



ਕੇ ਪੀਵਾਂਗੀ।"

"ਆਪਾਂ ਪਹਿਲਾਂ ਤੇਲ ਪਾ ਆਈਏ।" ਮੈਂ ਵੀ ਜੁੱਤੀ ਪਾ ਕੇ ਚੁੰਨੀ ਲੈ ਕੇ ਤਿਆਰ ਹੋ ਗਈ। ਉਹਦੀ ਪੋਤੀ ਤਾਂ ਘਰੇ ਹੀ ਮੇਰੀ ਭੈਣ ਕੋਲ ਰਹਿ ਗਈ ਪਰ ਮੈਂ ਤੇ ਗੱਲ ਸੁਣਨੀ ਸੀ। ਸੋ ਉਨ੍ਹਾਂ ਦਾ ਪਰਛਾਵਾਂ ਬਣ ਕੇ ਤੁਰ ਗਈ। "ਭੈਣ ਜੀ! ਜਦੋਂ ਚਰਨ ਦਾ ਬਾਪੂ ਗਿਆ। ਓਦੋਂ ਚਰਨ ਤੇਰਾਂ ਸਾਲਾਂ ਦਾ ਸੀ, ਕਰਮ ਦਸਾਂ ਦਾ, ਦੀਪ ਅੱਠਾਂ ਦਾ ਸੀ। ਇਹ ਉਜਾੜਿਆਂ ਤੋਂ ਅੱਠ ਦਸ ਵਰ੍ਹੇ ਪਿੱਛੋਂ ਦੀ ਗੱਲ ਹੈ। ਜਿਥੇ ਅਸੀਂ ਰਹਿੰਦੇ ਸੀ, ਜੰਟ (ਏਜੰਟ) ਆਇਆ ਕਿ ਸਤਾਰਾਂ ਸੌ ਰੁਪਏ ਦਿਓ ਤੇ ਮੈਂ ਭਾਅ ਨੂੰ ਵਲੈਤ ਪਹੁੰਚਾ ਦੇਵਾਂ। ਭਾਅ ਤੇ ਪਹਿਲਾਂ ਹੀ ਥੱਕਿਆ ਟੁੱਟਿਆ ਪਿਆ ਸੀ। ਉਹ ਤੇ ਮੇਰੇ ਨਾਲ ਸਲਾਹ ਕੀਤੇ ਤੋਂ ਬਿਨਾਂ ਹੀ ਕਹਿੰਦਾ—ਚੱਲ ਗੱਲ ਪੱਕੀ, "ਕਰ ਤਿਆਰੀ" ਭੈਣ ਜੀ ਨਾ ਪਤਾ ਨਾ ਥਹੁ, ਪੰਦਰਾਂ ਦਿਨ ਕੀ ਹੁੰਦੇ। ਬਾਹਰੋਂ ਬਾਹਰ ਹੀ ਪੈਸੇ ਫੜ ਲਏ। ਮੈਨੂੰ ਓਦਣ ਹੀ ਪਤਾ ਲੱਗਾ ਜਿੱਦਣ ਜਲੰਧਰੋਂ ਗੱਡੀ ਬਹਿਣਾ ਸੀ। ਮੇਰੀ ਜ਼ਿਦ ਕਰਨ 'ਤੇ ਮੰਨ ਗਏ ਕਿ ਚੱਲ, ਚੱਲ ਪਉ ਨਾਲ ਮੇਰਾ ਭਰਾ ਬੰਸਾ ਸੀ, ਮੈਂ ਸੀ, ਚਰਨ ਸੀ ਤੇ ਉਹ ਆਪ। ਮਾਂ ਨੂੰ ਘਰ ਨਿਆਣਿਆਂ ਕੋਲ ਛੱਡ ਕੇ ਝੋਲੇ 'ਚ ਕੱਪੜੇ ਪਾ ਕੇ ਬੱਸੇ ਚੜ੍ਹ ਗਏ।" ਨਾਲ ਹੀ ਵੱਡਾ ਸਾਰਾ ਹੌਕਾ ਲੈ ਕੇ ਕਹਿੰਦੀ—"ਭੈਣ! ਪਤਾ ਨਹੀਂ ਸੀ। ਹਾਏ ਪਤਾ ਨਹੀਂ ਸੀ ਇਹੀ ਮਿਲਣੀ ਆਖ਼ਰੀ ਹੈ। ਨਹੀਂ ਤਾਂ ਜਾਣ ਨਾ ਦਿੰਦੀ। ਮੈਂ ਤੱਤੀ ਉਹ ਦਿਨ ਮੁੜ ਕੇ ਨਾ ਆਇਆ। ਅਸੀਂ ਜਲੰਧਰ ਗਏ ਜੰਟ ਨੇ ਹੀ ਲਾਗੇ ਕਬਾੜੀਆਂ ਦੀ ਦੁਕਾਨ ਤੋਂ ਇਕ ਕੋਟ ਲੈ ਤਾ, ਉਹ ਉਹਨੇ ਪਾ ਲਿਆ। ਫਿਰ ਕਹਿੰਦਾ—ਭਾਅ! ਪੈਸੇ ਕੁਝ ਘਟਦੇ ਆ। ਨਹੀਂ ਤਾਂ ਕੁਝ ਕਰੀਏ ਚਾਰਾ, ਇਹ ਤਾਂ ਹੋਰ ਮੰਗਦੇ ਆ ਕਿ ਦਿੱਲੀ ਤਕ ਦਾ ਖਰਚ ਹੋਰ ਦਿਉ, ਉਹ ਪਹਿਲੇ ਪੈਸਿਆਂ ਦੇ ਵਿਚ ਨਹੀਂ ਹੈ।"

ਭਾਅ ਸੋਚੀਂ ਪੈ ਗਿਆ ਤੇ ਬੰਸ ਮੇਰੀ ਬਾਹ ਵੱਲ ਵੇਖ ਕੇ ਕਹਿੰਦਾ—ਮੇਰਾ ਭਰਾ ਚੰਦਰਾ। "ਨੀ ਬੰਸੋ! ਜਾ ਲਾਹ ਕੜਾ ਤੇ ਮੈਂ ਤਾਂ ਸ਼ਸੋਪੰਜੀ ਹੋ ਗਈ। ਇਹ ਤਾਂ ਉਜਾੜਿਆਂ ਵਿਚ ਮੈਂ ਆਪਣੀ ਮਰੀ ਮਾਂ ਦੇ ਹੱਥੋਂ ਲਾਹਿਆ ਸੀ ਤੇ ਹੁਣ ਇਹੀ ਨਿਸ਼ਾਨੀ ਹੈ। ਪਤਾ ਤੇ ਬੰਸ ਨੂੰ ਵੀ ਹੈ ਪਰ ਇਮਤਿਹਾਨ ਦੀ ਘੜੀ ਸੀ। ਸੋ ਮੈਂ ਕੜਾ ਲਾਹੁਣ ਲੱਗ ਪਈ। ਭੈਣ ਜੀ ਕੜਾ ਲਾਹੁਣ ਲੱਗਿਆਂ ਮੇਰੇ ਹੱਥੋਂ ਤਿਲਕ ਕੇ ਰਿੜ ਕੇ ਦੁਕਾਨ ਦੇ ਅੱਗੇ ਨਾਲੀ ਵਿਚ ਡਿੱਗ ਪਿਆ। ਜਿਉਂ ਹੀ ਡਿੱਗਾ ਬੰਸ, ਇਹ ਆਪ—ਸਾਰੇ ਗੰਦੇ ਗਾਰੇ ਵਿਚ ਹੱਥ ਮਾਰਨ ਪਰ ਲੱਭੇ ਹੀ ਨਾ। ਅਖ਼ੀਰ ਪਤਾ ਨਹੀਂ ਕੀ ਮਨ ਵਿਚ ਅਗਲਿਆਂ ਦੇ ਆਈ ਉਹ ਕਹਿੰਦੇ—ਚਲੋ ਕੋਈ ਨਹੀਂ ਜੰਟਾ! ਚੱਲ ਤੂੰ ਭਾਈਏ ਨੂੰ ਬਹਾ ਗੱਡੀ, ਆਪਾਂ ਲੇਟ ਨਾ ਹੋਈਏ। ਇਹ ਲੱਭ ਹੀ ਲੈਣਗੇ।" ਨਾ ਤੇ ਭੈਣ ਜੀ ਮੈਂ ਕੋਈ ਵਿਚਾਰੇ ਨਾਲ ਗੱਲ ਕੀਤੀ ਨਾ ਬਾਤ, ਨਾ ਪੁੱਛਿਆ ਨਾ ਦੱਸਿਆ ਤੇ ਉਹ ਵਿਚਾਰਾ ਸਾਊ ਗਾਂ ਵਾਂਗ ਉਨ੍ਹਾਂ ਦੇ ਨਾਲ ਚਲਾ ਗਿਆ।"

ਅੱਖਾਂ ਪੂੰਝਦੀ ਮੁੜ ਕਹਿਣ ਲੱਗੀ—"ਅਸੀਂ ਬਥੇਰੇ ਹੱਥ ਪੈਰ ਮਾਰੇ ਪਰ ਕੜਾ ਗੁਆਚ ਹੀ ਗਿਆ। ਫਿਰ ਉਹਨੇ ਜਾ ਕੇ ਭੈਣ ਜੀ ਬੜੀ ਕਮਾਈ ਕੀਤੀ। ਆਪ ਨਹੀਂ ਆਇਆ

ਪਰ ਵੱਡੇ ਦੋਵੇਂ ਮੁੰਡੇ ਸੱਦ ਲਏ। ਅਜੇ ਇਨ੍ਹਾਂ ਨੂੰ ਗਿਆਂ ਨੂੰ ਦੋ ਵਰ੍ਹੇ ਵੀ ਨਹੀਂ ਹੋਏ ਕਿ ਆਪਣਾ ਉਹਦਾ ਐਕਸੀਡੈਂਟ ਹੋ ਗਿਆ ਤੇ ਬਾਹਰੇ ਦਾ ਬਾਹਰ ਹੀ ਰਹਿ ਗਿਆ ਤੇ ਮੇਰੇ ਪੁੱਤ ਕਹਿਣ "ਮਾਂ ਜੀ ! ਬਾਪੂ ਤੇਰੇ ਕੜੇ ਦਾ ਬਹੁਤ ਫ਼ਿਕਰ ਕਰਦਾ ਸੀ। ਸਾਨੂੰ ਜਾਂਦਿਆਂ ਨੂੰ ਕਹੇ, ਮੈਨੂੰ ਚਿੱਠੀ ਵਿਚ ਪਤਾ ਤੇ ਲੱਗ ਗਿਆ ਸੀ ਕਿ ਉਹ ਲੱਭਾ ਨਹੀਂ ਪਰ ਦੱਸੋ ਤੁਹਾਡੀ ਮਾਂ ਬਹੁਤਾ ਫ਼ਿਕਰ ਤੇ ਨਹੀਂ ਸੀ ਕਰਦੀ।" ਸੋ ਹੁਣ ਮੇਰੇ ਕੋਲ ਇਕ ਉਹਦਾ ਕੜਾ ਹੈ ਜਿਹੜਾ ਮੇਰਾ ਪੁੱਤ ਜਦੋਂ ਆਇਆ, ਲੈ ਕੇ ਆਇਆ ਕਿ ਇਹ ਬਾਪੂ ਤੇਰੇ ਲਈ ਛੱਡ ਗਿਆ ਸੀ। ਕਹਿੰਦਾ ਸੀ, "ਪੁੱਤ ! ਮੈਂ ਪਰਦੇਸੀ ਹਾਂ। ਪਰਦੇਸੀਆਂ ਦੀ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ। ਅਬਲ ਤਾਂ ਮੈਂ ਆਪ ਜਾ ਕੇ ਤੁਹਾਡੀ ਮਾਂ ਦੇ ਹੱਥ ਪਾਊਂ ਪਰ ਜੇ ਕਿਤੇ ਮੈਂ ਨਾ ਵੀ ਹੋਇਆ ਤਾਂ ਇਹ ਮੈਂ ਪਹਿਲੇ ਪੈਸਿਆਂ ਦਾ ਉਹਦੇ ਲਈ ਲਿਆ ਸੀ।" ਅੱਜ ਮੈਨੂੰ ਪਤਾ ਲੱਗਾ ਕਿ ਇਹ ਵਿਚਾਰੀ ਬੁੜੀ ਰੋਂਦੀ ਕਿਉਂ ਸੀ ਦਾਦਣੇਂ ਕੜੇ ਨੂੰ ਹੱਥ ਲਾ-ਲਾ ਕੇ।

—



# ਦੂਰੋਂ ਸੁਹਾਵਣੇ

ਅੱਜ ਮੌਸਮ ਬਹੁਤ ਸੁਹਾਵਣਾ ਹੋਣ ਕਰਕੇ ਮੇਰੀ ਡਾਇਰੈਕਟਰ ਨੇ ਮੈਨੂੰ ਆਉਂਦਿਆਂ ਹੀ ਫ਼ੋਨ ਕਰਕੇ ਬੁਲਾ ਲਿਆ। ਕਹਿੰਦੀ, "ਜੇ ਅੱਜ ਆਪਾਂ ਹਾਲ ਆਫ਼ ਜਸਟਿਸ ਦੇ ਵਿਹੜੇ ਵਿਚ ਕਿਤਾਬਾਂ ਹੀ ਵੇਚ ਲਈਏ।"

ਮੈਂ ਕਿਹਾ—"ਠੀਕ ਹੈ, ਇਹ ਤੇ ਬਹੁਤ ਹੀ ਚੰਗੀ ਗੱਲ ਹੈ। ਸਾਨੂੰ ਕਰਨਾ ਹੀ ਚਾਹੀਦਾ ਹੈ।"

ਅੰਨ੍ਹਾ ਕੀ ਭਾਲੇ ਦੋ ਅੱਖਾਂ। ਮੈਂ ਵੀ ਤਾਂ ਆਮ ਲੋਕਾਂ ਵਿਚ ਜਾਣ ਲਈ ਦਿਲੋਂ ਹੀ ਚਾਹੁੰਦੀ ਸੀ। ਸੋ ਮੈਂ ਉਸੇ ਵੇਲੇ ਹੀ ਆਪਣੇ ਦਿਮਾਗ਼ ਵਿਚ ਯੋਜਨਾ ਬਣਾ ਲਈ ਕਿ ਪਹਿਲਾਂ ਮੈਂ ਲਾਇਬ੍ਰੇਰੀ ਦਾ ਬੈਨਰ ਤੇ ਪੋਸਟਰ ਬਣਾਵਾਂ। ਇਸ ਲਈ ਮੈਂ ਕੰਪਿਊਟਰ 'ਤੇ ਬੈਠ ਗਈ। ਲਾਇਬ੍ਰੇਰੀ ਦਾ ਨਾਮ ਲਿਖ ਕੇ ਬੁੱਕ ਸੇਲ ਦਾ ਬੈਨਰ ਮਾਈਕ੍ਰੋਸੌਫ਼ਟ ਪਬਲਿਸ਼ਰਜ਼ 'ਤੇ ਜਾ ਕੇ ਬਣਾ ਲਿਆ।

ਦੂਸਰਾ ਪੋਸਟਰ ਕੀਮਤ ਦਾ ਕਿ ਨਵੀਆਂ ਨਕੋਰ ਜਿਲਦਾਂ ਵਾਲੀਆਂ ਤੇ ਬਿਨਾਂ ਜਿਲਦ ਤੇ ਸਾਰੀਆਂ ਕਿਤਾਬਾਂ ਦੀ ਇਕ ਡਾਲਰ ਪ੍ਰਤੀ ਕਿਤਾਬ ਕੀਮਤ ਹੈ। ਇਹ ਬਣਾ ਕੇ ਮੈਂ ਉਸ ਨੂੰ ਵਿਖਾਉਣ ਚਲੇ ਗਈ। ਉਹ ਤਾਂ ਬਾਗੋ-ਬਾਗ ਹੋ ਗਈ ਕਿ ਤੂੰ ਏਨਾ ਸੋਹਣਾ (ਕਲਰ ਕੰਬੀਨੇਸ਼ਨ) ਰੰਗਾਂ ਵਿਚ ਕੰਮ ਕੀਤਾ ਹੈ। ਬਹੁਤ ਵਧੀਆ ਹੈ। ਤੇਰੇ ਨਾਲ ਮਿਸਟਰ ਜਿੱਮ ਜਿਹੜਾ ਸਫ਼ਾਈ ਕਰਮਚਾਰੀ ਹੈ—ਪਰ ਏਥੇ ਮੇਨਟੀਨੈਂਸ ਵਾਲਾ ਆਦਮੀ ਕਹਿੰਦੇ ਹਨ, ਉਹ ਤੇ ਮਿਸਟਰ ਡੇਵਿਡ ਹੈ ਤਾਂ ਦਾਊਦ, ਪਰ ਇਹ ਡੇਵਿਡ ਕਹਿੰਦੇ ਹਨ, ਉਹ ਜਾਣਗੇ। ਮੈਂ ਦਾਊਦ ਦਾ ਨਾਂ ਸੁਣ ਕੇ ਹੋਰ ਵੀ ਖ਼ੁਸ਼ ਹੋਈ ਕਿਉਂਕਿ ਉਹ ਪਿੱਛੋਂ ਮਰਾਕੋ ਦਾ ਮੁਸਲਮਾਨ ਹੈ। ਸਿਰ 'ਤੇ ਸਦਾ ਹੀ ਚਿੱਟੀ ਜਾਂ ਕਾਲੀ ਗੋਲ ਟੋਪੀ ਪਾ ਕੇ ਰੱਖਦਾ ਹੈ। ਮੈਨੂੰ ਲਾਇਬ੍ਰੇਰੀ ਵਿਚ, ਉਹ ਭਾਵੇਂ ਹੈ ਤੇ ਮਰਾਕੋ ਤੋਂ ਪਰ ਮੁਸਲਮਾਨ ਹੋਣ ਕਰਕੇ ਆਪਣਾ ਹੀ ਲੱਗਦਾ। ਕਿਉਂਕਿ 'ਹਿੰਦੂ ਮੁਸਲਿਮ ਸਿੱਖ ਇਸਾਈ—ਸਾਰੇ ਹਨ ਭਾਈ ਭਾਈ' ਪੜ੍ਹਦੇ ਸੁਣਦੇ ਰਹੇ ਹਾਂ। ਪਰ ਵਿਚਕਾਰ ਮੁਸਲਿਮ ਤੇ ਸਿੱਖ ਇਕ ਦੂਸਰੇ ਦੇ ਬਹੁਤ ਲਾਗੇ ਹਨ। ਯਾਦ ਆ ਗਿਆ, ਇਹ ਤਾਂ ਦਿਲ ਦਿਆਂ ਕਾਲਿਆਂ, ਕਮੀਨਿਆਂ ਦੀਆਂ ਕੋਝੀਆਂ ਚਾਲਾਂ, ਘਿਣਾਉਣੀਆਂ ਸਾਜ਼ਸ਼ਾਂ ਹਨ।

ਜਿਨ੍ਹਾਂ ਕਰਕੇ ਲੋਕਾਂ ਦੇ ਲਹੂਆਂ ਦੇ ਘਾਣ ਹੋਏ ਤੇ ਵਿਚਾਰੇ ਭੋਲੇ ਭਾਲਿਆਂ ਨੂੰ ਪੁੱਠੀ ਜਨੂੰਨੀ ਪਾਣ ਚਾੜ੍ਹ ਦਿੱਤੀ। ਆਪਸ ਵਿਚ ਕਾਵਾਂ ਵਾਂਗੂੰ ਲੜਾਇਆ, ਸੰਢਿਆਂ ਵਾਂਗ

ਭਿੜਾਇਆ ਤੇ ਆਪ ਚਲਾਕ ਬਾਂਦਰ ਟਪੂਸੀਆਂ ਮਾਰ ਮਾਰ ਕੇ ਕੁਰਸੀਆਂ ’ਤੇ ਜਾ ਚੜ੍ਹੇ।

ਇਸ ਲਈ ਅੱਜ ਦਾ ਦਿਨ ਆਪਣਾ ਦਿਨ ਲੱਗ ਰਿਹਾ ਸੀ ਕਿ ਅੱਜ ਮੈਂ ਤੇ ਦਾਊਦ ਨਾਲੇ ਤੇ ਕਿਤਾਬਾਂ ਵੇਚਾਂਗੇ, ਨਾਲੇ ਗੱਲਾਂ-ਬਾਤਾਂ ਕਰਾਂਗੇ। ਮੈਂ ਉਹਦੇ ਵੱਲ ਵੇਖਿਆ ਤਾਂ ਉਹ ਵੀ ਕਾਹਲੀ-ਕਾਹਲੀ ਭੱਜਾ ਨੱਠਾ ਫਿਰ ਰਿਹਾ ਸੀ ਤੇ ਖ਼ੁਸ਼ ਉਹ ਵੀ ਬਹੁਤ ਸੀ ਕਿਉਂਕਿ ਉਹ ਵੀ ਮੇਰੀ ਕੰਪਨੀ ਪਸੰਦ ਕਰਦਾ ਹੈ। ਪਰ ਸੈਕਸ਼ਨ ਅਲੱਗ ਹੋਣ ਕਰਕੇ ਕਦੇ ਵੀ ਹਾਏ-ਬਾਏ ਤੋਂ ਵੱਧ ਸਮਾਂ ਹੀ ਨਹੀਂ ਸੀ ਮਿਲਦਾ।

ਪਰ ਇਸ ਤੋਂ ਹੀ ਉਸ ਦਾ ਮੈਨੂੰ ਤੇ ਮੇਰਾ ਉਸ ਨੂੰ ਪਤਾ ਲੱਗ ਜਾਂਦਾ ਕਿ ਮੇਰੇ ਤੇ ਸਕਾਰਫ਼ ਤੇ ਉਹਦੇ ਤੇ ਟੋਪੀ ਕਿਸੇ ਸਾਂਝ ਦੇ ਪ੍ਰਤੀਕ ਹਨ। ਉਹ ਇਥੋਂ ਦਾ ਜੰਮਿਆ ਪਲਿਆ ਹੋਣ ਕਰਕੇ ਅੰਗਰੇਜ਼ੀ ਪਟਰ ਪਟਰ ਬੋਲਦਾ ਹੈ ਤੇ ਮੈਂ ਪਹਿਲਾਂ ਦਿਮਾਗ਼ ਵਿਚ ਹੈਜ਼, ਹੈਡ ਡੂ, ਡਿੱਡ, ਡੰਨ, ਕਈ ਕੁਝ ਐਰਾ ਵਗੈਰਾ ਸੋਚ ਕੇ ਧੀਮੀ ਗਤੀ ਦੇ ਸਮਾਚਾਰਾਂ ਵਾਂਗੂੰ ਕਾਫ਼ੀ ਚੰਗੀ ਬ੍ਰਿਟਿਸ਼ ਅੰਗਰੇਜ਼ੀ ਬੋਲ ਲੈਂਦੀ। ਇਸ ਕਰਕੇ ਮੇਰੀ ਸਾਂਝ ਵਧੇਰੇ ਅਫ਼ਰੀਕਨ, ਸਪੈਨਿਸ਼, ਵੀਅਤਨਾਮੀ, ਚੀਨੀ, ਰਸ਼ੀਅਨਜ਼ ਤੇ ਕੋਰੀਅਨ ਲੋਕਾਂ ਨਾਲ ਹੁੰਦੀ ਜੋ ਤ, ਤ, ਡ, ਡ, ਧ, ਧ ਕਰਕੇ ਬੋਲਦੇ ਤੇ ਇਸ ਤੋਂ ਵੱਧ ਕਿ ਇਨ੍ਹਾਂ ਲੋਕਾਂ ਦੇ ਦਿਲ ਹਨ ਜੋ ਸਾਡੇ ਵਾਂਗੂੰ ਹੀ ਪਿਘਲਦੇ ਹਨ। ਇਨ੍ਹਾਂ ਦੇ ਦਿਮਾਗ਼ ਹਨ ਜੋ ਤੰਗੀਆਂ ਤੁਰਸ਼ੀਆਂ ਵੇਖ ਕੇ ਸਾਡੇ ਵਾਂਗੂੰ ਸੋਚਦੇ ਹਨ ਤੇ ਇਨ੍ਹਾਂ ਦੇ ਸਰੀਰਾਂ ’ਤੇ ਵੀ ਸਾਡੇ ਵਾਂਗੂੰ ਦਰਿੰਦਿਆਂ ਦੇ ਕੀਤੇ ਜ਼ਖ਼ਮਾਂ ਦਾ ਨਿਸ਼ਾਨ ਹਨ।

ਮਿਸਟਰ ਜਿੰਮ ਜੋ ਕਿ ਗੋਰਾ, ਗੰਜਾ ਤੇ ਬੋੜਾ ਹੈ, ਪਰ ਹੈ ਬੜਾ ਫੁਰਤੀਲਾ। ਬੜੀ ਫੁਰਤੀ ਨਾਲ ਕਿਤਾਬਾਂ ਦੇ ਅੱਠ ਬਾਕਸ ਰੇੜੀ ’ਤੇ ਲੱਦ ਕੇ ਪਿਛਲੇ ਬੂਹੇ ਥਾਣੀਂ ਰੱਖ ਆਇਆ। ਮੈਂ ਤੇ ਦਾਊਦ ਹੋਰ ਲੋੜੀਂਦਾ ਸਾਮਾਨ ਜਿਵੇਂ ਬੁੱਕ ਐਂਡਜ਼, ਖ਼ਾਲੀ ਪੇਪਰ, ਪੈੱਨ, ਨੈਪਕਿਨਜ਼, ਲਫ਼ਾਫ਼ੇ, ਪੁਸ਼ ਪਿੰਨਜ਼, ਟੇਪ, ਫਲਾਇਰਜ਼, ਬੈਨਰ ਤੇ ਇਕ ਸਟੀਰੀਓ ਗਾਣੇ ਸੁਣਨ ਲਈ ਲੈ ਕੇ ਪਿੱਛੇ ਪਿੱਛੇ ਤੁਰ ਪਏ। ਮੇਜ਼ ’ਤੇ ਕੁਰਸੀਆਂ ਜਿੰਮ ਪਹਿਲਾਂ ਹੀ ਰੱਖ ਆਇਆ ਸੀ।

ਮਿਸਟਰ ਜਿੰਮ ਕਿਤਾਬਾਂ ਕੱਢ-ਕੱਢ ਮੇਜ਼ ’ਤੇ ਰੱਖੀ ਜਾਵੇ ਤੇ ਮੈਂ ਤਰਤੀਬਵਾਰ ਫਿਕਸ਼ਨ, ਨਾਨ-ਫਿਕਸ਼ਨ, ਕਾਲੇ ਲੇਖਕਾਂ ਦੀਆਂ ਆਦਿ ਕੁਝ ਵੱਖਰੇ ਪੈਮਾਨੇ ਨਾਲ ਮਿਣ-ਮਿਣ ਕੇ ਕਿਤਾਬਾਂ ਮੇਜ਼ ’ਤੇ ਟਿਕਾ ਦਿੱਤੀਆਂ ਤੇ ਫੇਰ ਵੇਖਣ ਲੱਗ ਪਏ ਗਾਹਕਾਂ ਵੱਲ ਕੌਣ ਆਉਂਦਾ ਹੈ, ਕਦੋਂ ਆਉਂਦਾ ਹੈ ਤੇ ਕੀ ਲਿਜਾਂਦਾ ਹੈ। ਉਹ ਕਹੇ ਕਿ ਪਿਛਲੇ ਸਾਲ ਅਸੀਂ ਟੋਟਲ ਦਸ ਡਾਲਰਾਂ ਦੀਆਂ ਕਿਤਾਬਾਂ ਵੇਚੀਆਂ ਸਨ। ਮੈਂ ਕਹਾਂ ਕਿ ਅੱਜ ਆਪਾਂ ਪੰਜਾਹਾਂ ਤੋਂ ਉਪਰ ਵੇਚਣੀਆਂ ਹਨ। ਉਹ ਹੱਸ ਪਿਆ ਕਿ ਮੈਡਮ ਨੂੰ ਪਤਾ ਨਹੀਂ ਕਿ ਇਹ ਲੋਕ ਕਿੰਨੇ ਨਿਯਮਬੱਧ ਤੇ ਸੰਜਮੀ ਹਨ।

“ਮੈਡਮ ਜੀ ! ਇਹ ਆਪਣੀਆਂ ਜੇਬਾਂ ਵਿਚ ਗਿਣ ਕੇ ਆਹ ਕੌਫ਼ੀ ਲਈ, ਸੈਂਡਵਿਚ ਲਈ ਤੇ ਕਿਰਾਇਆ ਆਦਿ ਹੀ ਪਾਉਂਦੇ ਹਨ। ਇਹ ਵਾਧੂ ਇਕ ਸੈਂਟ ਵੀ ਨਹੀਂ ਖਰਚਦੇ।” ਪਰ ਮੈਂ ਇਨ੍ਹਾਂ ਲੋਕਾਂ ਨੂੰ ਆਪਣੇ ਨਜ਼ਰੀਏ ਨਾਲ ਵੇਖਦੀ ਹਾਂ ਕਿ ਇਥੇ ਵੀ ਸਭ ਤਰ੍ਹਾਂ



ਦੇ ਲੋਕ ਹਨ। ਕੁਝ ਅਜਿਹੇ ਵੀ ਹਨ ਜਿਹੜੇ ਘਰੋਂ ਤਾਂ ਨਿੱਤ ਵਰਤੋਂ ਦੀਆਂ ਜ਼ਰੂਰੀ ਚੀਜ਼ਾਂ ਲੈਣ ਨਿਕਲਦੇ ਹਨ ਪਰ ਆ ਕੇ ਪੰਦਰਾਂ ਡਾਲਰਾਂ ਦਾ ਡਾਇਵੋਰਸ ਪੈਕਟ ਲੈ ਜਾਂਦੇ ਹਨ ਜਾਂ ਲਾਟਰੀ ਖੇਡ ਜਾਂਦੇ ਹਨ ਤੇ ਇਸ ਤੋਂ ਵੀ ਅੱਗੇ ਸਿਗਰਟ, ਸਿਗਾਰ, ਸ਼ਰਾਬ, ਨਸ਼ੇ ਪੱਤੇ ਇਨ੍ਹਾਂ ਦੀ ਰੱਜ ਕੇ ਕਮਜ਼ੋਰੀ ਹਨ।

ਖ਼ੈਰ ! ਕਰਦਿਆਂ-ਕਰਾਉਂਦਿਆਂ ਸਾਡੀ ਪਹਿਲੀ ਗਾਹਕ ਇਕ ਲੰਬੀ ਸੋਹਣੀ ਜਵਾਨ ਗੋਰੀ ਆਈ। ਉਸ ਨੇ ਆਉਂਦਿਆਂ ਹੀ ਨੱਕ ਚੜ੍ਹਾ-ਚੜ੍ਹਾ ਕੇ ਇਕ ਪਾਸਿਓਂ ਕਿਤਾਬਾਂ ਵੇਖਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਇਸ ਵੱਲ ਅਣਗਹਿਲੀ ਜਿਹੀ ਵਿਖਾਈ। ਕਿਉਂਕਿ ਮੈਨੂੰ ਪਤਾ ਸੀ ਕਿ ਇਹ ਵੀ ਆਪਣੇ ਆਪ ਵਿਚ ਹੀ ਆਈ ਹੈ ਤੇ ਆਪੇ ਹੀ ਸਭ ਕੁਝ ਵੇਖਣਾ ਚਾਹੁੰਦੀ ਹੈ। ਪਰ ਤਿੰਨ ਕੁ ਮਿੰਟਾਂ ਬਾਅਦ ਮੇਰੇ ਵੱਲ ਵੇਖ ਕੇ ਮੁਸਕਰਾਈ।

ਫਿਰ ਮੈਂ ਕਿਹਾ—“ਕੀ ਤੈਨੂੰ ਮਦਦ ਦੀ ਜ਼ਰੂਰਤ ਹੈ ?”

ਕਹਿੰਦੀ—“ਹਾਂ, ਮੈਨੂੰ ਕੁੱਤਿਆਂ ਬਾਰੇ ਕਿਤਾਬ ਚਾਹੀਦੀ ਹੈ। ਉਨ੍ਹਾਂ ਦੀ ਪਾਲਣਾ ਪੋਸਣਾ, ਬਿਮਾਰੀਆਂ ਤੇ ਦਵਾਈਆਂ ਬਾਰੇ।” ਚੰਗੀ ਕਿਸਮਤ ਨੂੰ ਮੈਂ ਇਕ ਕਿਤਾਬ ਵੇਖੀ ਸੀ। ਮੈਂ ਝਟ ਹੀ ਉਹਨੂੰ ਫੜਾ ਦਿੱਤੀ। ਉਹਨੇ ਵਿਚ ਇਕ ਤਸਵੀਰ, ਜਿਸ ਵਿਚ ਇਕ ਸੋਹਣੀ ਜਿਹੀ ਮੇਮ ਆਪਣੇ ਸੋਫ਼ੇ ’ਤੇ ਕੁੱਤੇ ਗੋਦ ਵਿਚ ਲੈ ਕੇ ਚੁੰਮ ਚੱਟ ਰਹੀ ਸੀ, ਵੇਖੀ ਤੇ ਕੁੱਦਣ ਲੱਗ ਪਈ।

“ਦੇਟਜ਼ ਵੈਰੀ ਗੁੱਡ ਬੁੱਕ, ਆਈ ਲਾਈਕ ਇਟ।” ਮੈਂ ਵੀ ਨਕਲੀ ਜਿਹਾ ਹੱਸ ਕੇ ਸੋਚਿਆ ਕਿ ਇਹ ਕਿਥੇ ਫਿਰਦੀ ਹੈ। ਪਰ ਨਾਲ ਹੀ ਮੈਂ ਇਕ ਪ੍ਰਸ਼ਨ ਪੁੱਛਿਆ—“ਜੇ ਤੂੰ ਗੁੱਸਾ ਨਾ ਕਰੇਂ ਤਾਂ ਮੈਨੂੰ ਦੱਸੇਂਗੀ ਕਿ ਤੇਰੇ ਕਿੰਨੇ ਬੱਚੇ ਹਨ ?”

ਹੱਸ ਪਈ ਕਿਉਂਕਿ ਬੱਚੇ ਇਹ ਕਿਸ ਨੂੰ ਸਮਝਦੇ ਹਨ। ਕਹਿੰਦੀ—“ਮੇਰੇ ਦੋ ਬੱਚੇ ਆਪਣੇ ਡੈਡ ਨਾਲ ਰਹਿੰਦੇ ਹਨ ਪਰ ਹੁਣ ਮੇਰੇ ਕੋਲ ਪੰਜ ਬੱਚੇ ਹਨ। ਚਾਰ ਕੁੱਤੇ ਤੇ ਇਕ ਬਿੱਲੀ।” ਅਗਾਂਹ ਮੈਂ ਵੀ ਉਚਿਤ ਨਾ ਸਮਝਿਆ ਪੁੱਛਣਾ ਕਿਉਂਕਿ ਮੈਂ ਜਾਣਦੀ ਸਾਂ ਕਿ ਇਹ ਡਾਈਵੋਰਸ ਕੇਸ ਹੈ ਤੇ ਹੁਣ ਇਹ ਬੀਬੀ ਕੁੱਤਿਆਂ, ਬਿੱਲੀਆਂ ਨੂੰ ਧੀਆਂ ਪੁੱਤ ਅਤੇ ਉਨ੍ਹਾਂ ਤੋਂ ਵੱਧ ਵਫ਼ਾਦਾਰ ਸਮਝਦੀ ਹੈ। ਇਹ ਸੁਆਰਥੀ ਨਹੀਂ ਹਨ ਤੇ ਉਹਨੂੰ ਸੱਚਾ ਪਿਆਰ ਕਰਦੇ ਹਨ, ਨਾਲ ਰਹਿੰਦੀ ਹੈ। ਜਦੋਂ ਘਰ ਵੜਦੀ ਹੋਣੀ ਏਂ ਤਾਂ ਉਹ ਪੂਛਾਂ ਚੁੱਕ-ਚੁੱਕ ਕੇ ਇਹਦੇ ਮੂੰਹ ਤਕ ਲਪਕਦੇ ਹੋਣੇ ਤੇ ਇਹ ਵੀ ਉਨ੍ਹਾਂ ਨੂੰ ਚੁੰਮਦੀ ਚੱਟਦੀ ਹੋਣੀ ਏਂ ਤੇ ਇਹ ਤਾਂ ਵਿਚਾਰੇ ਮਰ ਕੇ ਹੀ ਇਹਨੂੰ ਧੋਖਾ ਦੇਣਗੇ। ਸੋ ਮੇਰਾ ਨਕਲੀ ਹਾਸਾ ਵੀ ਇਸ ਦੀ ਦੁਨੀਆ ’ਤੇ ਹੀ ਸੀ।

ਫਿਰ ਮੈਂ ਤੇ ਦਾਊਦ ਉਸਦੇ ਬਾਰੇ ਗੱਲਾਂ ਕਰਦੇ ਰਹੇ ਕਿ ਇਹ ਲੋਕ ਇੰਜ ਹੀ ਸਵੇਰੇ ਪੰਜ ਵਜੇ ਉੱਠ ਕੇ ਉਨ੍ਹਾਂ ਨੂੰ ਟੱਟੀ, ਪਿਸ਼ਾਬ ਲਈ ਪਹਿਲਾਂ ਬਾਹਰ ਲਿਜਾਂਦੇ ਹਨ। ਆ ਕੇ ਗਰਮ ਪਾਣੀ ਨਾਲ ਸ਼ਾਵਰ ਦੇਂਦੇ ਹਨ, ਵਧੀਆ ਬਾਥ ਸੋਪ ਵਰਤਦੇ ਹਨ। ਫਿਰ ਵਧੀਆ ਖਾਣਾ ਖਵਾਉਂਦੇ ਹਨ, ਵਧੀਆ ਤੌਲੀਏ ਵਰਤਦੇ ਹਨ ਤੇ ਪੋਲੇ ਗਦੇਲਿਆਂ ਉੱਤੇ ਬਹਾਉਂਦੇ ਹਨ। ਫਿਰ ਆਪ ਤਿਆਰ ਹੋ ਕੇ ਦਫ਼ਤਰਾਂ ਵਿਚ ਆਉਂਦੇ ਹਨ। ਜਿਸ ਤਰ੍ਹਾਂ

ਦੀਆਂ ਸਹੂਲਤਾਂ ਸਾਡੇ ਵੱਡੇ ਅਫ਼ਸਰਾਂ ਨੂੰ ਵੱਢੀਆਂ ਲੈ ਕੇ ਵੀ ਨਹੀਂ ਮਿਲਦੀਆਂ ਉਹ ਇਹ ਕੁੱਤਿਆਂ, ਬਿੱਲੀਆਂ ਨੂੰ ਦੇਂਦੇ ਹਨ।

ਮੈਂ ਸਾਹਮਣੇ ਵੇਖਿਆ ਤਾਂ ਇਕ ਚੰਗਾ ਪੜ੍ਹਿਆ ਲਿਖਿਆ ਕਾਲਾ ਆਦਮੀ ਸਾਡੇ ਵੱਲ ਮੁਸਕਰਾਉਂਦਾ ਆ ਰਿਹਾ ਸੀ। ਗੁੱਡ ਮਾਰਨਿੰਗ ਕਹਿ ਕੇ ਮੈਂ ਉਸ ਨੂੰ ਮਦਦ ਲਈ ਪੁੱਛਿਆ। ਕਹਿੰਦਾ—"ਓ.ਕੇ. ਆਈ ਵਾਂਟ ਦਿਸ।" ਉਹਨੇ ਇਕ ਕਿਤਾਬ 'ਵਇਸਿਜ਼ ਇੰਨ ਅਵਰ ਬਲੱਡ' ਭਾਵ ਕਿ 'ਸਾਡੇ ਖ਼ੂਨ ਵਿਚੋਂ ਆਵਾਜ਼ਾਂ' ਚੁੱਕ ਲਈ। ਜਿਸ ਵਿਚ ਬਾਰਾਂ ਮਿਲੀਅਨਜ਼ ਕਾਲੇ ਨੀਗਰੋਆਂ ਦੇ ਖ਼ੂਨ ਦੀਆਂ ਆਵਾਜ਼ਾਂ ਇਕ ਇਤਿਹਾਸਕ ਲੋਕ ਗਾਥਾ ਸੀ। ਤਿੰਨ ਸੌ ਸਾਲ ਲੰਬਾ ਸਮਾਂ ਮਿਲੀਅਨਜ਼ ਲੋਕਾਂ ਦੀ ਲੁੱਟ-ਖਸੁੱਟ, ਮਾਰਧਾੜ ਤੇ ਕੁੱਟ-ਮਾਰ ਦਾ ਸੀ। ਜਿਸ ਵੇਲੇ ਉਨ੍ਹਾਂ ਨੂੰ ਡੰਗਰਾਂ ਵਾਂਗੂੰ ਵੇਚਿਆ ਤੇ ਖਰੀਦਿਆ ਜਾਂਦਾ ਸੀ। ਉਨ੍ਹਾਂ 'ਤੇ ਲਗਾਤਾਰ ਤਸ਼ੱਦਦ ਕੀਤਾ ਜਾਂਦਾ ਸੀ। ਜਬਰਦਸਤੀ ਮਜਦੂਰੀ ਕਰਵਾਈ ਜਾਂਦੀ ਸੀ।

ਮੈਂ ਉਹਦੇ ਵੱਲ ਵੇਖ ਕੇ ਪ੍ਰਸ਼ਨ ਕੀਤਾ—"ਤੁਸੀਂ ਕਿਸ ਦੇਸ਼ ਤੋਂ ਆਏ ਹੋ ?" ਕਿਉਂਕਿ ਅਮਰੀਕਾ ਵਿਚ ਵਣੀ-ਵਣੀ ਦੀ ਲੱਕੜੀ ਇਕੱਠੀ ਹੋਈ ਹੈ। ਸਾਰੇ ਹੀ ਪਿੱਛੋਂ ਕਿਤੇ ਨਾ ਕਿਤਿਓਂ ਆਏ ਹਨ। ਮੇਰੇ ਪ੍ਰਸ਼ਨ ਨਾਲ ਉਹ ਭਾਵਕ ਹੋ ਗਿਆ। ਕਹਿਣ ਲੱਗਾ—"ਤੂੰ ਭਾਰਤੀ ਹੈਂ ?"

ਮੈਂ ਕਿਹਾ—"ਹਾਂ।"

"ਤਾਂ ਮੈਂ ਜਾਣਦਾ ਹਾਂ ਤੇ ਸੋਚ ਸਕਦਾ ਹਾਂ ਕਿ ਸੱਚੀ ਹੀ ਤੂੰ ਮੇਰੀ ਕਹਾਣੀ ਸੁਣ ਸਕਦੀ ਹੈਂ। ਮੇਰਾ ਨਾਮ ਜਿਊਲ ਥਾਮਸਨ ਹੈ। ਜਿਊਲ ਮੇਰਾ ਨਾਮ ਤੇ ਥਾਮਸਨ ਉਸ ਗੋਰੇ ਦਾ ਨਾਮ ਜਿਸ ਨੂੰ ਲਾਰਡ ਆਫ਼ ਲੈਂਡ ਕਹਿੰਦੇ ਸੀ, ਉਸਦਾ ਹੈ। ਕਿਉਂਕਿ ਅਸੀਂ ਉਸ ਥਾਮਸਨ ਫਾਰਮ 'ਤੇ ਸਾਰੇ ਗ਼ੁਲਾਮ ਸਾਂ। ਉਸ ਨੇ ਸਾਡੇ ਵੱਡੇ ਵਡੇਰੇ ਅਫ਼ਰੀਕਾ ਵਿਚੋਂ ਖ਼ਰੀਦ ਕੇ ਲਿਆਂਦੇ ਸੀ। ਗੁਲਾਮੀ ਕੀ ਹੁੰਦੀ ਹੈ ਇਹ ਤਾਂ ਤੂੰ ਮੇਰੇ ਨਾਮ ਤੋਂ ਹੀ ਅੰਦਾਜ਼ਾ ਲਗਾ ਸਕਦੀ ਹੈਂ ਕਿ ਮੇਰੀ ਹੁਣ ਕੋਈ ਕੌਮ ਨਹੀਂ, ਜ਼ਾਤ ਨਹੀਂ ਤੇ ਨਾ ਹੀ ਮੈਨੂੰ ਪਤਾ ਹੈ ਕਿ ਮੈਂ ਕਿਸ ਨਸਲ ਨਾਲ ਸੰਬੰਧ ਰੱਖਦਾ ਹਾਂ। ਮੇਰੇ ਦਾਦਾ, ਦਾਦੀ, ਮਾਂ, ਪਿਉ ਮੈਨੂੰ ਕਿਸੇ ਦਾ ਵੀ ਕੁਝ ਪਤਾ ਨਹੀਂ। ਬਸ ਏਨਾ ਹੀ ਪਤਾ ਹੈ ਕਿ ਪਹਿਲਾਂ ਜਦੋਂ ਸਾਡੇ ਵੱਡੇ-ਵਡੇਰੇ ਇਥੇ ਆਏ ਸੀ ਤਾਂ ਉਹ ਆਪਣੇ ਕਬੀਲੇ ਦੀ ਭਾਸ਼ਾ ਬੋਲਦੇ ਸੀ। ਪਰ ਫਿਰ ਲਾਰਡ ਆਫ਼ ਦਾ ਲੈਂਡ ਨੇ ਹੁਕਮ ਦਿੱਤਾ ਕਿ ਜਿਹੜੇ ਵੀ ਦੋ ਜਣੇ ਇਕੋ ਜਿਹੀ ਭਾਸ਼ਾ ਬੋਲਦੇ ਹਨ, ਉਨ੍ਹਾਂ ਨੂੰ ਅਲੱਗ ਅਲੱਗ ਕਰ ਦਿੱਤਾ ਜਾਵੇ। ਫਿਰ ਵਿਚਾਰੇ ਉਹ ਗੂੰਗੇ ਤੇ ਬੋਲੇ ਬਣ ਕੇ ਬਸ ਇਕ ਦੂਜੇ ਵੱਲ ਬਿਟਰ-ਬਿਟਰ ਤੱਕਦੇ।"

ਇਹ ਕਹਿ ਕੇ ਉਹ ਚੁੱਪ ਹੋ ਗਿਆ। ਕਹਿੰਦਾ—"ਸੁਣ ! ਤੁਸੀਂ ਕਿਸਮਤ ਵਾਲੇ ਹੋ ਕਿ ਤੁਹਾਡੀ ਕੌਮ, ਨਸਲ, ਦੇਸ਼, ਬੋਲੀ ਤੇ ਬਹੁਤ ਹੀ ਅਮੀਰ ਵਿਰਸਾ ਤੁਹਾਡੇ ਕੋਲ ਹੈ। ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਤੁਸੀਂ ਸੰਭਾਲ ਕੇ ਰੱਖਿਓ।"

ਉਹ ਚਲਾ ਗਿਆ। ਮੈਂ ਇਕ ਡੂੰਘਾ ਹੌਕਾ ਭਰ ਕੇ ਦਾਊਦ ਨੂੰ ਕਿਹਾ—"ਸੁਣਾ



ਦਾਊਦ ! ਤੇਰੀ ਪਰਿਵਾਰਕ ਜ਼ਿੰਦਗੀ ਕਿਵੇਂ ਹੈ ? ਮਤਲਬ ਕਿ ਤੁਸੀਂ ਕਿਵੇਂ ਰਹਿੰਦੇ ਹੋ ?"

ਉਹ ਹੱਸਣ ਲੱਗ ਪਿਆ—"ਮੈਡਮ ! ਤੁਸੀਂ ਤਾਂ ਬਿਲਕੁਲ ਹੀ ਅਨਜਾਣ ਹੋ। ਇਥੇ ਹਰ ਇਕ ਦੀ ਆਪਣੀ ਆਪਣੀ ਜ਼ਿੰਦਗੀ ਹੈ, ਆਪਣੀ ਸੋਚ ਹੈ ਤੇ ਆਪਣੇ ਹੀ ਹਿਸਾਬ ਨਾਲ ਰਹਿੰਦਾ ਹੈ।"

ਮੈਂ ਕਿਹਾ—"ਤੂੰ ਇਹ ਕਿਉਂ ਕਹਿੰਦਾ ਹੈਂ। ਤੂੰ ਤੇ ਮੁਸਲਮਾਨ ਹੈਂ।"

"ਲਿਸਨ ਮੈਡਮ ! ਮੇਰੀ ਪਤਨੀ ਆਪਣੀ ਮਾਂ ਕੋਲ ਫਲੋਰੀਡਾ ਰਹਿੰਦੀ ਹੈ ਤੇ ਮੇਰੇ ਦੋ ਬੇਟੇ ਵੀ ਉਹਦੇ ਕੋਲ ਹਨ। ਮੈਂ ਹਰ ਮਹੀਨੇ ਆਪਣੀ ਤਨਖ਼ਾਹ ਦਾ ਵੱਡਾ ਹਿੱਸਾ ਉਨ੍ਹਾਂ ਨੂੰ ਭੇਜਦਾ ਹਾਂ।"

"...ਤੇ ਤੂੰ ਫਿਰ ਆਪਣੇ ਮਾਂ ਬਾਪ ਨਾਲ ਰਹਿੰਦਾ ਹੈਂ।" "ਨਹੀਂ, ਮੈਂ ਆਪਣੀ ਗਰਲ ਫਰੈਂਡ ਨਾਲ ਰਹਿੰਦਾ ਹਾਂ।"

ਅਜੇ ਮਾਂ ਬਾਪ ਦੀ ਗੱਲ ਸ਼ੁਰੂ ਕਰਨ ਹੀ ਲੱਗੀ ਸਾਂ ਕਿ ਅਗਲੀ ਗਾਹਕ ਇਕ ਬਹੁਤ ਹੀ ਸਾਧਰਨ ਜਿਹੀ ਕਾਲੀ ਔਰਤ ਆ ਗਈ।

"ਯੈਸ ! ਕੀ ਮੈਂ ਤੇਰੀ ਮਦਦ ਕਰ ਸਕਦੀ ਹਾਂ।"

"ਹਾਂ, ਮੈਨੂੰ ਕੋਈ ਕਾਲੇ ਲੇਖਕ ਦੀ ਭਾਵ ਬਲੈਕ ਆਥਰ ਦੀ ਕਿਤਾਬ ਚਾਹੀਦੀ ਹੈ।" ਮੈਂ ਉਸ ਲਾਈਨ ਵੱਲ ਇਸ਼ਾਰਾ ਕੀਤਾ ਜਿਥੇ ਮੈਂ ਬੜੀ ਹੀ ਤਰਤੀਬ ਨਾਲ ਉਹ ਕਿਤਾਬਾਂ ਸੈੱਟ ਕੀਤੀਆਂ ਸਨ। ਉਹਨੇ ਇਕ ਕਿਤਾਬ 'ਕਾਲੀਆਂ ਮਾਵਾਂ' ਭਾਵ ਬਲੈਕ ਮਦਰਜ਼ ਚੁੱਕੀ ਤੇ ਮੇਰੇ ਵੱਲ ਕਰ ਦਿੱਤੀ। ਮੈਂ ਕਿਹਾ—"ਠੀਕ ਹੈ, ਮੈਂ ਤੇਰੇ ਪੈਸੇ ਪਿੱਛੋਂ ਲੈਣੇ ਹਨ ਪਰ ਜੇ ਤੂੰ ਗ਼ੁੱਸਾ ਨਾ ਕਰੇਂ ਤਾਂ ਕੁਝ ਜਾਣਕਾਰੀ ਦੇਵੇਂ।"

ਉਹ ਬਹੁਤ ਹੀ ਖ਼ੁਸ਼ ਹੋਈ ਤੇ ਕਹਿੰਦੀ—"ਓ ਗ੍ਰੇਟ ! ਹਾਂ, ਤੂੰ ਪੁੱਛ।"

ਮੈਂ ਕਿਹਾ—"ਤੈਨੂੰ ਮੈਂ ਇਕ ਮਾਂ ਦੇ ਤੌਰ 'ਤੇ ਹੀ ਪ੍ਰਸ਼ਨ ਕਰ ਰਹੀ ਹਾਂ ਕਿ ਮੈਂ ਵੀ ਮਾਂ ਹਾਂ ਤੇ ਸ਼ਾਇਦ ਤੂੰ ਵੀ ਹੋਵੇ ਕਿਉਂਕਿ ਤੂੰ ਕਿਤਾਬ ਹੀ ਐਸੀ ਚੁੱਕੀ ਹੈ। ਜਦੋਂ ਤੁਹਾਡਾ ਗੁਲਾਮੀ ਦਾ ਸਮਾਂ ਸੀ ਤਾਂ ਮਾਵਾਂ ਆਪਣੇ ਬੱਚਿਆਂ ਬਾਰੇ ਕੀ ਸੋਚਦੀਆਂ ਸਨ ਤੇ ਬੱਚਿਆਂ ਪ੍ਰਤੀ ਜ਼ਿੰਮੇਵਾਰੀਆਂ ਕਿਵੇਂ ਨਿਭਾਉਂਦੀਆਂ ਸੀ ?"

ਉਹ ਚੁੱਪ ਹੋ ਗਈ। ਕਹਿੰਦੀ—"ਪ੍ਰਸ਼ਨ ਬਹੁਤ ਹੀ ਦਰੁਸਤ ਹੈ ਤੇ ਮੈਂ ਸਿਰਫ਼ ਦੋ ਹੀ ਗੱਲਾਂ ਦੱਸਾਂਗੀ ਕਿਉਂਕਿ ਮੇਰੇ ਕੋਲ ਇੰਨਾ ਹੀ ਸਮਾਂ ਹੈ।"

ਮੈਂ ਕਿਹਾ—"ਠੀਕ ਹੈ। ਮੈਂ ਸੁਣਨਾ ਚਾਹੁੰਦੀ ਹਾਂ।"

ਉਸ ਨੇ ਸੁਣਾਉਣਾ ਸ਼ੁਰੂ ਕੀਤਾ—"ਜਦੋਂ ਗ਼ੁਲਾਮੀ ਦਾ ਸਮਾਂ ਸੀ ਤਾਂ ਜ਼ਿਆਦਾ ਤੌਰ 'ਤੇ ਮੁੱਖ ਕੰਮ ਖੇਤਾਂ ਵਿਚ ਕੰਮ ਕਰਨਾ ਸੀ। ਉਸ ਵੇਲੇ ਆਦਮੀ ਤੇ ਔਰਤਾਂ ਇਕੱਠੇ ਕੰਮ ਕਰਦੇ ਤੇ ਫਿਰ ਬੱਚੇ ਵੀ ਹੋ ਜਾਂਦੇ। ਇਕ ਮਾਂ ਜੋ ਆਪਣੇ ਕੰਮ ਤੋਂ ਥੱਕ ਟੁੱਟ ਕੇ ਆਪਣੇ ਨਿੱਕੇ ਜਿਹੇ ਬੱਚੇ ਨੂੰ ਵੇਖਦੀ ਤਾਂ ਬੱਚੇ ਦੀ ਮਿੱਠੀ ਜਿਹੀ ਮੁਸਕਾਨ ਨਾਲ ਹੀ ਆਪਣੀ ਥਕਾਵਟ ਦੂਰ ਹੋ ਗਈ ਸਮਝਦੀ। ਅਗਲੇ ਪਲ ਫਿਰ ਆਪਣੇ ਬੱਚੇ ਦੀਆਂ ਸੋਹਣੀਆਂ

ਹਰਕਤਾਂ ਵੇਖ ਕੇ ਪਰੇਅ ਭਾਵ ਅਰਦਾਸ ਕਰਦੀ ਕਿ ਹੇ ਰੱਬਾ! ਮੈਂ ਵਿਸ਼ ਕਰਦੀ ਹਾਂ ਕਿ ਇਹ ਮਰ ਜਾਵੇ। ਉਸਦੀ ਅਰਦਾਸ ਸੁਣੀ ਜਾਂਦੀ ਤੇ ਬੱਚਾ ਬਿਮਾਰ ਹੋ ਜਾਂਦਾ ਤੇ ਅਖ਼ੀਰ ਉਹ ਮਰਨ ਕਿਨਾਰੇ ਆ ਜਾਂਦਾ। ਉਹ ਰੋਂਦੀ ਹੈ ਕਿਉਂਕਿ ਉਸ ਦੀ ਦੁਨੀਆ ਉਸ ਦੇ ਸਾਹਮਣੇ ਖੁੱਸ ਰਹੀ ਹੈ। ਪਰ ਮੁਕਤੀ ਮਹਿਸੂਸ ਕਰਦੀ ਹੈ ਕਿ ਹਾਂ ਠੀਕ ਹੈ। ਇਹੋ ਜਿਹੀ ਗ਼ੁਲਾਮੀ ਦੀ ਜ਼ਿੰਦਗੀ ਨਾਲੋਂ ਤਾਂ ਮੌਤ ਹੀ ਚੰਗੀ ਹੈ।"

ਉਸ ਠੰਡਾ ਹਉਕਾ ਭਰਿਆ ਤੇ ਮੁੜ ਦੱਸਣ ਲੱਗ ਪਈ—"ਦੂਸਰੀ ਗੱਲ ਸਿਸਟਰ! ਫਿਰ ਲਾਰਡ ਆਫ਼ ਦਾ ਲੈਂਡ ਲੇਡੀਜ਼ ਨੂੰ ਆਪਣੇ ਘਰ ਰੱਖਣ ਲੱਗ ਪਿਆ। ਉਹ ਵਿਚਾਰੀਆਂ ਰਸੋਈ, ਕੱਪੜਿਆਂ ਦੀ ਧਵਾਈ, ਘੁੱਟਣਾ, ਨੱਪਣਾ, ਮਾਲਸ਼ ਕਰਨੀ, ਘਰ ਸਾਫ਼ ਕਰਨਾ ਆਦਿ ਸਾਰਾ ਹੀ ਕੰਮ ਕਰਦੀਆਂ ਤੇ ਉਨ੍ਹਾਂ ਨੂੰ ਆਪਣੇ ਬੰਦਿਆਂ ਕੋਲ ਨਾ ਜਾਣ ਦਿੱਤਾ ਜਾਂਦਾ ਕਿਉਂਕਿ ਉਹ ਉਨ੍ਹਾਂ ਨੂੰ ਵਧੀਆ ਬਾਥ ਸੌਂਪ, ਬਾਡੀ ਲੋਸ਼ਨ, ਕਰੀਮਾਂ ਦੇ ਕੇ ਸਾਫ਼ ਸੁਥਰੀਆਂ ਬਣਾ ਲੈਂਦੇ ਤੇ ਉਨ੍ਹਾਂ ਨਾਲ ਰੰਗ-ਰਲੀਆਂ ਵੀ ਮਨਾ ਲੈਂਦੇ। ਜੇ ਬੱਚਾ ਹੋ ਜਾਂਦਾ ਤਾਂ ਉਹ ਜਿਹੜੀਆਂ ਬੁੱਢੀਆਂ ਜ਼ਨਾਨੀਆਂ ਗ਼ੁਲਾਮਾਂ ਦੇ ਨਾਲ ਹੁੰਦੀਆਂ, ਉਨ੍ਹਾਂ ਨੂੰ ਦੇ ਦਿੱਤੇ ਜਾਂਦੇ। ਫਿਰ ਜਦੋਂ ਇਕ ਲਾਰਡ ਆਫ਼ ਦਾ ਲੈਂਡ ਗ਼ੁਲਾਮ ਦੂਜੇ ਲਾਰਡ ਨੂੰ ਵੇਚਦਾ ਤਾਂ ਔਰਤਾਂ ਉਨ੍ਹਾਂ ਦੇ ਨਾਲ ਨਾ ਜਾਣ ਦਿੱਤੀਆਂ ਜਾਂਦੀਆਂ। ਸੋ ਫਿਰ ਕਿਤੇ ਮਿਲਣ ਤੇ ਫਿਰ ਹੋਰ ਦੱਸਾਂਗੀ, ਹੁਣ ਮੇਰਾ ਟਾਇਮ ਹੋ ਗਿਆ ਹੈ। ਮੈਂ ਸਬਵੇਅ ਲੈਣੀ ਹੈ।" ਉਹ ਮੈਨੂੰ ਡਾਲਰ ਫੜਾ ਕੇ ਕਿੰਨਾ ਕੁਝ ਦੇ ਗਈ। ਹੁਣ ਇਹ ਇਕ ਰਿਸਦਾ ਜ਼ਖ਼ਮ ਹੋਰ ਮੈਨੂੰ ਪੀੜ ਦੇ ਰਿਹਾ ਸੀ। ਜ਼ਖ਼ਮ ਤੇ ਆਪਣੇ ਹੀ ਬੜੇ ਡੂੰਘੇ ਨੇ।"

"ਖ਼ੈਰ! ਹਾਂ ਸੁਣਾ ਦਾਊਦ, ਹੁਣ ਤੂੰ ਆਪਣੇ ਮਾਂ ਬਾਪ ਦੀ ਗੱਲ। ਨਹੀਂ ਤਾਂ ਫਿਰ ਕਿਸੇ ਨੇ ਆ ਜਾਣਾ ਹੈ।"

"ਲਿਸਨ! ਮੈਂ ਤੈਨੂੰ ਦੱਸਣਾ ਚਾਹੁੰਦਾ ਹਾਂ ਪਰ ਤੂੰ ਸੁਣ ਕੇ ਅਸਰ ਨਾ ਕਰੀਂ ਇਹ ਤਾਂ ਸਾਧਾਰਨ ਹੀ ਹੈ। ਮੇਰਾ ਡੈਡ ਜਦੋਂ ਮਰਾਕੋ ਤੋਂ ਆਇਆ ਸੀ ਤਾਂ ਉਥੇ ਉਹ ਵਿਆਹਿਆ ਹੋਇਆ ਸੀ। ਉਸਦੇ ਚਾਰ ਕੁੜੀਆਂ ਤੇ ਇਕ ਮੁੰਡਾ ਸੀ। ਇਥੇ ਆ ਕੇ ਉਹਨੇ ਪੱਕੇ ਹੋਣ ਲਈ ਇਕ ਸਪੈਨਿਸ਼ ਔਰਤ ਨਾਲ ਵਿਆਹ ਕਰਵਾ ਲਿਆ। ਉਸ ਤੋਂ ਅਸੀਂ ਸੱਤ ਭੈਣਾਂ ਤੇ ਚਾਰ ਭਰਾ ਹਾਂ। ਮੈਂ ਤੇ ਥੋੜ੍ਹਾ ਬਹੁਤ ਪੜ੍ਹ ਗਿਆ ਤੇ ਸਿਵਲ ਸਰਵਿਸਜ਼ ਦੇ ਇਮਤਿਹਾਨ ਪਾਸ ਕਰਕੇ ਇਥੇ ਅਸਿਸਟੈਂਟ ਲੱਗ ਗਿਆ। ਪਰ ਮੇਰੀਆਂ ਭੈਣਾਂ ਉੱਤੇ ਡੈਡ ਦਾ ਪੂਰਾ ਕੰਟਰੋਲ ਹੈ। ਉਹ ਟਰੱਕਾਂ ਦਾ ਕੰਮ ਕਰਦੀਆਂ ਹਨ।"

"ਉਹ ਟਰੱਕ ਚਲਾਉਂਦੀਆਂ ਹਨ।" ਮੈਂ ਪੁੱਛਿਆ।

"ਨਹੀਂ, ਟਰੱਕ—ਉਹਨੇ ਸਾਹਮਣੇ ਇਕ ਲੋਹੇ ਦੀ ਪੇਟੀਆਂ ਵਰਗੇ ਰੰਗ ਦੀ ਰੇਹੜੀ ਵਿਖਾਈ ਜਿਸ ਵਿਚ ਉਹ ਚਿਕਨ ਸੈਂਡਵਿਚ, ਹਾਟਡਾਗ, ਹੌਗੀਆਂ, ਸਿਗਰਟਾਂ, ਕੈਂਡੀਆਂ, ਸੋਢੇ, ਕੁੱਕੀਆਂ ਤੇ ਜਿੰਨਸਿਨਜ਼ ਵੇਚਦੀਆਂ ਹਨ। ਇਹ ਇਕ ਰੇਹੜੀ 'ਤੇ ਦੋ-ਦੋ ਕੁੜੀਆਂ ਲਾਈਆਂ ਹਨ ਤੇ ਮੇਰੇ ਡੈਡ ਨੇ ਆਪਣੇ ਭਾਣਜੇ, ਭਤੀਜਿਆਂ ਨਾਲ ਹੀ ਵਿਆਹ ਦੇਣੀਆਂ ਹਨ।"



"ਓ ਮੇਰਿਆ ਰੱਬਾ! ਇਹ ਤਾਂ ਖਿੱਦੋ ਸੀ, ਖੋਲੋ ਤਾਂ ਲੀਰਾਂ ਹੀ ਲੀਰਾਂ। ਤੇ ਦਾਊਦ ਉਹ ਮਰਾਕੋ ਵਾਲੇ।"

"ਉਨ੍ਹਾਂ ਨੂੰ ਮੈਡਮ ਜੀ ਪੈਸੇ ਚਾਹੀਦੇ ਹਨ। ਉਹ ਮੇਰਾ ਡੈਡ ਹਰ ਮਹੀਨੇ ਭੇਜ ਦੇਂਦਾ ਹੈ। ਉਹ ਐਸ਼ ਕਰਦੇ ਹਨ।"

ਮੈਂ ਸੋਚਣ ਲੱਗੀ ਕਿ ਇਹ ਕਿਹੋ ਜਿਹੀ ਐਸ਼ ਇਹ ਮੁਸਲਮਾਨ ਸਾਰਿਆਂ ਨੂੰ ਕਰਾਉਂਦਾ ਹੈ। ਇਹ ਤਾਂ ਉਨ੍ਹਾਂ ਦਾ ਰੱਬ ਹੀ ਜਾਣਦਾ ਹੈ। ਕਿਸੇ ਨੂੰ ਇਥੇ ਕਿਸੇ ਦੀ ਸਾਰ ਨਹੀਂ।

ਮੈਂ ਇਸ ਤਰ੍ਹਾਂ ਸੋਚਦੀ ਪੁੱਛਦੀ, ਦੱਸਦੀ ਕੰਮ ਕਰਦੀ ਇਕ ਵਜੇ ਤਕ ਪੈਂਹਠ ਡਾਲਰਾਂ ਦੀਆਂ ਕਿਤਾਬਾਂ ਵੇਚ ਕੇ ਅਨੇਕਾਂ ਪੁੱਛਾਂ ਸਮੇਤ ਖੁਸਿਆ ਸਰੀਰ ਲੈ ਕੇ ਵਾਪਸ ਲਾਇਬ੍ਰੇਰੀ ਵਿਚ ਆ ਗਈ। ਡਾਇਰੈਕਟਰ ਨੂੰ ਹੱਸ ਕੇ ਸਾਰੀ ਰਿਪੋਰਟ ਦਿੱਤੀ ਤੇ ਉਹ ਉੱਛਲ-ਉੱਛਲ ਕੇ ਪੈ ਰਹੀ ਸੀ—"ਵੈਰੀ ਗੁੱਡ! ਵੈਰੀ ਗੁੱਡ!" ਤੇ ਮੈਂ ਪਾਣੀ ਪੀ ਕੇ ਆਪਣੇ ਟੇਬਲ 'ਤੇ ਕਾਗ਼ਜ਼ ਤੇ ਪੈੱਨ ਲੈ ਕੇ ਲਿਖਣ ਲੱਗ ਪਈ। ਪ੍ਰਸ਼ਨ ਆਪਣੇ ਆਪ ਤੋਂ ਤਾਂ ਪੁੱਛਾਂ ਭਲਾ ਤੂੰ ਕਿਉਂ ਆਈ। ਯਾਨਿ ਅਸੀਂ ਵੀ ਸਾਰੇ ਇਥੇ ਕਿਉਂ ਆਏ।

ਸੋਚੀਂ ਜਾਵਾਂ—ਅਸੀਂ ਤਾਂ ਸੱਤਾਂ ਦਰਿਆਵਾਂ ਦੀ ਧਰਤੀ, ਸੋਨੇ ਦੀ ਚਿੜੀ, ਪੀਰਾਂ ਪੈਗ਼ੰਬਰਾਂ ਦੇ ਦੇਸ਼ ਦੇ ਵਾਸੀ ਹਾਂ। ਤੇ ਪੰਜਾਂ ਪਾਣੀਆਂ ਦੇ ਪ੍ਰਾਂਤ ਨੇ ਸਾਨੂੰ ਆਪਣੀ ਪਿਆਸ ਬੁਝਾਉਣ ਲਈ ਪਾਣੀ ਨਾ ਦਿੱਤਾ ਹੋਊ। ਕੀ ਹੋਇਆ ਹੋਊ ਜਦੋਂ ਅਸੀਂ ਆਏ। ਜਦੋਂ ਦਹੀਂ ਦੀ ਫੁੱਟੀ ਤੋਂ ਦੁੱਧ ਦੀ ਚੂਲੀ ਤੋਂ, ਦਾਲ ਦੀ ਕੜਛੀ ਤੋਂ, ਅੰਬ ਦੀ ਫਾੜੀ ਤੋਂ ਤੇ ਮੀਟ ਦੀ ਸੇਂਖੀ ਤੋਂ ਮੈਨੂੰ ਘੱਟ, ਮੈਨੂੰ ਵੱਧ ਤੇ ਮੇਰੇ ਲਈ ਰੱਖੀ ਨਹੀਂ ਦੀ ਸਥਿਤੀ ਹੋਵੇ। ਜਿਥੇ ਆਪਣੇ ਧੀਆਂ ਪੁੱਤਾਂ ਦੀ ਵਿਦਿਆ ਚੰਗੇ ਸਕੂਲਾਂ ਵਿਚ ਮਹਿੰਗੀ ਹੋਣ ਕਰਕੇ ਨਾ ਕਰਵਾ ਸਕੇ। ਜੇ ਕਰਵਾ ਸਕੇ ਤਾਂ ਟਿਊਸ਼ਨਾਂ ਨਾ ਦੇ ਸਕੇ। ਜੇ ਟਿਊਸ਼ਨਾਂ ਦੇ ਸਕੇ ਤਾਂ ਡੋਨੇਸ਼ਨਾਂ ਨਾ ਦੇ ਸਕੇ। ਜੇ ਉਹ ਵੀ ਦੇ ਕੇ ਪੜ੍ਹਾ ਲਈਏ ਤਾਂ ਬੱਚਿਆਂ ਨੂੰ ਥੱਬੇ ਸਰਟੀਫ਼ਿਕੇਟਾਂ ਦੇ ਚੁੱਕ ਕੇ ਸੜਕਾਂ 'ਤੇ ਮੂੰਹ ਲਟਕਾਈ ਫਿਰਦੇ ਵੇਖਣਾ ਸਾਡੇ ਲਈ ਅਸਹਿ ਸੀ। ਜਿਥੇ ਦੇਸ਼ ਦੇ ਰਖਵਾਲੇ ਆਪ ਧੀਆਂ, ਭੈਣਾਂ ਦੀਆਂ ਇੱਜ਼ਤਾਂ ਲੁੱਟਣ, ਇੱਜ਼ਤ ਵਾਲਿਆਂ ਨੂੰ ਧੀਆਂ ਭੈਣਾਂ ਦੇ ਸਾਹਮਣੇ ਨੰਗੀਆਂ ਗਾਲ੍ਹਾਂ ਕੱਢਣ ਤੇ ਬਿਨਾਂ ਪੁੱਛ ਪੜਤਾਲ ਦੇ ਜਿਥੇ ਮਰਜ਼ੀ ਲੰਮਾ ਪਾ ਲੈਣ, ਜਿਧਰ ਮਰਜ਼ੀ ਲਿਜਾ ਕੇ ਮਾਰ ਕੇ ਰੋੜ ਦੇਣ ਤੇ ਇਹੋ ਜਿਹੇ ਜੀਣ ਨਾਲੋਂ ਬਾਹਰ ਚਲੇ ਜਾਣਾ ਚੰਗਾ ਸਮਝਿਆ। ਸੋਚਿਆ—ਖਹਿੜਾ ਛੁੱਟਾ।"

ਆਪ ਆਪਣੇ ਪੈਰੀਂ ਕੁਹਾੜਾ ਮਾਰਿਆ। ਆਪਣੀਆਂ ਟਾਹਣੀਆਂ ਆਪ ਛਾਂਗੀਆਂ। ਆਪਣੇ ਹੱਥੀਂ ਆਪ ਕੰਨਟੇਨਰਾਂ ਵਿਚ ਬਹਿ ਕੇ, ਜਾਇਦਾਦਾਂ ਵੇਚ ਕੇ, ਮਰਦੇ ਜਿਉਂਦੇ ਕਈ ਤਾਂ ਆਣ ਪਹੁੰਚੇ ਤੇ ਕੁਝ ਜਹਾਜ਼ਾਂ ਨਾਲ ਲਮਕੇ, ਕਈ ਫਰੀਜ਼ਰਾਂ ਵਿਚ ਫਰੀਜ਼ ਹੋ ਗਏ ਤੇ ਕਈ ਕਿਸ਼ਤੀਆਂ ਵਿਚ ਸਮੁੰਦਰ ਵਿਚ ਡੁੱਬ ਕੇ ਮਾਰ ਗਏ। ਪਰ ਖਹਿੜਾ ਛੁੱਟਾ। ਖਹਿੜਾ ਤਾਂ ਨਵਾਂ ਪੈ ਗਿਆ, ਜਦੋਂ ਟੈਕਸੀ ਚਲਾਉਂਦਿਆਂ ਨੂੰ ਪਿੱਛੋਂ ਹੀ ਕੋਈ ਬੇਪਛਾਣ ਗੋਲੀ ਮਾਰ ਕੇ ਮਾਰ ਜਾਂਦਾ ਹੈ ਤੇ ਗਰੌਸਰੀ ਸਟੋਰ 'ਤੇ ਕੰਮ ਕਰਦੇ ਤੋਂ ਪੈਸੇ ਵੀ ਖੋਹ ਕੇ

ਭੱਜ ਜਾਂਦਾ ਹੈ ਤੇ ਜਾਂਦਾ ਗੋਲੀ ਨਾਲ ਭੁੰਜੇ ਲੰਮਾ ਵੀ ਪਾ ਜਾਂਦਾ ਹੈ। ਗੈਸ ਸਟੇਸ਼ਨਾਂ 'ਤੇ ਬਰਫ਼ਾਂ ਵਿਚ ਆਕੜੇ ਵੀ ਸਹਿਮੇ ਕਿਸੇ ਪਰਛਾਵੇਂ ਤੋਂ ਡਰਦੇ ਦਿਨ ਕੱਟਦੇ ਹਨ। ਆਪਣੇ ਵੀ ਮੁੰਡੇ ਕੁੜੀਆਂ ਆਪਣੀ ਬੋਲੀ, ਆਪਣਾ ਵੇਸ, ਆਪਣੇ ਦੇਸ ਭੁੱਲ ਰਹੇ ਹਨ ਤੇ ਮੈਨੂੰ ਫਿਰ ਯਾਦ ਆਏ ਉਸ ਕਾਲੇ ਦੇ ਲਫ਼ਜ਼ ਕਿ ਤੁਹਾਡਾ ਵਿਰਸਾ ਬਹੁਤ ਅਮੀਰ ਹੈ—ਸਾਂਭ ਕੇ ਰੱਖਿਓ।

—



# ਮੇਮ ਦਾ ਝਾਟਾ

ਮੈਂ ਆਪਣੇ ਮਾਂ-ਪਿਓ ਦੀ ਪਲੇਠੀ ਦੀ ਧੀ ਸੀ। ਮੈਂ ਪਹਿਲੀ, ਦੂਜੀ ਜਮਾਤ ਵਿਚ ਹੀ ਸੀ ਕਿ ਮੇਰੀ ਮਾਂ ਮੈਨੂੰ ਕੱਪੜਾ ਲੀੜਾ, ਸੌਦਾ-ਸੂਤ ਖਰੀਦਣ ਨਾਲ ਲੈ ਜਾਂਦੀ। ਇਕ ਵਾਰੀ ਅਸੀਂ ਨੌਹਰੀਏ ਦੀ ਦੁਕਾਨ 'ਤੇ ਗਰਮੀਆਂ ਦੇ ਕੱਪੜੇ ਖਰੀਦਣ ਗਈਆਂ। ਵਾਹਵਾ ਲੰਮੀ ਲਾਈਨ ਜ਼ਮੀਨ 'ਤੇ ਵਿਛੇ ਕਾਲੀਨ 'ਤੇ ਬੈਠੇ ਲੋਕਾਂ ਦੀ ਲੱਗੀ ਹੋਈ ਸੀ। ਕਿਉਂਕਿ ਇਹ ਦੁਕਾਨ ਪੇਂਡੂ ਲੋਕਾਂ ਦੇ ਆੜ੍ਹਤੀਏ ਦੀ ਦੁਕਾਨ ਸੀ ਜਿਥੋਂ ਲੋਕੀ ਹਾੜ੍ਹੀ ਸਾਉਣੀ ਵੇਚ ਕੇ ਪਿਛਲਾ ਹਿਸਾਬ ਸਾਫ਼ ਕਰਕੇ ਅਗਾਂਹ ਸਿਰ 'ਤੇ ਪੰਡ ਕੱਪੜਿਆਂ ਦੀ ਲੈ ਜਾਂਦੇ।

ਜਦੋਂ ਸਾਡੀ ਵਾਰੀ ਆਈ ਤਾਂ ਮੇਰੀ ਮਾਂ ਕਹਿੰਦੀ—"ਪਹਿਲਾਂ ਮੇਰੀ ਧੀ ਵਾਸਤੇ ਸੋਹਣੇ ਸੋਹਣੇ ਪਲੇਨ ਕੱਪੜੇ ਵਿਚ ਰੰਗ ਵਿਖਾ।" ਉਹ ਤਾਂ ਥਾਨ 'ਤੇ ਥਾਨ ਕਾੜ ਕਾੜ ਸੁੱਟੀ ਜਾਵੇ। ਮੇਰੀ ਮਾਂ ਮੇਰੇ ਵੱਲ ਵੇਖੀ ਜਾਵੇ ਕਿ ਇਹਨੂੰ ਕਿਹੜਾ ਰੰਗ ਪਸੰਦ ਹੈ। ਮੈਂ ਰੰਗਾਂ ਵੱਲ ਘੱਟ ਤੇ ਆਪਣੀ ਮਾਂ ਵੱਲ ਵੱਧ ਵੇਖਾਂ ਕਿ ਇਹ ਕਿਹੜਾ ਰੰਗ ਪੜਵਾਉਂਦੀ ਹੈ ?

ਹਾਰ ਕੇ ਮੇਰੀ ਮਾਂ ਨੇ ਦਿਲ ਵਿਚੋਂ ਰੰਗ ਕਿਹੜਾ ਜ਼ਬਾਨ 'ਤੇ ਲਿਆਂਦਾ—"ਓਹ ਮੇਮ ਦੇ ਝਾਟੇ ਵਰਗਾ ਰੰਗ ਕੱਢ।"

ਉਹ ਜ਼ੋਰ ਜ਼ੋਰ ਦੀ ਹੱਸ ਪਿਆ—"ਕਿਹੜਾ ਬੀਬੀ ਜੀ ਮੇਮ ਦਾ ਝਾਟਾ ਏਥੇ।" ਅਖ਼ੀਰ ਉਪਰੋਂ ਹਿਸਾਬ ਲਾ ਕੇ ਉਹਨੇ ਇਕ ਥਾਨ ਸਾਡੇ ਅੱਗੇ ਵਗਾਹ ਮਾਰਿਆ। ਮੇਮ ਲਫ਼ਜ਼ ਪਹਿਲੀ ਵਾਰੀ ਮੇਰੇ ਸੁਣਨ ਵਿਚ ਆਇਆ ਤੇ ਝਾਟਾ ਤਾਂ ਮੈਂ ਪਿੱਛੋਂ ਉਨ੍ਹਾਂ ਦੀਆਂ ਕਰਤੂਤਾਂ ਸੁਣ ਸੁਣ ਮੈਂ ਰੋਜ਼ ਹੀ ਸੁਪਨਿਆਂ ਵਿਚ ਵੀ ਪੁੱਟਦੀ।

ਮੇਰੀ ਮਾਂ ਨੇ ਤਾਂ ਇਨ੍ਹਾਂ ਨੂੰ ਕਦੇ ਚੰਦਰੀਆਂ, ਚੁੜੇਲਾਂ ਕਹਿਣਾ। ਕਿਉਂਕਿ ਉਸਦੀ ਜ਼ਿੰਦਗੀ ਕੋਈ ਸਾਵੀਂ ਪੱਧਰੀ ਨਹੀਂ ਸੀ ਤੇ ਕਾਰਨ ਇਹ ਮੇਮਾਂ ਹੀ ਸਨ।

ਅਸੀਂ ਜਦੋਂ ਉਸ ਜ਼ਮਾਨੇ ਦੇ ਦਸ ਜਮਾਤਾਂ ਪੜ੍ਹੇ ਆਪਣੇ ਨਾਨੇ ਨੂੰ ਪੜ੍ਹੇ ਲਿਖੇ ਸਿਆਣੇ ਗੁਣੀ ਗਿਆਨੀ ਮਾਮੇ ਨੂੰ ਕਮਲਿਆ, ਕੁੱਤਿਆ, ਬਿੱਲਿਆ ਕਹਿੰਦੇ ਸੁਣਨਾ ਤਾਂ ਗ਼ੁੱਸਾ ਬੁੱਢੇ ਨਾਨੇ 'ਤੇ ਚੜ੍ਹਨਾ ਕਿ ਇਹ ਕਿਉਂ ਗਾਲ੍ਹਾਂ ਕੱਢਦਾ ਹੈ ?

ਮੇਰੀ ਨਾਨੀ ਨੇ ਬਥੇਰਾ ਹਟਾਉਣ ਦੀ ਕੋਸ਼ਿਸ਼ ਕਰਨੀ ਪਰ ਨਾਨੇ ਨੇ ਤੱਤੀ-ਤੱਤੀ ਭੁੱਬਲ ਪਾ ਦੇਣੀ ਤੇ ਗ਼ੁੱਸੇ ਵਿਚ ਕ੍ਰਿਝਦੇ ਨੇ ਕਹਿਣਾ—"ਕਮਲੀਏ, ਕੁੱਤੀਏ ਤੂੰ ਬਹਿ ਜਾ ਚੁੱਪ ਕਰਕੇ, ਨਹੀਂ ਤਾਂ ਝਾਟਾ ਖੁਹਾ ਬਹੇਂਗੀ।"

ਨਾਨੀ ਨੇ ਰੱਜ ਕੇ ਰੋ ਲੈਣਾ ਕਿ ਮੇਰੀ ਕਿਸਮਤ ਮਾੜੀ। ਇਹ ਟੁੱਟ ਪੈਣੇ ਅੰਗਰੇਜ਼ ਨਾ

ਆਉਂਦੇ। ਇਹ ਮੇਮਾਂ ਕਮੀਨੀਆਂ ਕੁੱਤੀਆਂ ਉਨ੍ਹਾਂ ਨੂੰ ਵਰਜਦੀਆਂ। ਇਹ ਵੀ ਤਾਂ ਕਿਸੇ ਦੇ ਪੁੱਤ ਭਰਾ ਸੀ। ਕਿਤੇ ਇਹ ਚੁੜੇਲਾਂ ਨਾ ਚੰਬੜਦੀਆਂ ਸਾਡੇ ਮਰਦਾਂ ਨੂੰ ਤਾਂ ਸਾਡਾ ਇਹ ਹਾਲ ਨਾ ਹੁੰਦਾ। ਅਸੀਂ ਕਿਹੜੇ ਖੂਹ ਵਿਚ ਪਈਏ ?"

ਇਹ ਨਿੱਤ ਦਾ ਕਲੇਸ਼, ਰੋਣਾ ਪਿੱਟਣਾ, ਗਾਲ੍ਹਾਂ ਸਭ ਕਾਸੇ ਦਾ ਕਾਰਨ ਹੁਣ ਤਾਂ ਸਮਝ ਆਉਂਦਾ ਹੈ ਕਿ ਰੋਜ਼ੀ, ਰੋਟੀ, ਕੱਪੜੇ ਦੀ ਘਾਟ, ਬੇਇਨਸਾਫ਼ੀ, ਨਾ ਬਰਾਬਰੀ ਨੇ ਲੱਖਾਂ ਤੋਂ ਕੱਖ ਕਰ ਕੇ ਸੁੱਟਣਾ ਸੀ। ਮਾਂ ਦੇ ਸ਼ਬਦ 'ਮੇਮ ਦਾ ਝਾਟਾ' ਹਰ ਵਕਤ ਮੇਰੀਆਂ ਅੱਖਾਂ ਅੱਗੇ ਰਹਿੰਦਾ।

ਮੇਰੀ ਨਾਨੀ ਨੇ ਦੱਸਿਆ—ਕਿ ਤੇਰਾ ਨਾਨਾ ਦਸਵੀਂ ਵਿਚ ਪੜ੍ਹਦਾ ਸੀ ਕਿ ਇਕ ਦਿਨ ਪਿੰਡ ਢੋਲ ਵੱਜੇ ਕਿ ਸੰਗਤ ਤਿਆਰ ਹੋ ਜਾਵੇ ਜੈਤੋਂ ਦੇ ਮੋਰਚੇ ਉੱਤੇ ਜਥਾ ਲਿਜਾਣਾ। ਕਿੰਨਵਾਂ ਜਥਾ ਸੀ, ਕਿਥੇ ਤੇ ਕਿਉਂ ਜਾਣਾ ਸੀ, ਇਹ ਤਾਂ ਉਸ ਵੇਲੇ ਮੇਰੇ ਲੈਵਲ ਤੋਂ ਉਤਾਂਹ ਦੀਆਂ ਗੱਲਾਂ ਸਨ।

ਬੱਸ ਮੈਂ ਤਾਂ ਸਿਰਫ਼ ਇਹੀ ਪੁੱਛਦੀ—"ਫਿਰ ਕੀ ਹੋਇਆ।"

ਕਹਿੰਦੀ—"ਇਹ ਘਰ ਦੱਸੇ ਪੁੱਛੇ ਤੋਂ ਬਿਨਾਂ ਹੀ ਚਲੇ ਗਿਆ। ਇਹਨੂੰ ਛੋਟਾ ਵੇਖ ਉਹ ਕਹਿੰਦੇ ਕਾਕਾ ਤੂੰ ਨੀਂ ਜਾ ਸਕਦਾ। ਪਰ ਫਿਰ ਖਣੀ ਬੰਦੇ ਪੂਰੇ ਨਾ ਹੋਏ। ਇਹਨੂੰ ਰੋਂਦੇ ਨੂੰ ਵੇਖ ਕੇ ਉਹ ਕਹਿੰਦੇ ਆ ਜਾ ਜੇ ਤੂੰ ਏਨਾ ਹੀ ਸੂਰਮਾ ਹੈਂ ਤਾਂ।

ਅਸੀਂ ਤਾਂ ਇਹੋ ਸੁਣਿਆ ਕਿ ਜਿੱਦਣ ਇਹ ਗਿਆ ਨਾਨੀ ਰੋਟੀ ਨਾ ਖਾਵੇ ਕਿ ਇਹਨੂੰ ਉਨ੍ਹਾਂ ਮਾਰ ਦੇਣਾ। ਮੈਂ ਮਰੇ ਦਾ ਮੂੰਹ ਨਹੀਂ ਵੇਖ ਸਕਣਾ। ਤੇ ਮੇਰੀ ਮਾਂ ਤਾਂ ਨਿਆਣੀ ਸੀ ਉਹਨੂੰ ਏਨਾ ਮਹਿਸੂਸ ਨਾ ਹੋਇਆ। ਜਦੋਂ ਢਾਈ ਸਾਲਾਂ ਬਾਅਦ ਆਇਆ ਤਾਂ ਇਹ ਅਰਧ ਪਾਗਲ ਸੀ। ਬਸ ਇਹੀ ਕਹੇ—ਉਹ ਕਮਲੇ, ਉਹ ਕੁੱਤੇ ਤੇ ਜ਼ੋਰ ਦੀ ਕਿਹਾ ਕਰੇ—ਲੱਥੇ ਉਨ੍ਹਾਂ ਦੀ ਮਕਾਣ ਜਿਨ੍ਹਾਂ ਮੈਨੂੰ ਧੁੱਪੇ ਲੰਮੇ ਪਾ ਕੇ ਬੂਟਾਂ ਸਣੇ ਕਰਚ ਕਰਚ ਕਰਕੇ ਲਿਤਾੜਿਆ, ਡਾਂਗਾਂ ਮਾਰੀਆਂ, ਭੁੱਖਿਆਂ ਤਿਹਾਇਆ ਰੱਖਿਆ। ਮਰਨ ਇਹ...ਗੰਦੀਆਂ ਗਾਲ੍ਹਾਂ ਕੱਢੇ।"

ਅੱਜ ਮੇਰੀ ਨਾਨੀ ਨਹੀਂ, ਨਾਨਾ ਨਹੀਂ ਪਰ ਉਨ੍ਹਾਂ ਦੀ ਹਾਲਤ ਮੇਰੇ ਦਿਮਾਗ਼ ਵਿਚ ਰਹਿੰਦੀ। ਮੈਂ ਆਪਣੀ ਨਾਨੀ ਨੂੰ ਕਿਹਾ ਕਿ ਇਨ੍ਹਾਂ ਚੰਦਰਿਆਂ ਆਪਣੇ ਦੇਸ਼ਾਂ ਵਿਚ ਵੀ ਲੋਕਾਂ ਨਾਲ ਘੱਟ ਨਹੀਂ ਕੀਤੀ। ਜੇ ਕਿਸੇ ਭੁੱਖ ਦੇ ਮਾਰੇ ਨੇ ਬਰੈਡ ਦੀ ਚੋਰੀ ਕੀਤੀ ਤਾਂ ਦੁਨੀਆ ਦਾ ਓਦੋਂ ਕਾਲਾ ਪਾਣੀ ਹੀ ਸੀ ਦੂਰ ਸਮੁੰਦਰੋਂ ਪਾਰ ਆਸਟ੍ਰੇਲੀਆ, ਇਨ੍ਹਾਂ ਉਹਨੂੰ ਉਥੇ ਚੁੱਕ ਮਾਰਿਆ। ਉਨ੍ਹਾਂ ਦੇ ਬੱਚੇ ਮਾਰੇ, ਬੱਚੇ ਬਚ ਨਾ ਜਾਣ ਦੁੱਧ ਤੋਂ ਵਾਂਝਿਆ ਕਰਨ ਲਈ ਡੰਗਰ ਮਾਰੇ, ਫ਼ਸਲਾਂ ਸਾੜੀਆਂ ਤੇ ਅੱਜ ਇਨ੍ਹਾਂ ਦੀ ਆਪਣੀ ਹੀ ਦੁਰਗਤ ਹੈ। ਕਿਸੇ ਨੂੰ ਪਿਓ ਦਾ ਨਹੀਂ ਪਤਾ, ਕਿਸੇ ਦੀ ਮਾਂ ਕਿਸੇ ਨਾਲ ਰਹਿੰਦੀ, ਧੀ ਸਟੈਪ ਭਰਾਵਾਂ ਨਾਲ, ਸਟੈਪ ਪਿਓਆਂ ਨਾਲ।

ਹੁਣ ਕੀ ਕਰਨਗੀਆਂ ਇਹ ਮੇਮਾਂ ਜਦੋਂ ਬੱਚੇ ਗੇ ਬਣ ਕੇ ਦੱਸ ਦੇਂਦੇ ਹਨ—ਜਾਓ ਤੁਰੋ ਫਿਰੋ, ਤੁਹਾਡਾ ਖ਼ਾਨਦਾਨ, ਨਾਮ, ਨਿਸ਼ਾਨ ਖ਼ਤਮ। ਮੈਂ ਵੀ ਵੇਖਦੀ ਇਨ੍ਹਾਂ ਦੇ ਬੱਚਿਆਂ



ਨੂੰ ਇੰਟਰਨੈੱਟ 'ਤੇ ਚਾਰ ਰੂਮਾਂ ਵਿਚ ਥਾਵਾਂ, ਡੇਟਾਂ ਫਿਕਸ ਕਰਦਿਆਂ ਨੂੰ। ਆਹਾਂ ਲੱਗਣੀਆਂ ਇਨ੍ਹਾਂ ਨੂੰ ਜਿਨ੍ਹਾਂ ਤੋਂ ਇਨ੍ਹਾਂ ਮਾਪੇ ਖੋਹੇ, ਬੱਚੇ ਖੋਹੇ, ਘਰ, ਦੇਸ਼, ਰੋਟੀ ਪਾਣੀ ਖੋਹਿਆ ਤੇ ਕਮਲਿਆਂ ਕਰਕੇ ਮਾਰਿਆ। ਹੁਣ ਇਹ ਬਣਾਈ ਫਿਰਨ ਝਾਟੇ। ਫਿਰਦੀਆਂ ਰਹਿਣ ਕੱਲੀਆਂ ਕੱਲੀਆਂ ਜ਼ਬਾਨਾਂ ਕੱਢੀ ਪਰਾਈ ਮਾਰ ਮਾਰ ਕੇ।

—

# ਸੰਘਰਸ਼

ਅਮਰੀਕਾ ਵਿਚ ਆ ਕੇ ਮੈਂ ਨਿਊਯਾਰਕ ਕਲਾਸਾਂ ਲੈਣ ਜਾਂਦੀ ਸਾਂ। ਚੰਗੀ ਕਿਸਮਤ ਨੂੰ ਇਹ ਸਕੂਲ ਕਾਲਿਆਂ ਦੇ ਮਸ਼ਹੂਰ ਇਲਾਕੇ ਬਰੁਕਲਿਨ ਵਿਚ ਸੀ। ਉਥੇ ਮੈਨੂੰ ਚੇਅਰਮੈਨ ਇਕ ਇਰਾਨੀ ਮੂਲ ਦਾ ਮਿਲਿਆ, ਜੋ 1947 ਵਿਚ ਭਾਰਤ ਵਿਚ ਆਲ ਇੰਡੀਆ ਸਟੇਸ਼ਨ 'ਤੇ ਅੰਗਰੇਜ਼ੀ ਸਮਾਚਾਰ ਪ੍ਰਸਾਰਿਤ ਕਰਦਾ ਸੀ। ਉਹ ਕਹਿਣ ਲੱਗਾ—"ਮਹਾਤਮਾ ਗਾਂਧੀ ਦੇ ਅਸੈਸੀਨੇਸ਼ਨ ਦੀ ਖ਼ਬਰ ਮੈਂ ਅਨਾਊਂਸ ਕੀਤੀ ਸੀ।" ਉਹ ਹਮੇਸ਼ਾ ਨਹਿਰੂ ਟੋਪੀ ਪਾ ਕੇ ਰੱਖਦਾ ਸੀ। ਏਨੇ ਵਿਚ ਹੀ ਮੈਨੂੰ ਬਹੁਤ ਹੌਸਲਾ ਹੋ ਗਿਆ ਕਿ ਸਾਨੂੰ ਵੀ ਲੋਕ ਜਾਣਦੇ ਹਨ। ਮੇਰੀ ਗਾਈਡੈਂਸ ਕੌਂਸਲਰ ਇਕ ਕਾਲੀ ਤੇ ਬਹੁਤ ਹੀ ਦਿਲ ਵਾਲੀ ਸੀ। ਉਸ ਤੋਂ ਅੱਗੇ ਮੇਰੀ ਐਡਮਿਸਟ੍ਰੇਸ਼ਨ ਸੁਪਰਡੈਂਟ ਨੇਟਿਵ ਇੰਡੀਅਨ ਮਿਸ ਵਨੀਤਾ ਸੀ ਜੋ ਬਿਲਕੁਲ ਹੀ ਮੈਨੂੰ ਆਪਣੀ ਭੈਣ ਹੀ ਲੱਗੀ। ਇਨ੍ਹਾਂ ਸਾਰਿਆਂ ਨੇ ਮੇਰਾ ਵਿਭਾਗ ਵਿਚ ਦਿਲੋਂ ਸਵਾਗਤ ਕੀਤਾ ਤੇ ਮੈਨੂੰ ਮੇਰਿਆਂ ਨਾਲੋਂ ਵੀ ਵੱਧ ਪਿਆਰ, ਸਤਿਕਾਰ ਤੇ ਨਿੱਘ ਦਿੱਤਾ। ਮੇਰੀਆਂ ਆਰਥਿਕ ਮਜਬੂਰੀਆਂ ਦੱਸਣ ਤੇ ਜੋ ਇਥੇ ਨਵੇਂ ਆਏ ਲੋਕਾਂ ਨੂੰ ਸਹਿਣੀਆਂ ਪੈਂਦੀਆਂ ਹਨ। ਉਨ੍ਹਾਂ ਮੇਰੀ ਰੱਜ ਕੇ ਮਦਦ ਕੀਤੀ। ਹਫ਼ਤੇ ਵਿਚ ਦੋ ਦਿਨ ਮੈਂ ਕਲਾਸ ਲਾਉਣ ਜਾਣਾ ਤੇ ਮੇਰੀ ਕਾਊਂਸਲਰ ਨੇ ਉਹ ਦੋਵੇਂ ਦਿਨ ਹੀ ਗ੍ਰੈਜੂਏਟ ਅਸਿਸਟੈਂਟ ਦੀ ਨੌਕਰੀ ਦੇ ਦਿੱਤੀ ਜੋ ਕਿ ਉਸ ਦਾ ਮੇਰੇ 'ਤੇ ਰਹਿਮ ਦਾ ਹੀ ਹਿੱਸਾ ਸੀ।

ਪਹਿਲੇ ਦਿਨ ਮੈਂ ਕਲਾਸ ਵਿਚ ਸਭ ਤੋਂ ਪਹਿਲਾਂ ਪਹੁੰਚ ਗਈ। ਅਜੇ ਮੈਂ ਦਹਿਲੀਜ਼ 'ਤੇ ਪੈਰ ਰੱਖਿਆ ਸੀ ਕਿ ਮੈਨੂੰ ਇਹ ਵੇਖ ਕੇ ਬਿਜਲੀ ਦਾ ਝਟਕਾ ਲੱਗਿਆ ਕਿ ਟੀਚਰ ਤਾਂ ਗੋਰੀ ਹੈ। ਮੈਂ ਤੇ ਨਾਂ ਤੋਂ ਕਾਲੀ ਹੋਣ ਦਾ ਅੰਦਾਜ਼ਾ ਲਾਇਆ ਸੀ। 'ਹੁਣ ਬੱਚੂ ਨਹੀਂ ਬਚੇਂਗੀ, ਪੈ ਵੱਸ ਗੋਰੀ ਦੇ। ਆਖ਼ਰ ਹੈ ਤਾਂ ਟੀਚਰ, ਕੀ ਕਰਾਂ ਤੇ ਕੀ ਨਾ ਕਰਾਂ ?' ਆਖ਼ਰ ਸਭਿਆਚਾਰ ਤਾਂ ਭਾਰਤੀ ਹੈ। ਮੈਂ ਉਸ ਨੂੰ ਗੁੱਡ ਮਾਰਨਿੰਗ ਮੈਮ ਕਹਿ ਦਿੱਤਾ। ਉਹ ਬਹੁਤ ਖ਼ੁਸ਼ ਹੋਈ ਤੇ 'ਵੈਲਕਮ ! ਵੈਲਕਮ !' ਕਰਨ ਲੱਗ ਪਈ। ਪਤਾ ਨਹੀਂ ਕਿਉਂ ਮੈਨੂੰ ਗੋਰੇ ਰੰਗ ਦੇ ਚਿੱਟੇ ਤੇ ਦਿਲ ਦੇ ਕਾਲੇ ਲੱਗਦੇ ਨੇ ਤੇ ਉਨ੍ਹਾਂ ਦੀ ਕਾਲਖ ਕਦੇ ਨਾ ਕਦੇ ਫਿਰ ਦਿਲ ਦਿਮਾਗ਼ ਨੂੰ ਝਰੀਟ ਹੀ ਜਾਂਦੀ। ਉਹਨੇ ਵੀ ਜਦੋਂ ਮੇਰੇ ਨਾਲ ਗੱਲ ਸ਼ੁਰੂ ਕੀਤੀ ਤਾਂ ਮੂੰਹ ਪਰ੍ਹੇ ਕਰ ਲਿਆ। ਜਿਵੇਂ ਮੇਰੇ ਪੰਜਾਬੀ ਸੂਟ ਵਿਚੋਂ ਉਹਨੂੰ ਬਦਬੂ ਆਉਂਦੀ ਹੋਵੇ। ਇਹ ਉਸਦਾ ਐਟੀਚਿਊਡ ਸੀ ਜੋ ਮੈਂ ਸਮਝਦੀ ਸਾਂ। ਮਨ 'ਚ ਆਇਆ—ਕੋਈ ਨਹੀਂ ਬੱਚੂ ! ਤੇਰਾ ਨੱਕ ਤੇ ਮੈਂ ਦਮ ਨਹੀਂ ਕਰਨਾ, ਪਰ ਤੇਰੇ ਕੰਨਾਂ ਦੇ ਪਰਦੇ ਚੰਗੀ ਤਰ੍ਹਾਂ ਖੋਲ੍ਹੂੰ। ਮੈਨੂੰ



ਵੀ ਹੌਸਲਾ ਸੀ ਉਪਰਲੀ ਹਾਈ ਕਮਾਂਡ ਜੋ ਮੈਨੂੰ ਸਮਝਦੀ ਸੀ। ਮੈਂ ਅਣਗੌਲਿਆਂ ਜਿਹਾ ਕਰਕੇ ਆਕੜ ਕੇ ਸਭ ਤੋਂ ਪਹਿਲੀ ਕਤਾਰ ਵਿਚ ਸੀਟ 'ਤੇ ਬੈਠ ਗਈ। ਉਹ ਫਿਰ ਆਪਣੇ ਆਪ ਨੂੰ ਹੋਰ ਅਕੜਾ ਕੇ ਬੋਲੀ—"ਤੂੰ ਅੰਗਰੇਜ਼ੀ ਸਮਝ ਲੈਂਦੀ ਹੈਂ ?" ਜਿਵੇਂ ਅੰਗਰੇਜ਼ੀ ਇਨ੍ਹਾਂ ਦੀ ਸਕੀ ਮਾਂ ਤੇ ਸਾਡੀ ਮਤਰੇਈ ਹੋਵੇ। ਪਰ ਇਨ੍ਹਾਂ ਨੂੰ ਨਹੀਂ ਪਤਾ ਕਿ ਸਕੀ ਮਾਂ ਨਾਲ ਤੇ ਅਸੀਂ ਪਿਆਰ ਕਰਦੇ ਹੀ ਹਾਂ ਪਰ ਮਤਰੇਈ ਦੀ ਵੀ ਜੇ ਲੋੜ ਪਵੇ ਤਾਂ ਸਕੀ ਤੋਂ ਵੀ ਵੱਧ ਅਪਣਾਉਂਦੇ ਹਾਂ। ਸੋ ਮੈਂ ਮੂੰਹ ਥੱਲੇ ਕਰਕੇ ਤੇ ਅੱਖਾਂ ਪੂਰੀਆਂ ਉਤਾਂਹ ਚੁੱਕ ਕੇ 'ਯੈੱਸ' ਭੁਆਂ ਕੇ ਮਾਰਿਆ। ਕਹਿੰਦੀ 'ਓ. ਕੇ.'। ਮੈਂ ਦਿਲ ਵਿਚ ਕਿਹਾ—ਆਈ ਵਿਲ ਸੀ ਯੂ ਲੇਟਰ।

ਲੈਕਚਰ ਪੂਰਾ ਕਰਕੇ ਪਹਿਲੀ ਅਸਾਈਨਮੈਂਟ ਦਿੱਤੀ ਕਿ ਦੋ ਇਨਸਾਈਕਲੋਪੀਡੀਆ ਦਾ ਫ਼ਰਕ ਕੱਢ ਕੇ ਦੱਸ। ਦਸ ਵੇਰਾਂ ਲਿਖ ਕੇ ਲਿਆਉਣਾ। ਮੈਂ ਤੇ ਪਹਿਲਾਂ ਵੀ ਇਹ ਸਭ ਕੁਝ ਕੀਤਾ ਸੀ। ਮੇਰੇ ਲਈ ਤਾਂ ਕੋਈ ਇਹ ਬਹੁਤ ਸੌਖਾ ਕੰਮ ਸੀ। ਬਾਕੀ ਵਿਚਾਰੇ ਕੋਈ ਕਿਸੇ ਸਬਜੈਕਟ ਵਿਚ ਬੀ.ਏ. ਤੇ ਕੋਈ ਕਿਸੇ ਵਿਚ, ਲਾਇਬ੍ਰੇਰੀ ਸਾਇੰਸ ਦੇ ਊੜੇ ਐੜੇ ਤੋਂ ਵੀ ਵਾਕਫ਼ ਨਹੀਂ ਸਨ। ਸੋ ਅਗਲੀ ਕਲਾਸ ਵਿਚ ਡਿਸਕਸ਼ਨ ਹੋਣੀ ਸੀ ਤੇ ਸਾਰਿਆਂ ਨੇ ਆਪਣੇ ਆਪਣੇ ਪੁਆਇੰਟ ਦੱਸਣੇ ਸਨ। ਮੇਰੇ ਪੁਆਇੰਟਾਂ ਨੇ ਪੂਰੀਆਂ ਅਸਾਲਟ ਦੀਆਂ ਗੋਲੀਆਂ ਦੀ ਬੁਛਾੜ ਕੀਤੀ। ਕਿਸੇ ਦੱਸਿਆ—ਪਬਲਿਸ਼ਰ, ਵਾਲਿਊਮਜ਼, ਰਾਈਟਰ ਇਹੋ ਜਿਹਾ ਹੀ ਫਾਰਮੈਟ ਦਾ ਫਰਕ ਦੱਸਿਆ। ਪਰ ਮੈਂ ਚੈਪਟਰ ਲੈ ਕੇ ਕਿੰਨਾ ਸੱਚ, ਕਿੰਨਾ ਫ਼ਰਕ, ਕਿੰਨਾ ਵਿਸਥਾਰ, ਕਿੰਨੀ ਸਟੈਟਿਸਟੀਕਲ ਕਵਰੇਜ਼ ਹੈ—ਇਸ ਤਰ੍ਹਾਂ ਦੇ ਪੁਆਇੰਟ ਇਕੋ ਸਾਹੇ ਅੰਗਰੇਜ਼ੀ ਵਿਚ ਬੋਲ ਦਿੱਤੇ। ਮਾਂ ਮਰ ਗਈ ਉਸ ਮੇਮ ਦੀ ਮੇਰੀ ਯੋਗਤਾ ਵੇਖ ਕੇ। ਕਹਿੰਦੀ—"ਤੂੰ ਕਿਸੇ ਦੀ ਮਦਦ ਲਈ ਹੈ।" ਮੈਂ ਮਨ ਵਿਚ ਕਿਹਾ—ਸਿਰ ਸੜੀਏ ! ਜਿਸ ਲਾਇਬ੍ਰੇਰੀ ਵਿਚ ਗਈ ਸਾਂ ਉਥੇ ਤੇਰੇ ਤੋਂ ਵੀ ਵੱਧ ਭੂਤਨੀ ਨਾਲ ਵਾਹ ਪਿਆ ਸੀ ਜੋ ਕਹਿੰਦੀ ਸੀ ਕਿ—"ਗੋ ਦਿਸ ਐਂਡ ਦੈਟ ਵੇ ਫਾਈਂਡ ਯੂਅਰਸੈਲਫ਼।"

ਉਸ ਦਿਨ ਤੋਂ ਉਹ ਮੇਰੇ ਪਿੱਛੇ-ਪਿੱਛੇ—"ਤੂੰ ਏਨਾ ਵਧੀਆ ਕੰਮ ਕਰਦੀ ਹਾਂ। ਮੈਂ ਸੋਚ ਵੀ ਨਹੀਂ ਸਕਦੀ।" ਪਰ ਮੈਂ ਆਪਣੀ ਪੂਰੀ ਆਕੜ ਵਿਚ ਢਾਈ ਮਹੀਨੇ ਦਾ ਸਮੈਸਟਰ ਕੱਢ ਲਿਆ। ਅਖ਼ੀਰ ਉਸ ਨੇ ਏ ਗ੍ਰੇਡ ਦਿੱਤਾ ਕਿਉਂਕਿ ਸਾਰੀਆਂ ਅਸਾਈਨਮੈਂਟਸ ਮੈਂ ਆਪਣੇ ਚੇਅਰਮੈਨ ਨਾਲ ਵੀ ਡਿਸਕਸ ਕੀਤੀਆਂ ਸਨ। ਅਵੈਲੂਏਸ਼ਨ ਸ਼ੀਟ ਆਈ ਸਾਡੇ ਹੱਥ। ਸਟੂਡੈਂਟਸ ਨੇ ਵੀ ਟੀਚਰ ਬਾਰੇ ਲਿਖ ਕੇ ਸੀਕਰਟ ਸ਼ੀਟ ਆਪਣੇ ਨਾਮ ਲਿਖੇ ਤੋਂ ਬਿਨਾਂ ਦੇਣੀ ਹੁੰਦੀ ਹੈ ਤੇ ਮੈਂ ਪਹਿਲੇ ਦਿਨ ਤੋਂ ਮੇਰੇ ਨਾਲ ਐਟੀਚਿਊਡ ਤੋਂ ਲੈ ਕੇ ਅਖ਼ੀਰ ਤਕ ਆਪਣੇ ਸਾਹ ਸੁਕਾਏ ਸਾਰੇ ਹੀ ਹੌਲੇ ਕਰ ਲਏ ਤੇ ਲਿਖ ਦਿੱਤਾ ਜੋ ਦਿਲ ਆਇਆ। ਕੁਝ ਦਿਨਾਂ ਬਾਅਦ ਪਤਾ ਲੱਗਾ ਕਿ ਉਸ ਨੂੰ ਵਾਰਨਿੰਗ ਦੇ ਕੇ ਇਸ ਸਮੈਟਸਰ ਲਈ ਐਕਸਟੈਨਸ਼ਨ ਮਿਲੀ ਹੈ।

ਪੜ੍ਹਨ ਦੇ ਨਾਲ-ਨਾਲ ਮੈਂ ਆਪਣੇ ਸਟੋਰ 'ਤੇ ਵੀ ਰਾਤ ਗਿਆਰਾਂ-ਬਾਰਾਂ ਵਜੇ ਤੱਕ ਕੰਮ ਕਰਦੀ ਸਾਂ। ਮੇਰੇ ਨਾਲ ਵੀਰ ਅਮਰ ਸੀ ਜੋ ਸਾਡਾ ਰਿਸ਼ਤੇਦਾਰ ਸੀ ਤੇ ਮੈਨੂੰ ਉਹ

ਸਦਾ ਹੀ ਆਪਣਾ ਬੇਟਾ ਹੀ ਲੱਗਦਾ ਕਿਉਂਕਿ ਉਸਦੇ ਮਾਂ ਬਾਪ ਇੰਡੀਆ ਵਿਚ ਸਨ। ਉਹ ਇਥੇ ਕੰਮ ਕਰਦਾ ਸੀ। ਇਕ ਦਿਨ ਮੈਂ ਕਿਹਾ—"ਅਮਰ ਤੂੰ ਬਹੁਤ ਤੇਜ਼ ਲਾਟਰੀ ਖੇਡਦਾ ਹੈਂ। ਮੈਨੂੰ ਵੀ ਇਸ ਤਰ੍ਹਾਂ ਖੇਡਣ ਦੀ ਜਾਚ ਆ ਜਾਊ, ਤੂੰ ਮੈਨੂੰ ਖੇਡਣ ਦਿਆ ਕਰ। ਕਿਤੇ ਇਹ ਨਾ ਹੋਵੇ ਕਿ ਤੂੰ ਇਥੇ ਨਾ ਹੋਵੇਂ ਤੇ ਮੈਂ ਗਾਹਕ ਹੀ ਭਜਾ ਦੇਵਾਂ।"

ਇਕ ਦਿਨ ਮੈਂ ਲਾਟਰੀ ਖੇਡ ਰਹੀ ਸਾਂ ਕਿ ਬੂਹੇ ਵਿਚੋਂ ਕਿਰਲੀ ਦੀ ਧੌਣ ਵਰਗੀ ਤੇ ਸੁਕੜੀ ਜਿਹੀ, ਝਾਟਾ ਖਿਲਾਰੀ ਸੜੀ ਜਿਹੀ ਮੇਮ ਆ ਗਈ। ਅਮਰ ਰਜਿਸਟਰ ਛੱਡ ਕੇ ਭੱਜਾ ਆਇਆ—"ਭਾਬੀ ਜੀ! ਇਹ ਬੜੀ ਔਂਤਰੀ ਜੇ, ਏਧਰ ਆ ਜਾਓ, ਮੈਨੂੰ ਖੇਡਣ ਦਿਓ।" ਮੈਂ ਵੇਖਾਂ ਤਾਂਹ-ਠਾਂਹ ਕਿ ਔਂਤਰੀ ਦਾ ਔਂਤਰਪੁਣਾ ਮੈਨੂੰ ਵੇਖ ਲੈਣ ਦੇ ਪਰ ਉਹ ਤਾਂ ਧੱਕੇ ਨਾਲ ਹੀ ਅਗਾਂਹ ਹੋ ਕੇ ਖੇਡਣ ਲੱਗ ਪਿਆ। ਤੇ ਉਹ ਮੇਮ ਕਦੇ ਮੂੰਹ ਘੁੱਟੇ, ਕਦੇ ਅੱਡੇ, ਕਦੇ ਜੀਭਾਂ ਫੇਰੇ, ਕਦੇ ਨੱਕ ਮਰੋੜੇ ਤੇ ਕਦੇ ਝਾਟੇ ਵਿਚ ਹੱਥ ਫੇਰੇ ਤੇ ਬੜੀ ਮਜਾਜ ਨਾਲ ਨੰਬਰ ਬੋਲੇ। ਮੈਂ ਪਰ੍ਹੇ ਖੜ੍ਹੀ ਉਹਦੇ ਵੱਲ ਵੇਖ-ਵੇਖ ਕੇ ਵਿੱਸ ਘੋਲੀ ਜਾਵਾਂ। ਇਸ ਤਰ੍ਹਾਂ ਉਸ ਦਿਨ ਉਹ ਮੇਰੇ ਵੱਸ ਨਾ ਪਈ। ਇਕ ਦਿਨ ਅਜਿਹਾ ਆ ਹੀ ਗਿਆ ਕਿ ਅਮਰ ਅੰਦਰ ਕੂਲਰ ਵਿਚ ਕੁਝ ਕਰਨ ਚਲੇ ਗਿਆ ਤੇ ਉਹ ਮੇਰੇ ਵਾਹ ਪੈ ਗਈ। ਮੈਂ ਕਿਹਾ—"ਹਾਏ!" ਤਾਂ ਉਸ ਨੇ ਥੋੜ੍ਹੀ ਜਿਹੀ ਆਕੜ ਵਿਖਾਈ ਜਿਵੇਂ ਮੈਨੂੰ ਇਹ ਮਹਿਸੂਸ ਕਰਵਾਇਆ ਕਿ ਇਹ ਮੇਰੇ ਨੰਬਰ ਖੇਡ ਵੀ ਲਵੇਗੀ? ਪਹਿਲਾਂ ਤਾਂ ਮੈਂ ਇਸ ਸਮੇਂ ਦੀ ਤਾਕ ਵਿਚ ਸਾਂ ਕਿ ਕਦੋਂ ਇਹਦੇ ਨਾਲ ਵਾਹ ਪਵੇ ਪਰ ਅੱਜ ਅੰਦਰੋਂ ਮੈਂ ਵੀ ਘਬਰਾ ਰਹੀ ਸਾਂ ਕਿ ਗ਼ਲਤੀ ਨਾ ਹੋ ਜਾਵੇ। ਸੋ ਉਹ ਉਸੇ ਤਰ੍ਹਾਂ ਹੀ ਨੰਬਰ ਬੋਲੀ ਜਾਵੇ ਤੇ ਮੈਂ ਖੇਡੀ ਜਾਵਾਂ ਤੇ ਅਖ਼ੀਰ ਉਸ ਦੀਆਂ ਸਲਿੱਪਾਂ ਗੁੱਡ ਲੱਕ ਕਹਿ ਕੇ ਫੜਾਉਂਦਿਆਂ ਮੈਂ ਕਿਹਾ—"ਮੇਕ ਸ਼ਿਓਰ ਐਵਰੀਥਿੰਗ ਇਜ਼ ਓ.ਕੇ.।" ਜੋ ਕਿ ਸਟੋਰ ਆਪਣਾ ਹੋਣ ਕਰਕੇ ਤੇ ਆਪਣੀ ਸੇਫ ਸਾਈਡ ਕਰਕੇ ਕਹਿਣਾ ਹੀ ਪੈਣਾ ਸੀ।

ਉਹ ਮੈਨੂੰ ਇਕ ਟਿਕਟ ਫੜਾ ਕੇ ਕਹਿੰਦੀ—"ਇਹ ਰੌਂਗ ਹੈ।"

ਮੈਂ ਕਿਹਾ—"ਮੈਨੂੰ ਦੇ ਦੇ, ਮੈਂ ਕੈਂਸਲ ਕਰ ਦਿੰਦੀ ਹਾਂ।" ਤੇ ਮੈਂ ਉਹ ਕੈਂਸਲ ਕਰਕੇ ਜਿਹੜਾ ਉਹਨੇ ਨਵਾਂ ਦਿੱਤਾ ਖੇਡ ਦਿੱਤਾ। ਉਹ ਨੰਬਰ ਲੈ ਕੇ ਚਲੀ ਗਈ।

ਰਾਤ ਅੱਠ ਵਜੇ ਰਿਜ਼ਲਟ ਆਇਆ ਤੇ ਉਹ ਕੈਂਸਲ ਕੀਤਾ ਨੰਬਰ ਨਿਕਲ ਆਇਆ ਤੇ ਪੈਸੇ ਵੀ ਚੋਖੇ। ਉਹਨੂੰ ਦਿਮਾਗ਼ ਦੀ ਹੌਲੀ ਨੂੰ ਚੇਤਾ ਭੁੱਲ ਗਿਆ ਕਿ ਇਹ ਨੰਬਰ ਮੈਂ ਕੈਂਸਲ ਕਰਵਾਇਆ ਸੀ। ਸਿਰ ਸੜੀ ਨੇ ਦਿਮਾਗ਼ 'ਤੇ ਬੋਝ ਵੀ ਨਾ ਪਾਇਆ ਤੇ ਭੱਜੀ ਆਈ ਸਟੋਰ ਤੇ ਹਫ਼-ਹਫ਼ ਕਰਦੀ—"ਆਈ ਵਿਲ ਸੂ ਯੂ, ਯੂ ਡਿੱਡ ਮਿਸਟੇਕ।" ਅਮਰ ਵਿਚਾਰਾ ਵੀ ਭੱਜਾ ਆਇਆ ਕਿ ਆਈ ਭਾਬੀ ਦੀ ਸ਼ਾਮਤ। ਮੈਨੂੰ ਤੇ ਪਵੇ ਉਹ ਖਾਣ ਜਿਵੇਂ ਬਿੱਜ ਪੈਂਦੀ ਹੈ—"ਤੇਰਾ ਕਸੂਰ ਹੈ, ਮੇਰੇ ਕੋਲ ਏਨੇ ਪੈਸੇ ਹੋਣੇ ਸੀ।" ਚੁੱਕ-ਚੁੱਕ ਕੇ ਲੱਤਾਂ ਮਾਰੇ ਫ਼ਰਸ਼ ਉੱਤੇ। ਜੋ ਮੂੰਹ ਆਵੇ ਬੋਲੀ ਜਾਵੇ।

ਅਮਰ ਹੌਲੀ-ਹੌਲੀ ਕਹੇ—"ਮੈਂ ਕਿਹਾ ਸੀ ਭਾਬੀ ਜੀ ਇਹ ਔਂਤਰੀ ਹੈ। ਹੁਣ ਕੀ ਬਣੂੰ।" ਉਹਦਾ ਰੰਗ ਉੱਡਿਆ ਪਿਆ ਸੀ। ਪਰ ਮੈਂ ਅਡੋਲ ਸੁਣਦੀ ਰਹੀ। ਜਦੋਂ ਉਹ



ਮੈਨੂੰ ਲੱਗਾ ਕਿ ਹੌਲੀ ਹੋਈ ਹੈ। ਚੰਗਾ ਹੁਣ ਮੈਂ ਵੇਖਦੀ ਹਾਂ। ਪਹਿਲਾਂ ਜਿਵੇਂ ਮੈਂ ਚੁੱਪ ਸੀ, ਹੁਣ ਕਿਹਾ—"ਬੀ ਕੁਆਈਟ, ਕੂਲ ਡਾਊਨ ਦੈਨ ਟਾਕ ਟੂ ਮੀ।" ਪਰ ਕਿਥੇ ਉਹ ਤੇ ਸਗੋਂ ਹੋਰ ਵੀ ਉਤਾਂਹ ਚੜ੍ਹ ਗਈ ਤੇ ਕਰ ਲਏ ਸਾਰੇ ਕਸਟਮਰ ਇਕੱਠੇ ਆਪਣੇ ਆਲੇ-ਦੁਆਲੇ।

ਮੈਂ ਕਿਹਾ—"ਓ.ਕੇ. ਬੋਲ ਲੈ, ਜਿੰਨਾ ਬੋਲ ਸਕਦੀ ਹੈਂ। ਮੇਰੇ 'ਤੇ ਕੋਈ ਅਸਰ ਨਹੀਂ।"

"ਕੋਈ ਅਸਰ ਨਹੀਂ। ਮੈਂ ਤੇਰਾ ਸਟੋਰ ਬੰਦ ਕਰਵਾ ਦੇਣਾ ਹੈ।" ਅਸਰ ਤਾਂ ਮੇਰੇ 'ਤੇ ਵੀ ਸੀ ਕਿ ਇਸ ਸੁਕੜੀ ਦੀ ਜੁਰੱਅਤ ਕਿਵੇਂ ਪਈ ਸਾਡੇ ਸਟੋਰ 'ਤੇ ਆ ਕੇ ਮੈਨੂੰ ਝੂਠਿਆਂ ਸਾਬਤ ਕਰਨ ਦੀ, ਨੀਵਾਂ ਦਿਖਾਉਣ ਦੀ ਤੇ ਤਮਾਸ਼ਾ ਕਰਨ ਦੀ। ਪਰ ਇਹ ਤਾਂ ਮੇਰੇ ਦਿਲ ਵਿਚ ਹੀ ਸੀ।

ਕਾਲਿਆਂ ਦੇ ਇਲਾਕੇ ਵਿਚ ਸਟੋਰ ਹੋਣ ਕਰਕੇ ਕਿਉਂਕਿ ਹੁੰਦਾ ਤਾਂ ਭਾਵੇਂ ਖ਼ਤਰਾ ਹੀ ਹੈ ਪਰ ਇਨ੍ਹਾਂ ਦੇ ਇਲਾਕੇ ਵਿਚ ਹੀ ਸਾਡੇ ਬਿਜ਼ਨਿਸ ਚੱਲਦੇ ਹਨ। ਸੋ ਕੁਝ ਸਿਆਣੇ ਵਿਚ ਪੈ ਗਏ ਕਿ ਤੂੰ ਉਸਦੀ ਵੀ ਤੇ ਸੁਣ ਲੈ ਤੇ ਉਹਨੂੰ ਉਨ੍ਹਾਂ ਚੁੱਪ ਕਰਵਾ ਦਿੱਤਾ।

"ਓ. ਕੇ., ਨਾਓ ਇਜ਼ ਮਾਈ ਟਰਨ। ਤੂੰ ਸ਼ਿਓਰ ਹੈਂ ਕਿ ਇਹ ਨੰਬਰ ਤੂੰ ਖੇਡਿਆ ਸੀ।"

"ਹਾਂ।"

ਪੈਰਾਂ 'ਤੇ ਪਾਣੀ ਹੀ ਨਾ ਪੈਣ ਦੇਵੇ। ਮੈਂ ਤਿੰਨ ਵਾਰੀ ਪੁੱਛਿਆ ਤੇ ਤਿੰਨੇ ਵਾਰੀ ਉਹਨੇ ਪੂਰੇ ਵਿਸ਼ਵਾਸ ਨਾਲ ਜ਼ੋਰ ਦੇ ਕੇ ਹਾਂ ਹੀ ਕਿਹਾ। ਦੂਜਾ ਮੈਂ ਪੁੱਛਿਆ—"ਤੂੰ ਕੋਈ ਨੰਬਰ ਕੈਂਸਲ ਕਰਵਾ ਕੇ ਨਵਾਂ ਖੇਡੀ ਸਾਂ?"

ਸੋਚ ਕੇ ਕਹਿੰਦੀ—"ਹਾਂ।" ਮੈਂ ਕਿਹਾ—"ਚੰਗੀ ਤਰ੍ਹਾਂ ਸੋਚ ਕੇ ਦੱਸ।" ਕਹਿੰਦੀ—"ਹਾਂ।" ਤੀਜਾ ਮੈਂ ਕਿਹਾ—"ਤੈਨੂੰ ਸਲਿੱਪਾਂ ਫੜਾ ਕੇ ਮੈਂ ਕਿਹਾ ਸੀ ਕਿ ਮੇਕ ਸ਼ਿਓਰ ਐਵਰੀਥਿੰਗ ਇਜ਼ ਓ.ਕੇ, ਚੈੱਕ ਯੂਅਰ ਨੰਬਰਜ਼।" ਕਹਿੰਦੀ—"ਹਾਂ, ਮੈਂ ਚੈਕ ਕੀਤੇ ਸੀ।" ਤੇ ਫਿਰ ਤੂੰ ਉਹ ਨੰਬਰ ਕਿਉਂ ਨਾ ਵੇਖਿਆ।

ਫਿਰ ਮੈਂ ਪੁੱਛਿਆ—"ਤੂੰ ਕੈਂਸਲ ਕਿਹੜਾ ਨੰਬਰ ਕਰਵਾਇਆ ਸੀ।" ਕਹਿੰਦੀ—"ਆਈ ਡੌਂਟ ਨੋ।" "ਪਰ ਤੂੰ ਕਰਵਾਇਆ ਤਾਂ ਸੀ ਨਾ।" ਕਹਿੰਦੀ—"ਹਾਂ, ਪਰ ਮੈਨੂੰ ਯਾਦ ਨਹੀਂ ਪਰ ਇਹ ਨਹੀਂ ਸੀ।"

ਮੈਨੂੰ ਪਤਾ ਸੀ ਕਿ ਹੁਣ ਇਹ ਝੂਠੀ ਹੈ। ਬਟੇਰਾ ਪੈਰ ਥੱਲੇ ਆਇਆ ਨਹੀਂ ਛੱਡਣਾ। ਮੈਂ ਪੂਰੇ ਵਿਸ਼ਵਾਸ ਨਾਲ ਕਿਹਾ—"ਤੂੰ ਇਹੋ ਕਰਵਾਇਆ ਹੈ।" ਕਹੇ—"ਨਹੀਂ।" ਮੈਂ ਕਿਹਾ—"ਲਾ ਸ਼ਰਤ।" ਕਹਿੰਦੀ—"ਠੀਕ ਹੈ। ਕਿੰਨੇ ਦੀ, ਜਿੰਨੇ ਪੈਸੇ ਦੀ ਲਾਟਰੀ ਨਿਕਲੀ ਹੈ ਭਾਵ ਪੈਂਤੀ ਸੌ ਡਾਲਰ।" ਮੈਂ ਕਿਹਾ—"ਤਿੰਨ ਵਾਰੀ ਕਹਿ ਕਿ ਮੈਂ ਇਹ ਕੈਂਸਲ ਨਹੀਂ ਕਰਵਾਇਆ" ਤੇ ਉਹਨੇ ਕਹਿ ਦਿੱਤਾ। ਬਾਕੀ ਕਸਟਮਰ ਦੇਖ ਰਹੇ ਸਨ ਤੇ ਉਸਦਾ ਬੈਡ ਐਟੀਚਿਊਡ ਵੇਖ ਕੇ ਉਹ ਵੀ ਬਹੁਤਿਆਂ ਦੀ ਹਮਦਰਦੀ ਮੇਰੇ ਨਾਲ ਸੀ। ਮੈਂ ਕੈਂਸਲ ਟਿਕਟਾਂ ਵਾਲੇ ਡੱਬੇ ਵਿਚੋਂ ਉਹ ਟਿਕਟ ਕੱਢ ਲਈ ਤੇ ਥੋੜਾ ਜਿਹਾ ਪਾਸੇ ਕਰਕੇ ਪਹਿਲਾਂ ਅਮਰ ਨੂੰ ਵਿਖਾਈ ਜੋ ਪੀਲਾ ਹੋਇਆ ਪਿਆ ਸੀ। ਵੇਖ ਕੇ ਉਸਦੇ ਮੂੰਹ ਤੋਂ ਹਵਾਈਆਂ ਉੱਡ

ਗਈਆਂ ਤੇ ਰੌਣਕ ਆ ਗਈ। ਅੱਖਾਂ ਵਿਚ ਚਮਕ, ਬੁੱਲ੍ਹਾਂ 'ਤੇ ਮੁਸਕਰਾਹਟ ਤੇ ਜ਼ਬਾਨ ਬੋਲਣ ਲੱਗ ਪਈ। ਮੈਂ ਉਹਨੂੰ ਨੰਬਰ ਵਖਾਉਂਦਿਆਂ ਉਪਰੋਂ ਤਾਰੀਖ਼ ਸਮਾਂ ਦੱਸ ਦਿੱਤਾ ਕਿ ਤੂੰ ਵੰਨ ਫਾਈਵ ਵੰਨ ਦੀ ਥਾਂ ਵੰਨ ਫਾਈਵ ਫੋਰ ਕਰਵਾਇਆ ਸੀ। ਉਹ ਤੇ ਫਰੀਜ਼ ਹੋ ਗਈ ਕਿਉਂਕਿ ਦਸ ਜਣੇ ਹੋਰ ਤਮਾਸ਼ਾ ਵੇਖ ਰਹੇ ਸੀ। ਬਾਕੀ ਕਹਿਣ ਕਿ ਪੈਸੇ ਦੇ ਤੇ ਉਹ ਉੱਚੀ-ਉੱਚੀ ਰੋਣ ਲੱਗ ਪਈ। ਮੈਂ ਕਿਹਾ—"ਓਹ ਬਿਊਟੀਫੁਲ ਵਾਈਟ ਲੇਡੀ। ਹੁਣ ਮੈਂ ਤੈਨੂੰ ਮੁਆਫ਼ ਕੀਤਾ ਅੱਗੋਂ ਤੋਂ ਗ਼ਲਤੀ ਨਾ ਕਰੀਂ ਸਾਨੂੰ ਝੂਠਾ ਕਰਨ ਦੀ। ਅਸੀਂ ਇੰਨੇ ਕਮੀਨੇ ਨਹੀਂ ਕਿ ਲਾਟਰੀਆਂ ਤੋਂ ਲੜੀਏ। ਅਸੀਂ ਤੇ ਜੂਏ ਵਿਚ ਵਿਸ਼ਵਾਸ ਹੀ ਨਹੀਂ ਰੱਖਦੇ। ਅਸੀਂ ਮਿੱਟੀ ਨਾਲ ਮਿੱਟੀ ਹੋ ਕੇ ਦਸਾਂ ਨੌਂਹਾਂ ਦੀ ਕਮਾਈ ਵਿਚ ਵਿਸ਼ਵਾਸ ਕਰਦੇ ਹਾਂ। ਦਿਨ ਰਾਤ ਆਪਣਾ ਸਿਰ ਤਲੀ 'ਤੇ ਰੱਖ ਕੇ ਕੰਡਿਆਂ ਦੀ ਸੇਜ 'ਤੇ ਵੀ ਸੌਣਾ ਜਾਣਦੇ ਹਾਂ ਪਰ ਨੀਵਾਂ ਹੋਣਾ ਨਹੀਂ ਜਾਣਦੇ। ਜਾਹ ਜਾ ਕੇ ਆਰਾਮ ਕਰ। ਮੈਂ ਨਹੀਂ ਲੈਣੇ ਤੇਰੀ ਸ਼ਰਤ ਹਾਰੀ ਦੇ ਪੈਸੇ।" ਤੇ ਉਹ ਸ਼ਰਮਿੰਦੀ ਹੋਈ ਚੁੱਪ ਕਰਕੇ ਬੇਸ਼ਰਮੀ ਦਾ ਹਾਸਾ ਹੱਸਦੀ ਚਲੇ ਗਈ।

ਫਿਰ ਮੈਨੂੰ ਨੌਕਰੀ ਮਿਲੀ ਤੇ ਉਥੇ ਵੀ ਕੰਪਨੀ ਦੀ ਡਾਇਰੈਕਟਰ ਕਾਲੀ, ਜੀਹਨੇ ਮੇਰੀ ਇੰਟਰਵਿਊ ਮੀਡੀਆ ਅਸਿਸਟੈਂਟ ਦੀ ਪੁਜੀਸ਼ਨ ਵਾਸਤੇ ਲਈ ਸੀ ਪਰ ਮੇਰੀ ਯੋਗਤਾ ਵੇਖ ਕੇ ਸਟੈਪ ਉਪਰ ਨੌਕਰੀ ਮੀਡੀਆ ਐਡੀਟਰ ਦੀ ਦੇ ਦਿੱਤੀ। ਤੇ ਏਥੇ ਵੀ ਮੇਰੀ ਪ੍ਰੋਜੈਕਟ ਮੈਨੇਜਰ ਗੋਰੀ ਤੇ ਉਹ ਵੀ ਉਹੋ ਜਿਹੀ ਚਮੜੀ ਚਿੱਟੀ ਤੇ ਅੰਦਰ ਕਾਲਾ। ਮੈਨੂੰ ਕੰਮ ਸਿਖਾਉਣ ਦੇ ਨਾਲ-ਨਾਲ ਹੋਰ ਵੀ ਬੜਾ ਕੁਝ ਸਿਖਾਉਣ ਲੱਗ ਪਈ—ਤੂੰ ਇੰਜ ਵਾਲ ਕਰ, ਇੰਜ ਕੱਪੜੇ ਪਾ, ਜੁੱਤੀ ਪਾ ਆਦਿ। ਪਰ ਮੈਂ ਹਾਂ-ਹਾਂ ਕਰੀ ਜਾਵਾਂ ਕਿ ਲੋੜ ਤੇਰੀ ਹੈ। ਮੈਂ ਜ਼ਿਆਦਾ ਧਿਆਨ ਕੰਮ ਸਿੱਖਣ ਵੱਲ ਲਗਾਇਆ ਤੇ ਤਿੰਨ ਮਹੀਨੇ ਦਾ ਪ੍ਰੋਬੇਸ਼ਨ ਪੀਰੀਅਡ ਸੀ ਪਰ ਤਿੰਨਾਂ ਦਿਨਾਂ ਵਿਚ ਹੀ ਮੈਨੂੰ ਕੰਮ ਦੀ ਡੂੰਘਾਈ ਦਾ ਪਤਾ ਲੱਗ ਗਿਆ ਕਿ ਮੈਡੀਕਲ ਜਰਨਲਜ਼ ਵਿਚੋਂ, ਮੈਡੀਕਲ ਐਡਜ਼ ਕਿਵੇਂ ਕੰਪਿਊਟਰ ਦੇ ਡੈਟਾਬੇਸ ਵਿਚ ਪਾਉਣੀਆਂ ਨੇ ਤੇ ਮੈਂ ਆਪਣੇ ਆਪ ਹੀ ਮੈਗਜ਼ੀਨ ਚੁੱਕਣੇ, ਐਡਜ਼ ਦੀ ਗਿਣਤੀ ਮਿਣਤੀ ਕਰਨੀ ਤੇ ਕੰਮ ਕਰਨ ਲੱਗ ਪਈ ਪਰ ਮੈਂ ਭੋਲੀ ਸੀ ਕਿ ਇਹ ਕੋਈ ਚਲਾਕੀ ਵੀ ਖੇਡ ਸਕਦੀ ਹੈ। ਉਹਨੇ ਮੇਰੇ ਕੀਤੇ ਕੰਮ ਨੂੰ ਸ਼ਾਮ ਨੂੰ ਜਾਂ ਸਵੇਰੇ ਖੋਲ੍ਹ ਕੇ ਆਪ ਕੋਈ ਐਸੀ ਗ਼ਲਤੀ ਕਰ ਦੇਣੀ ਜਿਹੜੀ ਉਹਨੇ ਜਦੋਂ ਮੈਨੂੰ ਵਿਖਾਉਣੀ ਤੇ ਮੈਨੂੰ ਯਕੀਨ ਨਾ ਆਉਣਾ ਕਿ ਮੈਂ ਰੋਜ਼ ਹੀ ਨਵੀਂ ਗ਼ਲਤੀ ਕਿਵੇਂ ਕਰਦੀ ਹਾਂ। ਪਰ ਉਹਨੇ ਕਹਿਣਾ—ਕੋਈ ਨਹੀਂ, ਇਹ ਤੇਰੇ ਤੇ ਮੇਰੇ ਵਿਚ ਹੈ। ਯੂ ਆਰ ਫਾਈਨ। ਪਰ ਪੇਪਰ ਗ਼ਲਤੀਆਂ ਵਾਲੇ ਫੋਲਡਰ ਵਿਚ ਪਾਈ ਜਾਣੇ। ਉਹਨੂੰ ਪਤਾ ਸੀ ਕਿ ਪੈਰਾਂ ਥੱਲੇ ਕਿਵੇਂ ਰੱਖਣਾ ਹੈ। ਪਹਿਲੇ ਪੰਦਰਾਂ ਦਿਨ ਤੇ ਉਸਨੇ ਮੇਰੀ ਨੀਂਦ ਹਰਾਮ ਕਰ ਦਿੱਤੀ, ਭੁੱਖ ਉੱਡ ਗਈ। ਤਲੀਆਂ ਵਿਚੋਂ ਪਸੀਨਾ ਆਉਣ ਲੱਗ ਪਿਆ ਕਿ ਕੀ ਬਣੂੰ। ਨੌਕਰੀ ਵਧੀਆ ਹੈ। ਮੈਨੂੰ ਭੋਲੀ ਨੂੰ ਇਹ ਨਹੀਂ ਸੀ ਪਤਾ ਕਿ ਇਹ ਕੋਈ ਚਲਾਕੀ ਵੀ ਖੇਡ ਸਕਦੀ ਹੈ। ਉਹਨੇ ਮੇਰੇ ਠੀਕ ਕੰਮ ਵਿਚ ਉਹ ਗ਼ਲਤੀਆਂ ਡੈਟਾਬੇਸ 'ਤੇ ਜਾ ਕੇ ਕਰ ਦੇਣੀਆਂ ਕਿ ਮੈਂ ਸਿਰ ਫੜ ਲੈਣਾ ਕਿ ਮੈਂ ਤੇ ਇੰਨੀ ਮਾਮੂਲੀ ਗ਼ਲਤੀ ਕਰ ਹੀ ਨਹੀਂ ਸਕਦੀ।



ਪਹਿਲੇ ਦਿਨ ਡੇਟ ਗ਼ਲਤ ਕਰ ਦਿੱਤੀ ਜਿਵੇਂ ਇੰਡੀਆ ਵਿਚ ਪਹਿਲਾ ਮਹੀਨਾ, ਫਿਰ ਦਿਨ ਤੇ ਫਿਰ ਸਾਲ ਪਾਉਂਦੇ ਹਨ ਤੇ ਉਹਨੇ ਪਹਿਲਾਂ ਦਿਨ ਫਿਰ ਮਹੀਨਾ ਤੇ ਫਿਰ ਸਾਲ ਪਾ ਦਿੱਤਾ ਤੇ ਮੈਨੂੰ ਹੌਸਲਾ ਦੇਣ ਲਈ ਕਹਿੰਦੀ ਕਿ ਤੂੰ ਇੰਡੀਅਨ ਹੈਂ ਤੇ ਤੁਸੀਂ ਇੰਜ ਹੀ ਲਿਖਦੇ ਹੋ। ਪਰ ਸ਼ੀਟ ਗ਼ਲਤੀਆਂ ਮਾਰਕ ਕਰਕੇ ਫੋਲਡਰ ਵਿਚ ਪਾ ਲਈ। ਮੈਂ ਕੰਬਾਂ ਕਿ ਮੇਰੀ ਪਹਿਲੀ ਨੌਕਰੀ ਹੈ ਤੇ ਹੈ ਵੀ ਬਹੁਤ ਵਧੀਆ ਪਰ ਮੈਨੂੰ ਲੱਗਦਾ ਕਿ ਏਹਨੇ ਟਿਕਣ ਨਹੀਂ ਦੇਣਾ।

ਲੋੜ ਕਾਢ ਦੀ ਮਾਂ ਹੈ। ਮੈਂ ਵੀ ਸੋਚਿਆ ਕਿ ਕਿਵੇਂ ਬਚਿਆ ਜਾ ਸਕਦਾ ਹੈ ਤੇ ਮੈਂ ਆਪਣੇ ਕੀਤੇ ਕੰਮ ਦਾ ਪ੍ਰਿੰਟ ਆਊਟ ਕੱਢ ਕੇ ਰੱਖਣਾ ਸ਼ੁਰੂ ਕਰ ਦਿੱਤਾ। ਜਦੋਂ ਅਗਲੇ ਦਿਨ ਉਹਨੇ ਆਪਣੀ ਜਾਣ ਕੇ ਕੀਤੀ ਗ਼ਲਤੀ ਕੱਢੀ ਤਾਂ ਮੈਂ ਉਹ ਪ੍ਰਿੰਟ ਆਊਟ ਵਿਖਾ ਦਿੱਤਾ। ਉਹਨੇ ਉਹ ਕਾਹਲੀ ਨਾਲ ਫੜ ਕੇ ਰੱਖ ਲਿਆ ਤੇ ਮੈਨੂੰ ਕਹਿੰਦੀ—"ਨੈਵਰ ਮਾਈਂਡ ਮੈਂ ਫਿਰ ਵੇਖਾਂਗੀ। ਤੂੰ ਜਾ ਕੇ ਕੰਮ ਕਰ।"

ਉਸ ਦਿਨ ਤੋਂ ਉਹ ਮੇਰੇ ਨਾਲ ਘੂਰੀ ਲਗਣ ਲੱਗ ਪਈ। ਓਥੇ ਵੀ ਫਿਰ ਮੇਰੇ ਕੰਮ ਆਇਆ ਕਾਲਾ ਫੋਰਡ ਉਹਨੇ ਮੇਰੇ ਪ੍ਰੋਬੇਸ਼ਨ ਪੀਰੀਅਡ ਵਿਚ ਹੀ ਮੇਰੇ ਸਿਰੜਪੁਣੇ ਦਾ ਅੰਦਾਜ਼ਾ ਲਾ ਲਿਆ ਸੀ ਕਿ ਇਹ ਕਿੰਨੀ ਸਖ਼ਤ ਮਿਹਨਤ ਕਰਦੀ ਹੈ ਤੇ ਉਹਨੇ ਸਾਡਾ ਦੋਹਾਂ ਦਾ ਇਕ ਟੈਸਟ ਰੱਖ ਦਿੱਤਾ ਕਿ ਅਸੀਂ ਨਵੀਆਂ ਪੋਸਟਾਂ ਭਰਨੀਆਂ ਹਨ ਤੇ ਵੇਖਣਾ ਹੈ ਕਿ ਕਿੰਨਾ ਕੰਮ ? ਕਿੰਨੇ ਚਿਰ ਵਿਚ ? ਕਿੰਨੇ ਆਡੀਟਰ ਕਰਦੇ ਹਨ ? ਮੈਂ ਮੈਗ਼ਜ਼ੀਨਾਂ ਬਾਰੇ, ਸਮੇਂ ਬਾਰੇ, ਸਾਰਾ ਕੁਝ ਪੁੱਛ ਲਿਆ ਤੇ ਡਟ ਗਈ ਮੈਦਾਨ ਵਿਚ।

ਸਮਾਂ ਆ ਗਿਆ। ਮੈਂ ਉਸ ਤੋਂ ਤਿੰਨ ਗੁਣਾ ਕੰਮ ਵੱਧ ਕੀਤਾ। ਫਿਰ ਤਾਂ ਉਹ ਜਿਥੇ ਪਹਿਲਾਂ ਸਪੋਲੀਆ ਸੀ, ਫਿਰ ਫ਼ਨੀਅਰ ਨਾਗ ਬਣ ਗਈ। ਇਥੋਂ ਤਕ ਮੈਂ ਵੀ ਤਾਂ ਕਈ ਸੱਪਾਂ ਦੀਆਂ ਸਿਰੀਆਂ ਫੇਂਹ ਕੇ ਪਹੁੰਚੀ ਸੀ। ਮੈਂ ਵੀ ਮੌਕਾ ਵੇਖਿਆ ਕਿ ਹੁਣ ਫੈਕਟਸ ਸਾਹਮਣੇ ਹਨ। ਸਾਰੀ ਹੂਬਹੂ ਗੱਲ ਜਾ ਕੇ ਡਾਇਰੈਕਟਰ ਨੂੰ ਦੱਸ ਦਿੱਤੀ। ਫਿਰ ਕੀ ਸੀ ਚਾਰਜ ਸ਼ੀਟਾਂ ਪਹਿਲਾਂ ਵੀ ਬਥੇਰੀਆਂ ਸੀ। ਉਹਨੇ ਉਹਨੂੰ ਤੇ ਕੀਤਾ ਉਸੇ ਦਿਨ ਫਾਇਰ, ਪ੍ਰਾਈਵੇਟ ਕੰਪਨੀ ਨਾ ਪੁੱਛ ਨਾ ਪੜਤਾਲ। ਨਾ ਵਕੀਲ ਨਾ ਅਪੀਲ ਤੇ ਜਦੋਂ ਉਹ ਨੱਕ ਸੁਣਕ-ਸੁਣਕ ਕੇ ਅੱਖਾਂ ਪੂੰਝਦੀ ਕਾਰ ਵੱਲ ਜਾਵੇ ਤੇ ਮੈਂ ਉਪਰੋਂ ਵੇਖ ਕੇ ਆਪਣੇ ਹੱਥ ਇੰਜ ਅਕੜਾਵਾਂ ਜਿੱਦਾਂ ਉਹਦਾ ਝਾਟਾ ਅੱਜ ਮੇਰੇ ਹੱਥਾਂ ਵਿਚ ਆਇਆ ਹੈ।

—

# ਚਪੇੜ

ਮਿਸ ਐਨ. ਰਮਨ ਸਵੇਰੇ ਆਉਂਦਿਆਂ ਹੀ ਸੋਹਣੀਆਂ ਸੋਹਣੀਆਂ ਤਸਵੀਰਾਂ ਵਾਲੀਆਂ, ਦਿਲ ਦਿਮਾਗ਼ ਨੂੰ ਖਿੱਚ ਪਾਉਣ ਵਾਲੀਆਂ, ਜਿਲਦਾਂ ਵਾਲੀਆਂ ਕਿਤਾਬਾਂ, ਖਿਡੌਣੇ, ਪਲਾਸਟਿਕ ਦੇ ਵੱਖ-ਵੱਖ ਆਕਾਰ, ਬੱਚਿਆਂ ਲਈ ਰੰਗ-ਬਰੰਗੇ ਕੱਪੜੇ ਨਾਲ ਬਣੇ ਫੁੱਲਾਂ ਵਾਲੇ ਕੁਸ਼ਨ ਅਤੇ ਸਭ ਤੋਂ ਵੱਧ ਬੱਚਿਆਂ ਦੇ ਮਨਭਾਉਂਦਾ ਖਾਣਾ ਪੀਨੱਟ, ਬਟਰ ਜੈਲੀ ਸੈਂਡਵਿਚ ਆਦਿ ਤਿਆਰ ਕਰ ਲੈਂਦੀ।

ਲਾਇਬ੍ਰੇਰੀ ਖੁੱਲ੍ਹਦਿਆਂ ਹੀ ਇਕੋ ਹੀ ਉਮਰ ਦੇ ਗਰੁੱਪ ਦਿਆਂ ਬੱਚਿਆਂ ਦਾ ਸਟਾਰ ਰੂਮ ਭਰ ਜਾਂਦਾ। ਇਕ ਕਮਰਾ ਜਿਸ ਦੀ ਛੱਤ ਤੇ ਕਾਲਾ ਪੇਂਟ ਕਰਕੇ ਛੱਤ ਵੀ ਗੁੰਬਦ ਵਾਲੀ ਤੇ ਉਸ ਉੱਤੇ ਟਿਮਟਿਮਾਉਂਦੇ ਤਾਰੇ ਲਾਏ ਹੋਏ ਨੇ। ਬੱਤੀ ਬੰਦ ਕਰਕੇ ਉਹ ਲੱਗਦਾ ਕਿ ਸੱਚੀਂ-ਮੁੱਚੀਂ ਹੀ ਤਾਰਿਆਂ ਦੀ ਛਾਂ ਥੱਲੇ ਨਾਨੀ ਜਾਂ ਦਾਦੀ ਕਹਾਣੀ ਸੁਣਾਉਣ ਲੱਗੀ ਹੈ। ਉਸਨੇ ਛੇ ਮਹੀਨੇ ਤੋਂ ਬਾਰਾਂ ਸਾਲ ਤਕ ਦੇ ਬੱਚਿਆਂ ਨੂੰ ਸੁਣਾਉਣ ਲਈ, ਵਿਖਾਉਣ ਲਈ ਤੇ ਕਰਨ ਲਈ ਪੁਤਲੀਆਂ, ਅਸਲੀ ਪੰਛੀ, ਕੁੱਤੇ, ਬਿੱਲੀਆਂ ਸਭ ਕਾਸੇ ਦਾ ਪ੍ਰਬੰਧ ਕੀਤਾ ਸੀ।

ਮੰਗਲਵਾਰ ਸਟੋਰੀ ਸਮਾਂ, ਬੁੱਧਵਾਰ ਕ੍ਰਾਫਟ ਪ੍ਰੋਗਰਾਮ, ਵੀਰਵਾਰ ਕੰਪਿਊਟਰ ਗੇਮਜ਼, ਸ਼ੁਕਰਵਾਰ ਪੁਤਲੀਆਂ ਦਾ ਪ੍ਰੋਗਰਾਮ ਇਸੇ ਤਰ੍ਹਾਂ ਸਾਰੇ ਹਫ਼ਤੇ ਦੇ, ਮਹੀਨਿਆਂ ਦੇ, ਰੁੱਤਾਂ ਦੇ, ਦਿਨਾਂ ਦਿਹਾਰਾਂ ਦੇ ਉਨ੍ਹਾਂ ਮੁਤਾਬਕ ਕਾਸਟਿਊਮਜ਼ ਪਵਾ ਕੇ ਕੰਪੀਟੀਸ਼ਨਜ਼ ਵੀ ਕਰਵਾਉਂਦੀ ਰਹਿੰਦੀ। ਮਿਸ ਐਨ ਛੇ ਮਹੀਨੇ ਦੇ ਟੌਡਲਰ ਸਟੋਰੀ ਸਮੇਂ ਤੋਂ ਹੀ ਬੱਚਿਆਂ ਨਾਲ ਇੰਜ ਜੁੜ ਜਾਂਦੀ ਤੇ ਬਾਰਾਂ ਸਾਲ ਬੱਚਿਆਂ ਦਾ ਵਾਹ ਉਸੇ ਨਾਲ ਹੀ ਪੈਂਦਾ। ਪੈਂਤੀ ਸਾਲ ਉਸ ਨੂੰ ਇਥੇ ਲਾਇਬ੍ਰੇਰੀ ਵਿਚ ਕੰਮ ਕਰਦਿਆਂ ਹੋ ਗਏ ਹਨ ਤੇ ਛੋਟੇ ਤੋਂ ਲੈ ਕੇ ਵੱਡੇ ਤਕ ਉਸ ਨੂੰ ਜੱਫੀ ਪਾ ਕੇ ਮਿਲ ਕੇ, ਕਿੱਸ ਕਰਦੇ ਇੰਜ ਲੱਗਦੇ ਕਿ ਇਹ ਸਭ ਦੀ ਮਾਂ ਹੈ ਤੇ ਇਹ ਬੱਚੇ ਜਿਨ੍ਹਾਂ ਨੂੰ ਵੇਖ ਕੇ ਮਿਸ ਐਨ. ਰਮਨ ਨੂੰ ਆਪਣੇ ਦਿਨ ਯਾਦ ਆ ਜਾਂਦੇ ਕਿ ਉਸ ਨੂੰ ਵੀ ਪੜ੍ਹਨ ਲਿਖਣ ਦਾ ਬਹੁਤ ਸ਼ੌਕ ਸੀ। ਉਸ ਸਮੇਂ ਉਹ ਸਕੂਲ ਵਿਚ ਪੜ੍ਹਦੀ ਸੀ। ਆਪਣੇ ਸਿਲੇਬਸ ਦੀਆਂ ਕਿਤਾਬਾਂ ਵਿਚ ਪੰਜਾਬੀ ਦੀ ਪੋਥੀ, ਸਮਾਜਿਕ ਵਿਗਿਆਨ, ਜਨਰਲ ਸਾਇੰਸ ਦੀਆਂ ਕਿਤਾਬਾਂ, ਜਮਾਤਾਂ ਸ਼ੁਰੂ ਹੁੰਦਿਆਂ ਸਾਰ ਹੀ ਪਹਿਲੇ ਹਫ਼ਤੇ ਵਿਚ ਹੀ ਖ਼ਤਮ ਕਰ ਲੈਂਦੀ। ਪੰਜਾਬੀ ਦੀ ਪੋਥੀ ਤਾਂ ਦੋ-ਤਿੰਨ ਵਾਰ ਹੀ ਪੜ੍ਹ ਸੁੱਟਦੀ।



ਫਿਰ ਵਾਰੀ ਆ ਜਾਂਦੀ ਘਰ ਆਏ ਸੌਦੇ ਦੇ ਲਿਫ਼ਾਫ਼ੇ, ਅਖ਼ਬਾਰਾਂ ਦੇ ਟੋਟੇ ਜਾਂ ਮਹੀਨਾ ਵਾਰ ਘਰ ਉਸਦੇ ਪਾਪਾ ਮਿਲਟਰੀ ਵਿਚ ਹੋਣ ਕਰਕੇ ਲਵਾਏ ਸੈਨਿਕ ਸਮਾਚਾਰ ਦੇ। ਸੈਨਿਕ ਸਮਾਚਾਰ ਵਿਚ ਵੀ ਜ਼ਿਆਦਾਤਰ ਅੱਸੀ ਪ੍ਰਤੀਸ਼ਤ ਪੰਨੇ ਸ਼ਹੀਦ ਹੋਏ ਸੈਨਿਕਾਂ ਦੇ ਨਾਮ ਨਾਲ ਹੀ ਭਰੇ ਹੁੰਦੇ। ਇਕ ਕਹਾਣੀ ਰੁੱਖੀ ਜਿਹੀ, ਇਕ ਕਵਿਤਾ ਤੇ ਕਦੇ ਕਦੇ ਕੋਈ ਇਕ ਲੇਖ ਹੁੰਦਾ ਜਾਂ ਮਸ਼ਹੂਰੀਆਂ। ਜਿਸ ਦਿਨ ਡਾਕੀਆ ਇਹ ਰਸਾਲਾ ਫੜਾ ਕੇ ਜਾਂਦਾ ਤਾਂ ਰਮਨ ਦੇ ਚਿਹਰੇ ’ਤੇ ਅਨੋਖੀ ਰੌਣਕ ਹੁੰਦੀ ਕਿ ਚਲੋ ਕੁਝ ਪੜ੍ਹਨ ਨੂੰ ਮਿਲਿਆ।

ਜਦੋਂ ਉਹ ਚੌਥੀ ਜਮਾਤ ਵਿਚ ਪੜ੍ਹਦੀ ਸੀ ਤਾਂ ਉਸਦਾ ਛੋਟਾ ਮਾਮਾ ਜੋ ਗਿਆਰਵੀਂ ਵਿਚ ਸੀ, ਉਹ ਇਕ ਕਿਤਾਬ ‘ਸੱਚ ਨੂੰ ਫਾਂਸੀ’ ਜਾਂਦਾ ਜਾਂਦਾ ਅੰਗੀਠੀ ’ਤੇ ਰੱਖ ਗਿਆ। ਉਹ ਨਹੀਂ ਸੀ ਜਾਣਦੀ ਕਿ ਇਸ ਸੱਚ ਦੀ ਫਾਂਸੀ ਨੇ ਉਸਦੇ ਅੰਦਰ ਪੜ੍ਹਾਈ ਦੀ ਧੁਖ ਰਹੀ ਅੱਗ ਨੂੰ ਚਵਾਤੀ ਬਣ ਕੇ ਭਾਂਬੜ ਬਾਲ ਦੇਣਾ ਹੈ। ਸਕੂਲੋਂ ਆਉਂਦੀ ਨੇ ਹੀ ਕਿਤਾਬ ਵੇਖ ਕੇ ਸਾਰੇ ਕੰਮ ਛੱਡ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ। ਅੱਜ ਮਾਂ ਵੀ ਹੈਰਾਨ ਸੀ ਕਿ ਕੀ ਕ੍ਰਿਸ਼ਮਾ ਹੋ ਗਿਆ ਕਿ ਉਹ ਅੰਦਰ ਵੜੀ ਬਾਹਰ ਹੀ ਨਹੀਂ ਨਿਕਲੀ ਤੇ ਉਹਨੂੰ ਵੀ ਨਾ ਪਤਾ ਲੱਗਾ ਕਿ ਇਹ ਕੀ ਪੜ੍ਹਦੀ ਹੈ। ਵੇਖਣ ਤੇ ਗਈ ਪਰ ਇਹੀ ਸਮਝਿਆ ਕਿ ਅੱਜ ਸਕੂਲ ਦਾ ਕੰਮ ਜ਼ਿਆਦਾ ਮਿਲਿਆ ਹੋਣਾ ਤਾਂ ਹੀ ਆਉਂਦੀ ਹੀ ਪੜ੍ਹਾਈ ਨੂੰ ਲੱਗ ਗਈ ਹੈ। ਸਾਰੀ ਰਾਤ ਲਾਲਟੈਨ ਜਗਦੀ ਰਹੀ ਤੇ ਉਹ ਇਕ ਟੱਕ ਪੜ੍ਹਦੀ ਰਹੀ। ਦਿਲ ਹੀ ਨਾ ਕਰੇ ਕਿ ਇਹ ਖ਼ਤਮ ਹੋਵੇ ਤੇ ਉਹ ਸੌਂਵੇ। ਇਕ ਦੋ ਵਾਰ ਮਾਂ ਨੇ ਕਿਹਾ—ਰਮਨ ਸੌਂ ਜਾ ਪਰ ਉਹ ਵੀ ਥੱਕੀ ਟੁੱਟੀ ਹੋਣ ਕਰਕੇ ਘੁਰਾੜੇ ’ਤੇ ਘੁਰਾੜਾ ਮਾਰੀ ਜਾਵੇ। ਅਖ਼ੀਰ ਦਿਨ ਚੜ੍ਹੇ ਕਿਤਾਬ ਖ਼ਤਮ ਹੋ ਹੀ ਗਈ ਤੇ ਉਹ ਵੀ ਉੱਠ ਕੇ ਕੁਝ ਖਾ ਪੀ ਕੇ ਸਕੂਲ ਲਈ ਤਿਆਰ ਹੋ ਗਈ।

ਰਸਤੇ ਵਿਚ ਬਾਰ ਬਾਰ ਉਸ ਵਿਚਲੇ ਪਾਤਰਾਂ ਬਾਰੇ ਸੋਚਦੀ ਗਈ। ਕਿੰਨੀ ਮਾੜੀ ਗੱਲ ਹੋਈ ਕਿ ਸੱਚ ਨੂੰ ਫਾਂਸੀ ਮਿਲ ਗਈ ਉਹ ਵਿਚਾਰੀ ਕੁੜੀ, ਉਸਦੀ ਮਾਂ। ਸਕੂਲ ਜਾ ਕੇ ਵੀ ਕਲਾਸ ਵਿਚ ਦਿਲ ਨਾ ਲੱਗੇ। ਦਿਲ ਕਰੇ ਕੁਝ ਹੋਰ ਪੜ੍ਹਾਂ। ਪੜ੍ਹਨ ਦਾ ਸ਼ੌਕ ਹੋਣ ਕਰਕੇ ਕਲਾਸ ਦੀ ਮਨੀਟਰ ਸੀ। ਕਦੇ-ਕਦੇ ਟੀਚਰ ਨੇ ਕਹਿਣਾ ਕਿ ਬੱਚਿਆਂ ਦੀਆਂ ਕਾਪੀਆਂ ਇਕੱਠੀਆਂ ਕਰਕੇ ਸਟਾਫ਼ ਰੂਮ ਵਿਚ ਛੱਡ ਆ। ਜਦੋਂ ਸਟਾਫ਼ ਰੂਮ ਵਿਚ ਜਾਣਾ ਤੇ ਉਸਦੀ ਨਜ਼ਰ ਸਟਾਫ਼ ਰੂਮ ਵਿਚ ਪਈਆਂ ਲੱਕੜ ਦੀਆਂ ਕੱਚ ਦੇ ਸ਼ੀਸ਼ਿਆਂ ਵਾਲੀਆਂ ਅਲਮਾਰੀਆਂ ਜਿਨ੍ਹਾਂ ਨੂੰ ਭਾਰੇ ਭਾਰੇ ਤਾਲੇ ਲੱਗੇ ਹੋਏ ਸੀ, ਉਨ੍ਹਾਂ ਵੱਲ ਜ਼ਰੂਰ ਹੀ ਪੈਣੀ। ਪਹਿਲਾਂ ਤਾਂ ਸੋਚਦੀ ਕਿ ਇਹ ਸਟਾਫ਼ ਦੀਆਂ ਕਿਤਾਬਾਂ ਹਨ। ਇਸ ਤਾਜ਼ਾ ਪੜ੍ਹੀ ਕਿਤਾਬ ਨੇ ਥੋੜ੍ਹਾ ਜਿਹਾ ਦਿਮਾਗ਼ ਦਾ ਕਿਵਾੜ ਇਧਰ ਨੂੰ ਵੀ ਖੋਲ੍ਹ ਦਿੱਤਾ ਕਿ ਇਹ ਹੋ ਸਕਦਾ ਵਿਦਿਆਰਥੀਆਂ ਲਈ ਹੈ।

ਸੋਚਦੀ-ਸੋਚਦੀ ਅੱਧੀ ਛੁੱਟੀ ਦੀ ਘੰਟੀ ਵੱਜਦਿਆਂ ਸਾਰ ਹੀ ਰਮਨ ਸਨਤੋੜ ਸਟਾਫ਼ ਰੂਮ ਵੱਲ ਨੂੰ ਭੱਜੀ। ਉਸਨੇ ਉਥੇ ਖੜ੍ਹੀ ਇਕ ਸਟਾਫ਼ ਮੈਂਬਰ ਜਿਸ ਦਾ ਨਾਮ, ਸ਼ਕਲ ਤੇ

ਉਸਦੀ ਜੋ ਵਿਦਿਆਰਥੀਆਂ ਨੇ ਅੱਲ ਪਾਈ ਸੀ, ਉਸ ਨੂੰ ਅੱਜ ਵੀ ਪੰਜਾਹ ਸਾਲਾਂ ਬਾਅਦ ਵੀ ਉਸੇ ਤਰ੍ਹਾਂ ਯਾਦ ਸੀ ਤੇ ਉਹ ਥਾਂ ’ਤੇ ਉਹ ਕਦੇ ਭੁੱਲ ਹੀ ਨਹੀਂ ਸਕਦੀ ਜਿਥੇ ਖਲੋ ਕੇ ਉਸਨੇ ਬੜੇ ਹੀ ਝਕਦਿਆਂ, ਸਤਿਕਾਰ ਨਾਲ ਭੈਣ ਜੀ ਕੋਲੋਂ ਉਨ੍ਹਾਂ ਅਲਮਾਰੀਆਂ ਵੱਲ ਇਸ਼ਾਰਾ ਕਰਕੇ ਪੜ੍ਹਨ ਲਈ ਇਕ ਕਿਤਾਬ ਮੰਗੀ ਸੀ ਤੇ ਉਸ ਨੂੰ ਇਹ ਬਿਲਕੁਲ ਵੀ ਰੱਤੀ ਭਰ ਖ਼ਿਆਲ ਨਹੀਂ ਸੀ ਕਿ ਇਸਦਾ ਇਵਜ਼ਾਨਾ ਕੀ ਮਿਲੇਗਾ ? ਇਵਜ਼ਾਨਾ ਇਹ ਮਿਲਿਆ ਕਿ ਉਸ ਘੱਟ ਅਕਲ ਦੀ ਮਾਲਕ ਨੇ ਤਾੜ ਕਰਦੀ ‘ਚਪੇੜ’ ਉਸਦੇ ਮੂੰਹ ’ਤੇ ਮਾਰੀ ਤੇ ਕਹਿੰਦੀ ਪਹਿਲਾਂ ਜਾ ਕੇ ਸਿਲੇਬਸ ਦੀਆਂ ਕਿਤਾਬਾਂ ਪੜ੍ਹੋ। ਰਮਨ ਵਿਚਾਰੀ ਆਪਣਾ ਮੂੰਹ ਜਿਸ ’ਤੇ ਸਖ਼ਤ ਹੱਥਾਂ ਦੇ ਨਿਸ਼ਾਨ ਵੀ ਪਏ ਤੇ ਸੇਕ ਵੀ ਨਿਕਲਿਆ ਮਲਦੀ-ਮਲਦੀ ਆ ਕੇ ਆਪਣੀ ਕਲਾਸ ਵਿਚ ਭੁੰਜੇ ਵਿਛੇ ਤੱਪੜ ’ਤੇ ਬਹਿ ਗਈ। ਨਾ ਰੋਟੀ ਖਾਧੀ, ਨਾ ਕੁੜੀਆਂ ਨਾਲ ਸ਼ਟਾਪੂ ਖੇਡਿਆ। ਬਸ ਸੋਚਦੀ ਹੀ ਰਹੀ ਕਿ ਇਨ੍ਹਾਂ ਕਿਤਾਬਾਂ ਨੂੰ ਕਿਵੇਂ ਪਾਇਆ ਜਾ ਸਕਦਾ ਹੈ। ਇਕ ਗੱਲ ਸੋਚੀ ਜਾਵੇ, ਇਹ ਭੈਣ ਜੀ ਤੇ ਉਹਨੂੰ ਪੜ੍ਹਾਉਂਦੀ ਵੀ ਨਹੀਂ ਸੀ ਤੇ ਉਹਨੂੰ ਪਤਾ ਸੀ ਕਿ ਇਹ ਕੁੜੀ ਤੇ ਕਲਾਸ ਦੀ ਮਨੀਟਰ ਹੈ। ਸਾਡੀ ਭੈਣ ਜੀ ਕਿਉਂ ਨਹੀਂ ਇੰਚਾਰਜ ? ਉਹਨੇ ਦੇ ਦੇਣੀ ਸੀ ਕਿਤਾਬ ਪੜ੍ਹਨ ਨੂੰ।

ਅਗਲੀ ਵੇਰ ਫਿਰ ਮਾਮਾ ਜੀ ਆਏ ਤੇ ਉਸਦਾ ਦਸ ਵਾਰੀ ਪੜ੍ਹਿਆ ਨਾਵਲ ‘ਸੱਚ ਨੂੰ ਫਾਂਸੀ’ ਲੈ ਗਏ ਤੇ ਉਥੇ ਗੋਰਕੀ ਦਾ ਨਾਵਲ ‘ਮਾਂ’ ਰੱਖ ਗਏ। ਉਸ ਸਮੇਂ ਉਹ ਉਨ੍ਹਾਂ ਸਵਾਦਲਾ ਨਹੀਂ ਸੀ ਜਿੰਨਾ ਸੱਚ ਨੂੰ ਫਾਂਸੀ। ਪਰ ਉਸ ਵਿਚਲੀ ਚਾਹ, ਮਾਂ, ਕੁੱਟਮਾਰ ਉਹ ਕਦੇ ਨਾ ਭੁੱਲੀ। ਫਿਰ ਮਾਮਾ ਜੀ ਬਿਨਾਂ ਦੱਸੇ ਪੁੱਛੇ ਇਕ ਕਿਤਾਬ ਲੈ ਜਾਂਦੇ, ਇਕ ਛੱਡ ਜਾਂਦੇ। ਇਸ ਤਰ੍ਹਾਂ ਪੰਜਵੀਂ ਤਕ ਗ਼ਦਰ ਪਾਰਟੀ ਦਾ ਇਤਿਹਾਸ, ਸੋਹਨ ਸਿੰਘ ਭਕਨਾ ਜੀ ਦੀ ਵਾਰੀ-ਵਾਰੀ ਜੀਵਨੀ, ਦੋ-ਚਾਰ ਨਾਨਕ ਸਿੰਘ ਦੇ ਨਾਵਲ, ਜਸਵੰਤ ਸਿੰਘ ਕੰਵਲ ਦੇ ਨਾਵਲ ਦੇ ਜਾਂਦੇ, ਰਮਨ ਦੇ ਮੂੰਹ ’ਤੇ ‘ਮੰਜ਼ਿਲ ਨੇੜੇ ਹੈ ਤੇਰੀ ਕਦਮ ਕੁਝ ਤੇਜ਼ ਕਰ ਦੇ ਹੁਣ ਜ਼ਮਾਨਾ ਇਨਕਲਾਬਾਂ ਦਾ’ ਬੋਲ ਚੜ੍ਹੇ ਰਹਿੰਦੇ।

ਜਦ ਉਹ ਪੰਜਵੀਂ, ਅੱਠਵੀਂ, ਦਸਵੀਂ, ਬੀ.ਏ., ਐੱਮ. ਏ., ਬੀ. ਲਿੱਬ ਤੇ ਐੱਮ. ਲਿਬ ਕਰਕੇ ਉਥੇ ਪਹੁੰਚ ਗਈ ਜਿਥੇ ਕੋਈ ਵੀ ਉਹਨੂੰ ਕਿਤਾਬਾਂ ਪੜ੍ਹਨ ਤੋਂ ਨਹੀਂ ਸੀ ਰੋਕ ਸਕਦਾ ਤੇ ਅੱਜ ਦੁਬਾਰਾ ਲਾਇਬ੍ਰੇਰੀ ਸਾਇੰਸ ਦੀ ਉਚੇਰੀ ਡਿਗਰੀ ਕਰਕੇ ਅਮਰੀਕਾ ਦੀ ਲਾਇਬ੍ਰੇਰੀ ਵਿਚ ਸੀਨੀਅਰ ਲਾਇਬ੍ਰੇਰੀਅਨ ਬਣ ਕੇ ਜਦੋਂ ਨਿੱਕੇ ਨਿੱਕੇ ਬੱਚਿਆਂ ਨੂੰ ਪੈਂਤੀ-ਪੈਂਤੀ ਆਈਟਮਜ਼ ਕਿਤਾਬਾਂ, ਵੀਡੀਓ, ਸੀ.ਡੀਜ਼, ਡੀ.ਵੀ.ਡੀਜ਼, ਪਲੇਅ ਵੇਅ, ਖਿਡੌਣੇ, ਗੇਮਾਂ, ਇਲੈਕਟ੍ਰੋਨਿਕਸ, ਡੀਵਾਈਸਿਸ ਨਾਲ ਵੇਖਦੀ ਤਾਂ ਧਿਆਨ ਉਥੇ ਹੀ ਰਹਿਣਾ ਉਹ ਥਾਂ, ਉਹ ਭੈਣ ਜੀ ਤੇ ਚਪੇੜ।

ਰਮਨ ਨੇ ਦਾਖ਼ਲਾ ਲੈਣ ਲਈ ਐੱਸ ਏ ਵਿਚ ਵੀ ਇਹੀ ਲਿਖਿਆ ਕਿ ਕਿਸੇ ਨੂੰ ਕੋਈ ਤੇ ਕਿਸੇ ਨੂੰ ਕੋਈ ਪਰ ਮੈਨੂੰ ਤੇ ਚਪੇੜ ਨੇ ਹੀ ਬਣਾਇਆ ਹੈ। ਇੰਟਰਵਿਊ ਵਿਚ ਵੀ ਇਕ ਗੋਰੇ ਦੇ ਹਸਾ-ਹਸਾ ਕੇ ਢਿੱਡੀਂ ਪੀੜਾਂ ਪਾ ਦਿੱਤੀਆਂ ਜਦੋਂ ਹੂਬਹੂ ਉਹੀ ਡਰਾਮਾ ਕਰਕੇ



ਵਿਖਾਇਆ। ਕਹਿੰਦੀ ਹੁਣ ਉਹ ਸਵਾਦ ਤੇ ਨਹੀਂ, ਇਹ ਪਰਾਈ ਭਾਸ਼ਾ ਹੈ ਆਪਣੀ ਮਾਂ-ਬੋਲੀ ਚਾਹੀਦੀ ਹੈ ਪਰ ਦੂਜਿਆਂ ਨੂੰ ਪੜ੍ਹਾ ਕੇ ਉਹੀ ਸਵਾਦ ਆਉਂਦਾ, ਜੋ ਆਪ ਨੂੰ ਪੜ੍ਹ ਕੇ ਆਉਂਦਾ ਸੀ। ਉਸ ਨੇ ਚਪੇੜ ਨੂੰ ਚਪੇੜ ਹੀ ਲਿਆ ਸਾਰੀ ਉਮਰ। ਹੁਣ ਵੀ ਜਦ ਉਹ ਪਿਛਾਂਹ ਨੂੰ ਝਾਤੀ ਮਾਰਦੀ ਤਾਂ ਉਹ ਤ੍ਰਭਕ ਪੈਂਦੀ। ਉਸ ਨੂੰ ਉਹ ਭੈਣ ਜੀ, ਕਿਤਾਬਾਂ ਵਾਲੀ ਅਲਮਾਰੀ ਤੇ ਉਸ ਲਈ ਵੱਟ ਕੇ ਚਪੇੜ ਮਾਰਨ ਲਈ ਉੱਠਿਆ ਹੱਥ ਤੇ ਉਸ ਅਧਿਆਪਕਾ ਦੇ ਚਿਹਰੇ ਦੀ ਘੂਰੀ ਨਜ਼ਰ ਆਉਣ ਲੱਗ ਪੈਂਦੀ।

—

# ਅੱਧਕ

ਪਾਲੀ ਨੂੰ ਰਾਤ ਦਿਨ ਇਹੋ ਲਿਲ ਲੱਗੀ ਰਹਿੰਦੀ ਕਿ ਕ੍ਰਿਪਾਲ ਬਾਹਰ ਚਲੇ ਜਾਵੇ। ਉਹਨੇ ਸਦਾ ਗ਼ਰੀਬੀ ਹੀ ਵੇਖੀ। ਪਹਿਲਾਂ ਮਾਪਿਆਂ ਦੇ ਘਰ, ਕਦੇ ਸ਼ਾਹ ਦੇ ਪੈਸੇ, ਪਟਵਾਰੀ, ਮਾਮਲੇ, ਬਿੱਲ, ਵਿਆਹ, ਮਰਨੇ ਨਿਭਾਉਣੇ—ਏਨਾ ਕੁਝ ਭਲਾ ਪੰਜਾਂ, ਛੇਆਂ, ਕਿੱਲਿਆਂ ਦਾ ਮਾਲਕ ਕਿਵੇਂ ਪੂਰੇ ਕਰ ਸਕਦਾ ਤੇ ਨਾਲ ਪੰਜ ਨਿਆਣੇ। ਨਾ ਕਿਸੇ ਨੂੰ ਮਨਭਾਉਂਦਾ ਖਾਣ ਨੂੰ, ਨਾ ਜੱਗ ਭਾਉਂਦਾ ਪਾਉਣ ਨੂੰ ਮਿਲਦਾ। ਮਿਲਦੇ ਤੇ ਬਸ ਫ਼ਿਕਰ। ਮਾਂ ਕਹਿੰਦੀ—"ਤੁਹਾਡਾ ਬਾਪੂ ਬਹੁਤ ਮੁਸ਼ਕਿਲ ਵਿਚ ਹੈ। ਐਤਕੀਂ ਆਹ ਨਹੀਂ ਤਰਿਆ, ਤੁਹਾਡਾ ਬਾਪੂ ਕੀ ਕਰੇ, ਭਾਣਜੀ ਦਾ ਵਿਆਹ ਆ ਗਿਆ। ਭੈਣ ਨੇ ਨਾਨਕੀ ਛੱਕ ਦੀ ਲਿਸਟ ਦੇ ਦਿੱਤੀ ਹੈ। ਵੱਡੀ ਕੁੜੀ ਦਾ ਸਹੁਰਾ ਮਰਿਆ ਤੇ ਉਹ ਕਹਿੰਦੀ ਮੇਰਾ ਨੱਕ ਤਾਂ ਰਹਿੰਦਾ ਜੇ ਮੈਨੂੰ ਤੇ ਜਵਾਈ ਨੂੰ ਟੂੰਮਾਂ ਤੇ ਬਾਕੀ ਸਾਰੇ ਟੱਬਰ ਦਾ ਲੀੜਾ ਕੱਪੜਾ ਜ਼ਰੂਰ ਆਵੇ।

ਜੇ ਵਿਚਾਰੀ ਸਹੁਰੇ ਆਈ ਤਾਂ ਇਸ ਤੋਂ ਵੀ ਵੱਧ ਮੰਦਹਾਲੀ। ਏਜੰਟਾਂ ਨੂੰ ਮਿਲ ਮਿਲਾ ਕੇ ਕ੍ਰਿਪਾਲ ਨੇ ਝੂਠ ਸੱਚ ਮਾਰ ਕੇ ਅਮਰੀਕਾ ਦਾ ਛੇ ਮਹੀਨਿਆਂ ਦਾ ਵੀਜ਼ਾ ਲੈ ਹੀ ਲਿਆ। ਘਰ ਵਿਚ ਬਹੁਤ ਖ਼ੁਸ਼ੀ, ਕ੍ਰਿਪਾਲ ਦੀ ਮਾਂ, ਭੈਣ, ਭਰਾ ਘਰ ਵਾਲੀ, ਨਿੱਕੇ ਦੋ ਬੱਚੇ ਸਾਰਿਆਂ ਨੂੰ ਘਰ ਚੰਗਾ ਲੱਗਣ ਲੱਗ ਪਿਆ। ਸਾਰੇ ਹੀ ਖ਼ੁਸ਼ੀ ਵਿਚ ਇੰਜ ਸਮਝਣ ਕਿ ਪੈਰ ਭੁੰਜੇ ਨਹੀਂ ਲੱਗਦੇ। ਅੰਦਰੋਂ ਖ਼ੁਸ਼ੀ ਡੁੱਲ੍ਹ ਡੁੱਲ੍ਹ ਕੇ ਬਾਹਰ ਆਵੇ। ਅਖੰਡ ਪਾਠ ਰਖਾਇਆ ਗਿਆ ਤੇ ਜਿਨ੍ਹਾਂ ਨੂੰ ਇਨ੍ਹਾਂ ਦੀ ਦਾਦੀ ਮੰਨਦੀ ਹੁੰਦੀ ਸੀ। ਉਨ੍ਹਾਂ ਮਹਾਪੁਰਸ਼ਾਂ ਨੂੰ ਸੱਦਿਆ ਗਿਆ। ਉਨ੍ਹਾਂ ਵੀ ਪਾਲੀ ਦੇ ਮਨ ਦੀ ਅਵਸਥਾ ਪੂਰੀ ਤਰ੍ਹਾਂ ਜਾਣ ਲਈ ਤੇ ਕ੍ਰਿਪਾਲ ਦੀ ਬਾਹਰ ਵਧਣ ਫੁੱਲਣ, ਤੰਦਰੁਸਤੀ ਤੇ ਸਿਰ ਉੱਤੇ ਮਿਹਰ ਭਰਿਆ ਹੱਥ ਰਹੇ ਦੀ ਅਰਦਾਸ ਕਰ ਦਿੱਤੀ। ਆਈ ਸੰਗਤ ਨੂੰ ਕੜਾਹ ਪ੍ਰਸਾਦਿ ਦੀ ਦੇਗ ਵਰਤਾਈ ਗਈ ਤੇ ਨਾਲ ਹੀ ਲੰਗਰ ਛਕਾਇਆ ਗਿਆ।

ਅਗਲੇ ਦਿਨ ਦਿੱਲੀ ਜਾਣਾ ਸੀ। ਗੱਡੀ ਕੀਤੀ, ਦੋ ਅਟੈਚੀ ਤਿਆਰ ਕੀਤੇ। ਕੱਪੜੇ-ਲੀੜੇ, ਕੰਬਲ, ਰਜਾਈ, ਵਰਤਣ ਵਾਲੇ ਜ਼ਰੂਰੀ ਭਾਂਡੇ ਨਾਲ ਲੈ ਗਏ। ਸਾਰਿਆਂ ਨੇ ਦੁਖੀ ਹਿਰਦੇ ਨਾਲ ਵਿਛੋੜੇ ਦਾ ਅਹਿਸਾਸ ਜਤਾਇਆ। ਕ੍ਰਿਪਾਲ ਵਿਚਾਰਾ ਸਾਰਾ ਰਾਹ ਹੀ ਅਗਲਾ ਸੋਚ ਸੋਚ ਕੇ ਤੇ ਪਿਛਲਾ ਯਾਦ ਕਰ ਕੇ ਰੋਂਦਾ ਰਿਹਾ। ਵੈਨਕੂਵਰ ਆ ਲੱਥਾ। ਅੱਗੋਂ ਉਹਦੇ ਇਕ ਮਿੱਤਰ ਨੇ ਲੈਣ ਆਉਣਾ ਸੀ ਉਹ ਵੀ ਕੰਮ ਤੋਂ ਲੇਟ ਹੋਣ ਕਰਕੇ ਲੇਟ ਆਇਆ। ਆਉਂਦਿਆਂ ਹੀ ਉਹਦਾ ਪਹਿਲਾ ਫ਼ਿਕਰ ਸੀ—"ਯਾਰ ਮੁਬਾਰਕਾਂ ! ਮਿੱਠੀ



ਜੇਲ੍ਹ ਵਿਚ ਆਉਣ ਦੀਆਂ।"

"ਹੈਂ ! ਇਹ ਕੀ ਕਿਹਾ ?"

"ਆਹੋ ਯਾਰ ! ਇਹ ਮਿੱਠੀ ਜੇਲ੍ਹ ਹੀ ਹੈ। ਆਪੇ ਪਤਾ ਲੱਗ ਜਾਊ।" ਇਥੋਂ ਦਾ ਰੁਟੀਨ ਚੱਲ ਪਿਆ। ਜੈਜ ਨੇ ਸੁੱਤੇ ਨੂੰ ਛੱਡ ਜਾਣਾ ਤੇ ਇਕ ਦਿਨ ਵੀ ਛੁੱਟੀ ਨਾ ਕੀਤੀ। ਕ੍ਰਿਪਾਲ ਨੂੰ ਗ਼ੁੱਸਾ ਚੜ੍ਹੇ ਕਿ ਸਾਲੇ ਨੂੰ ਅਸੀਂ ਗਏ ਨੂੰ ਹੱਥਾਂ 'ਤੇ ਚੁੱਕਦੇ ਸੀ, ਏਹਨੇ ਮੈਨੂੰ ਕੀ ਸਮਝਿਆ। ਇਕ ਦਿਨ ਵੀ ਮੇਰੀ ਪ੍ਰਾਹੁਣਾਚਾਰੀ ਨਹੀਂ ਕੀਤੀ। ਆਪੇ ਹੀ ਉੱਠ ਕੇ ਸਭ ਕੁਝ ਕਰਦਾ, ਜਿਹੜਾ ਕਿ ਆਉਂਦਿਆਂ ਹੀ ਜੈਜ ਨੇ ਸਮਝਾ ਦਿੱਤਾ ਸੀ।

ਦੋ-ਤਿੰਨ ਦਿਨਾਂ ਬਾਅਦ ਜੈਜ ਕਹਿੰਦਾ—"ਹੁਣ ਭਾਊ ਕੀ ਖ਼ਿਆਲ ਹੈ। ਇਥੇ ਰਹਿਣਾ ਕਿ ਕਿਤੇ ਹੋਰ ਜਾਣਾ ?"

ਇਹ ਬੋਲ ਕ੍ਰਿਪਾਲ ਉੱਤੇ ਜਿਵੇਂ ਬੰਬ ਬਣ ਆ ਡਿੱਗੇ। "ਜੈਜ ਮੇਰਾ ਤੇ ਤੂੰ ਹੀ ਹੈਂ। ਹੋਰ ਤੇ ਕੋਈ ਜਾਣਦਾ ਨਹੀਂ।"

"ਜੇ ਨਹੀਂ ਜਾਣਦਾ ਤੇ ਫਿਰ ਕੰਮ ਲੱਭੋ ਤੇ ਇਥੇ ਰਹਿਣ ਦਾ ਆਪਾਂ ਖਰਚ ਰਲ ਕੇ ਦੇਵਾਂਗੇ।"

ਕ੍ਰਿਪਾਲ ਨੂੰ ਜਾਪਿਆ—ਕਿੰਨਾ ਰੁੱਖਾ ਹੈ ਇਹ ਯਾਰ। ਆਖ਼ਰ ਰਲ ਕੇ ਕੰਮ ਲੱਭ ਹੀ ਲਿਆ ਇਕ ਸਟੋਰ ਉੱਤੇ। ਛੇ ਮਹੀਨਿਆਂ ਦੇ ਵਿਚ ਵਿਚ ਹੀ ਪੱਕੇ ਹੋਣ ਦਾ ਵੀ ਜੁਗਾੜ ਕਰਨਾ ਸੀ। ਹੈ ਤਾਂ ਕ੍ਰਿਪਾਲ ਸੀ ਸੋਹਣਾ, ਜੁਆਨ ਤੇ ਗੁਜ਼ਾਰੇ ਜੋਗਾ ਪੜ੍ਹਿਆ ਲਿਖਿਆ ਤੇ ਰਲ ਕੇ ਇਹੀ ਸਕੀਮ ਬਣਾਈ ਕਿ ਕੋਈ ਕੁੜੀ ਫਸਾ ਕੇ ਕੱਚੀ ਹਾਂ ਹੋਵੇ ਪਰ ਪੱਕੀ ਨਹੀਂ। ਮਤਲਬ ਕਿ ਕਾਗ਼ਜ਼ੀ ਪੱਤਰੀ। ਸੋ ਤਿਆਰੀ ਸ਼ੁਰੂ ਹੋ ਗਈ। ਕਿਸੇ ਕੁੜੀ ਦੀ ਭਾਲ ਵਿਚ। ਛੇਤੀ ਹੀ ਇਕ ਬਹੁਤ ਸੋਹਣੀ, ਸੁਲਝੀ, ਸਾਦ-ਮੁਰਾਦੀ ਮਿੱਲੀ ਨਾਂ ਦੀ ਗੋਰੀ ਦਾ ਫ਼ੋਨ ਨੰਬਰ ਤੇ ਨਾਮ ਲੈ ਲਿਆ। ਆਪਣੀ ਦੋਸਤੀ ਆਫ਼ਰ ਕੀਤੀ। ਉਹ ਵੀ ਬਹੁਤ ਹੀ ਖ਼ੁਸ਼ ਸੀ ਤੇ ਹੱਸ ਕੇ ਕਹਿੰਦੀ—ਠੀਕ ਹੈ। ਮਿੱਲੀ ਨਾਲ ਗੱਲਬਾਤ ਸ਼ੁਰੂ ਹੁੰਦਿਆਂ ਹੀ ਕ੍ਰਿਪਾਲ ਦਾ ਦਿਲ ਘਾਊਂ-ਮਾਊਂ ਕਰੇ ਕਿ ਕਿਤੇ ਗੜੇ ਮਾਰ ਹੀ ਨਾ ਹੋ ਜਾਵੇ ਵਿਚਾਰੇ ਪਿਛਲਿਆਂ ਉੱਤੇ। ਓਧਰ ਕ੍ਰਿਪਾਲ ਵੱਲੋਂ ਖਰਚਾ ਕੱਢ ਕੇ ਬਚਦੇ ਪੈਸੇ ਪਿੱਛੇ ਆਉਣ ਲੱਗ ਪਏ। ਪਾਲੀ ਤੇ ਬੱਚੇ ਵਾਧੂ ਖ਼ੁਸ਼ ਹੁੰਦੇ। ਚਿੱਠੀਆਂ ਪੜ੍ਹ ਕੇ ਤੇ ਪੈਸਿਆਂ ਨਾਲ ਮਨਭਾਉਂਦਾ ਖਾਂਦੇ ਤੇ ਜੱਗ ਭਾਉਂਦਾ ਪਾਉਂਦੇ। ਛੇ ਮਹੀਨਿਆਂ ਵਿਚ ਹੀ ਬਹਾਰਾਂ ਆ ਗਈਆਂ। ਓਧਰ ਪਾਲੀ ਦਾ ਮਹਾਂਪੁਰਸ਼ਾਂ ਦੇ ਡੇਰੇ ਉੱਤੇ ਮੱਥਾ ਟੇਕਣ ਦਾ ਸਿਲਸਿਲਾ ਹੀ ਜਾਰੀ ਨਹੀਂ ਸੀ ਸਗੋਂ ਪਾਲੀ ਸਭ ਤੋਂ ਵੱਧ ਸ਼ਰਧਾ ਵਾਲੇ ਸ਼ਰਧਾਲੂਆਂ ਦੀ ਲਿਸਟ ਵਿਚ ਸੀ। ਰਾਤ ਦਿਨ ਡੇਰੇ ਦੀਆਂ ਡਿਊਟੀਆਂ ਵਿਚ ਹੀ ਰੁੱਝੀ ਰਹਿੰਦੀ। ਕਦੇ ਕਿਤੇ ਸਮਾਗਮ ਕਦੇ ਕਿਤੇ। ਪਾਲੀ ਸਮਾਗਮ ਲੰਗਰ ਦੀ ਇੰਚਾਰਜ ਹੁੰਦੀ। ਕਦੇ ਪੰਡਾਲ ਵਿਚ ਸੰਗਤਾਂ ਨੂੰ ਚੁੱਪ ਕਰਾਉਣ ਦੀ ਡਿਊਟੀ ਦਿੰਦੀ ਤੇ ਕਦੇ ਮਹਾਪੁਰਖਾਂ ਦੇ ਅੰਗ ਰੱਖਿਅਕਾਂ ਵਿਚ ਹੁੰਦੀ।

ਕ੍ਰਿਪਾਲ ਨੇ ਹੌਲੀ-ਹੌਲੀ ਵਿਆਹ ਦੀ ਤਜ਼ਵੀਜ਼ ਰੱਖ ਹੀ ਦਿੱਤੀ। ਮਿੱਲੀ ਤਾਂ ਪਹਿਲਾਂ ਹੀ ਤਿਆਰ ਸੀ। ਓਸੇ ਰਾਤ ਹੀ ਕ੍ਰਿਪਾਲ ਦੇ ਦਿਲ ਦੀ ਧੜਕਣ ਤੇਜ਼ ਹੋ ਗਈ ਤੇ ਦਿਲ

ਦਾ ਦੌਰਾ ਪੈ ਗਿਆ। ਕੁਦਰਤੀ ਉਸ ਵੇਲੇ ਜੈਜਾਂ ਅਤੇ ਉਸ ਦੋਵੇਂ ਇਕੱਠੇ ਸੀ ਤੇ ਜੈਜ ਨੇ ਉਸ ਨੂੰ ਓਸੇ ਵੇਲੇ ਹੀ ਹਸਪਤਾਲ ਦਾਖ਼ਲ ਕਰਵਾ ਦਿੱਤਾ। ਅਟੈਕ ਕਾਫ਼ੀ ਜ਼ਿਆਦਾ ਸੀ, ਓਪਰੇਸ਼ਨ ਕਰਨਾ ਪੈਣਾ ਸੀ। ਮਿੱਲੀ ਨੂੰ ਵੀ ਦੱਸ ਦਿੱਤਾ ਤੇ ਉਹ ਵੀ ਬਹੁਤ ਹੀ ਗੰਭੀਰ ਹੋ ਕੇ ਤੀਜੀ ਧਿਰ ਬਣ ਗਈ। ਕੰਮ ਤੋਂ ਛੁੱਟੀਆਂ ਲੈ ਕੇ ਕ੍ਰਿਪਾਲ ਦੇ ਆਲੇ-ਦੁਆਲੇ ਦਿਨ ਰਾਤ ਘੁੰਮਣ ਲੱਗ ਪਈ। ਉਹ ਸਭ ਤੋਂ ਵੱਧ ਚਿੰਤਾਤੁਰ ਸੀ ਜਿਵੇਂ ਕ੍ਰਿਪਾਲ ਦੀ ਹੁਣ ਉਹੀ ਅਸਲੀ ਹੋਵੇ। ਘਰ ਆ ਕੇ ਵੀ ਰਾਤ ਦਿਨ ਇਕ ਕਰ ਦਿੱਤਾ। ਕਦੇ ਸੂਪ, ਕਦੇ ਜੂਸ, ਕਦੇ ਦਵਾਈ—ਇੰਨਾ ਤਾਂ ਜ਼ਿੰਦਗੀ ਵਿਚ ਕਿਸੇ ਨੇ ਵੀ ਨਹੀਂ ਸੀ ਕੀਤਾ। ਦਿਨਾਂ ਵਿਚ ਹੀ ਕ੍ਰਿਪਾਲ ਠੀਕ ਹੋ ਗਿਆ। ਪਿੰਡ ਜੈਜ ਨੇ ਚਿੱਠੀ ਵਿਚ ਨਕਲੀ ਵਿਆਹ ਦਾ ਹਿੰਟ ਦੇ ਦਿੱਤਾ ਸੀ ਕਿ ਭਾਬੀ ਨੂੰ ਕਹਿਣਾ ਫ਼ਿਕਰ ਨਾ ਕਰੇ। ਕ੍ਰਿਪਾਲ ਦੇ ਪੱਕੇ ਹੋਣ ਲਈ ਪੂਰੀ ਕੋਸ਼ਿਸ਼ ਕਰ ਰਹੇ ਹਾਂ।

ਸੋ ਪਾਲੀ ਪੂਰੀ ਖ਼ੁਸ਼ ਸੀ, ਪੂਰੇ ਰੰਗ ਵਿਚ ਰੰਗੀ। ਦਿਲ ਜਾਨ ਨਾਲ ਸੰਤਾਂ ਦੀ ਲਾਈ ਹਾਜ਼ਰੀ ਨਿਭਾਉਂਦੀ।

ਕ੍ਰਿਪਾਲ ਠੀਕ ਹੋ ਗਿਆ ਤੇ ਮਿੱਲੀ ਨਾਲ ਇਸ ਸਮੇਂ ਵਿਚ ਹੀ ਉਸ ਨੇ ਦਿਲ ਸਾਂਝਾ ਕਰ ਲਿਆ। ਮਜਬੂਰੀ ਦੱਸ ਦਿੱਤੀ ਕਿ ਮੇਰਾ ਪਿੱਛੇ ਪਰਿਵਾਰ ਹੈ। ਉਨ੍ਹਾਂ ਦੀ ਹਾਲਤ ਮਾੜੀ ਹੋਣ ਕਰਕੇ ਬੱਚਿਆਂ ਦੀਆਂ ਖ਼ਾਹਸ਼ਾਂ ਦਿਲ ਵਿਚ ਲੈ ਕੇ, ਸਭ ਦੇ ਸੁਪਨਿਆਂ ਨੂੰ ਪੂਰਾ ਕਰਨ ਆਇਆ ਹੈ। ਪਰ ਇਥੇ ਕੋਈ ਨਹੀਂ ਹੈ। ਮਿੱਲੀ ਮੋਮ ਵਾਂਗੂੰ ਪਿਘਲ ਕੇ ਕ੍ਰਿਪਾਲ ਦੀ ਜੋਤ ਵਾਂਗੂੰ ਬਣ ਗਈ। ਵਿਆਹ ਰਜਿਸਟਰਡ ਹੋ ਗਿਆ। ਮਿੱਲੀ ਕ੍ਰਿਪਾਲ ਦੇ ਦੱਸੇ ਮੁਤਾਬਕ ਸਿਰਫ਼ ਕਾਗ਼ਜ਼ੀ ਘਰ ਵਾਲੀ ਤੇ ਦਿਲ ਵਾਲੀ ਦੋਸਤ ਬਣ ਕੇ ਰਹਿੰਦੀ। ਉਹ ਰਾਤ ਦਿਨ ਉਸਦੀ ਸੇਵਾ ਪੂਰੀ ਤਰ੍ਹਾਂ ਦਿਲ ਜਾਨ ਨਾਲ ਕਰਦੀ ਪਰ ਇਕ ਸਤੀ-ਸਵਿੱਤਰੀ ਵਾਂਗੂੰ ਰਾਤ ਨੂੰ ਜਾ ਕੇ ਆਪਣੇ ਘਰ ਹੀ ਸੌਂਦੀ।

ਸਵੇਰੇ ਹੀ ਫ਼ੋਨ ਕਰਕੇ ਪੁੱਛਦੀ ਕਿ ਰਾਤ ਕਿਵੇਂ ਲੰਘੀ, ਨੀਂਦ ਆਈ, ਦਵਾਈ ਖਾਧੀ ਆਦਿ। ਰਾਤ ਨੂੰ ਫਿਰ ਸੌਣ ਤੋਂ ਪਹਿਲਾਂ ਸਾਰਾ ਕੁਝ ਰੋਜ਼ਾਨਾ ਹੀ ਨੇਮ ਵਾਂਗ ਪੁੱਛਦੀ—ਕੀ ਖਾਧਾ ? ਕਿਵੇਂ ਸਿਹਤ ਹੈ, ਟੇਕ ਕੇਅਰ ਆਦਿ। ਤੇ ਸਦਾ ਹੀ ਰਾਤ ਨੂੰ ਵਿਸ਼ ਕਰਕੇ ਸੌਂਦੀ। ਕ੍ਰਿਪਾਲ ਨੇ ਲਾਲਚ ਵੀ ਦਿੱਤਾ ਕਿ ਪੈਸੇ ਲੈ ਲਵੇ ਇਸ ਅਹਿਸਾਨ ਲਈ ਪਰ ਉਹ ਨਾ ਮੰਨੀ।

ਕ੍ਰਿਪਾਲ ਉੱਤੇ ਕੁਦਰਤ ਕਰੋਪ ਸੀ। ਇਕ ਦਿਨ ਰਾਹ ਵਿਚ ਆਉਂਦਿਆਂ ਉਸਦਾ ਐਕਸੀਡੈਂਟ ਹੋ ਗਿਆ। ਜਦੋਂ ਮਿਲੀ ਨੂੰ ਪੁਲੀਸ ਨੇ ਦੱਸਿਆ ਉਹ ਵਿਚਾਰੀ ਭੱਜੀ ਆਈ। ਆ ਕੇ ਕ੍ਰਿਪਾਲ ਨੂੰ ਵੇਖ ਕੇ ਘਬਰਾ ਗਈ। ਡਾਕਟਰਾਂ ਨੂੰ ਉਸਦੀ ਚੰਗੀ ਤਰ੍ਹਾਂ ਕੇਅਰ ਕਰਨ ਲਈ ਕਿਹਾ। ਡਾਕਟਰ ਨੇ ਦੱਸਿਆ ਕਿ ਹਾਲਤ ਬਹੁਤ ਖ਼ਰਾਬ ਹੈ। ਖ਼ੂਨ ਬਹੁਤ ਵਗ ਚੁੱਕਾ ਹੈ ਪਰ ਠੀਕ ਹੋ ਜਾਵੇਗਾ। ਫਿਰ ਨਰਸ ਆਈ। ਉਸਨੇ ਕਿਹਾ ਕਿ ਖ਼ੂਨ ਚਾਹੀਦਾ ਹੈ। ਮਿਲੀ ਨੇ ਆਪਣਾ ਖ਼ੂਨ ਟੈਸਟ ਕਰਾਉਣ ਲਈ ਕਿਹਾ ਜੋ ਮੈਚ ਕਰ ਗਿਆ। ਮਿਲੀ ਬਹੁਤ ਹੀ ਖ਼ੁਸ਼ ਸੀ ਕਿ ਉਹ ਚੰਗਾ ਕੰਮ ਕਰ ਰਹੀ ਹੈ। ਕਿਸੇ ਦੀ ਜ਼ਿੰਦਗੀ ਬਚਾ ਰਹੀ ਹੈ।



ਸਮਾਂ ਪਾ ਕੇ ਕ੍ਰਿਪਾਲ ਠੀਕ ਵੀ ਹੋ ਗਿਆ।

ਉਹ ਇੰਨਾ ਡਰ ਗਿਆ ਕਿ ਹੁਣ ਕੀ ਕਰੇ, ਵਾਪਸ ਜਾਵੇ ਕਿ ਇਥੇ ਰਹੇ। ਮਿੱਲੀ ਨਾਲ ਤਲਾਕ ਦੀ ਅਰਜ਼ੀ ਦੇ ਕੇ ਫ਼ੈਸਲਾ ਹੋਣ ਤੋਂ ਬਾਅਦ ਹੀ ਵਾਪਸ ਜਾ ਕੇ ਫਿਰ ਵਿਆਹ ਕਰਵਾ ਕੇ ਪਾਲੀ ਨੂੰ ਤੇ ਬੱਚਿਆਂ ਨੂੰ ਲਿਆ ਸਕਦਾ ਸੀ। ਪੂਰਾ ਲੰਮਾ ਰਾਹ ਤੇ ਇਥੇ ਮਿਲੀ ਜੋ ਦਿਨ ਰਾਤ ਆਪਣੇ ਆਪ ਨੂੰ ਨਿਸ਼ਾਵਰ ਕਰਦੀ ਸੀ, ਉਸ ਨਾਲ ਧੋਖਾ ਸੀ। ਅਖ਼ੀਰ ਪਿੰਡ ਸਾਰਾ ਕੁਝ ਡਿਟੇਲ ਵਿਚ ਲਿਖ ਕੇ ਚਿੱਠੀ ਪਾ ਹੀ ਦਿੱਤੀ ਕਿ ਕੀ ਕਰੇ ? ਪਾਲੀ ਚਿੱਠੀ ਪੜ੍ਹ ਕੇ ਰੋਈ ਹੀ ਜਾਵੇ ਕਿ ਇੰਨੀ ਕਰੋਪੀ ਇੰਨਾ ਕੁਝ ਹੋਇਆ ਤੇ ਉਸ ਦੀਆਂ ਅੱਖਾਂ ਅੱਗੇ ਮਿੱਲੀ ਦੀ ਸ਼ਕਲ ਹੀ ਆਈ ਜਾਵੇ ਕਿ ਉਹ ਕਿਸ ਆਸ ਨਾਲ ਸਾਡੇ ’ਤੇ ਇੰਨਾ ਅਹਿਸਾਨ ਕਰ ਰਹੀ ਹੈ।

ਸਾਰੀ ਚਿੱਠੀ ਸੰਤਾਂ ਨੂੰ ਵਿਸਥਾਰ ਸਹਿਤ ਦੱਸੀ ਤੇ ਸੰਤਾਂ ਨੇ ਹਰੀ ਝੰਡੀ ਦੇ ਦਿੱਤੀ ਕਿ ਮਿਲੀ ਦਾ ਪੁਰਾਣੇ ਜਨਮ ਦਾ ਕ੍ਰਿਪਾਲ ਨਾਲ ਸੰਬੰਧ ਹੈ ਤਾਂ ਹੀ ਉਹ ਉਸਦੀ ਜ਼ਿੰਦਗੀ ਵਿਚ ਆਈ ਹੈ। ਪਾਲੀ ਨੇ ਚਿੱਠੀ ਵਿਚ ਜਿਥੇ ਕ੍ਰਿਪਾਲ ਦੀ ਸਿਹਤ ਦਾ ਫ਼ਿਕਰ ਜ਼ਾਹਿਰ ਕੀਤਾ, ਉਥੇ ਹੀ ਮਿਲੀ ਲਈ ਫਰਾਖ਼ਦਿਲੀ ਵਿਖਾ ਦਿੱਤੀ ਕਿ ਜਿਵੇਂ ਇਹ ਪਾਲੀ ਦੀ ਥਾਂ ਕ੍ਰਿਪਾਲ ਕੋਲ ਮਿੱਲੀ ਹੀ ਹੈ। ਚਿੱਠੀ ਕ੍ਰਿਪਾਲ ਲਈ ਪਿਆਰ ਦਾ ਫੁਹਾਰਾ ਬਣ ਕੇ ਮਿਲੀ ਦੇ ਦਿਲ ਵਿਚ ਬੀਜੇ ਬੀਜ ਲਈ ਵਰਸ ਪਿਆ। ਮਿਲੀ ਤਾਂ ਪਿਛਾਂਹ, ਪਿਛਾਂਹ ਹੋਰ ਪਿਛਾਂਹ ਗਈ ਪਰ ਕ੍ਰਿਪਾਲ ਪਾਲੀ ਵੱਲੋਂ ਇਸ਼ਾਰਾ ਪਾ ਕੇ ਅਗਾਂਹ, ਅਗਾਂਹ ਹੋਰ ਅਗਾਂਹ ਹੋ ਗਿਆ ਤੇ ਅਸਲੀ ਵਿਆਹ ’ਤੇ ਆ ਗਿਆ ਕਿਉਂਕਿ ਪਾਲੀ ਨੇ ਲਿਖਿਆ ਸੀ—ਲੱਗਦਾ ਹੈ ਇਹੀ ਇੰਨੀ ਸੇਵਾ ਕਰਕੇ, ਅਸਲੀ ਹੱਕਦਾਰ ਹੈ। ਸੰਤਾਂ ਨੇ ਇਵੇਂ ਹੀ ਕਿਹਾ ਸੀ। ਮਿਲੀ ਫਿਰ ਬਾਰ-ਬਾਰ ਕਹੇ ਕਿ ਤੂੰ ਸ਼ਿਓਰ ਹੈਂ। ਉਹ ਮੈਨੂੰ ਚਾਹੁੰਦੇ ਹਨ, ਤੂੰ ਲਾਈਕ ਕਰਦਾ ਹੈਂ। ਮੈਂ ਕਿਸੇ ਨੂੰ ਹਰਟ ਤੇ ਨਹੀਂ ਕਰ ਰਹੀ ਤੇ ਪੂਰਾ ਯਕੀਨ ਦਿਵਾਉਣ ’ਤੇ ਉਹ ਕ੍ਰਿਪਾਲ ਨੂੰ ਆਪਣੇ ਘਰ ਵਿਚ ਲੈ ਗਈ। ਰਿਸ਼ਤੇਦਾਰਾਂ ਨੂੰ ਦੱਸ ਦਿੱਤਾ ਤੇ ਪੂਰੇ ਸ਼ਾਨੋ-ਸ਼ੌਕਤ ਨਾਲ ਪਾਰਟੀ ਕਰਕੇ ਵਿਆਹ ਕਰਵਾ ਲਿਆ।

ਕ੍ਰਿਪਾਲ ਦੇ ਇਕ ਦੋਸਤ ਨੇ ਦੱਸਿਆ ਕਿ ਵੇਖੋ ਜੀ ਮਿੱਲੀ ਕ੍ਰਿਪਾਲ ਨੂੰ ਮਿਲ ਗਈ ਤੇ ਪਾਲੀ ਓਥੇ ਡੇਰੇ ਵਾਲਿਆਂ ਨਾਲ ਮਿਲੀ ਫਿਰਦੀ ਆ। ਫ਼ਰਕ ਤੇ ਅੱਧਕ ਦਾ ਹੀ ਹੈ। ਕ੍ਰਿਪਾਲ ਤੇ ਕੁਦਰਤ ਦੀ ਮਿਹਰ ਹੈ।

—

# ਚਿਕਨ ਕਰੀ

ਪਹਿਲੇ ਦਿਨ ਜਦੋਂ ਉਹ ਨੇਲਜ਼ ਸੈਲੂਨ ਵਾਲੇ ਪਾਸਿਓਂ ਸਾਡੇ ਸਟੋਰ ਵਿਚ ਆਈ ਤਾਂ ਬੂਹੇ ਵੜਦਿਆਂ ਹੀ ਮੇਰੀਆਂ ਅੱਖਾਂ ਅੱਡੀਆਂ ਰਹਿ ਗਈਆਂ। ਹੈਂ, ਇਹ ਤਾਂ ਮੈਨੂੰ ਆਪਣੀ ਹੀ ਲੱਗਦੀ ਹੈ। ਉਸਨੇ ਲੰਮੀ ਸਕਰਟ, ਪੂਰੀ ਬਾਂਹ ਦੀ ਲੰਬੀ ਪਲੇਨ ਕਮੀਜ਼ ਤੇ ਘੁੱਟ ਕੇ ਇਕ ਗੁੱਤ ਕੀਤੀ ਹੋਈ ਸੀ ਤੇ ਉਹ ਬਿਲਕੁਲ ਹੀ ਅਮਰੀਕਾ ਵਿਚ ਨਵੀਂ ਆਈ ਪੰਜਾਬਣ ਹੀ ਲੱਗ ਰਹੀ ਸੀ। ਮੈਂ ਵੀ ਅਜੇ ਨਵੀਂ-ਨਵੀਂ ਅਮਰੀਕਾ ਆਈ ਹੋਣ ਕਰਕੇ ਆਪਣਿਆਂ ਨੂੰ ਤਰਸੀ ਪਈ ਸੀ। ਸੋਚਦੀ ਸੀ ਕਿ ਸਟੋਰ ਤੇ ਇੰਨੇ ਲੋਕ ਗੋਰੇ ਤੇ ਕਾਲੇ ਆਉਂਦੇ ਹਨ—ਕਦੇ ਕੋਈ ਕਣਕਵੰਨਾ ਵੀ ਆਵੇ। ਸੋ ਉਸਦਾ ਰੰਗ ਵੀ ਕਣਕਵੰਨਾ ਹੀ ਸੀ ਤੇ ਨਕਸ਼ ਵੀ ਤਿੱਖੇ। ਉਹਨੇ ਵੀ ਮੇਰੇ ਵੱਲ ਇੰਜ ਹੀ ਵੇਖਿਆ ਕਿ ਜਿਵੇਂ ਕੋਈ ਗੁਆਚੀ ਚੀਜ਼ ਲੱਭੀ ਹੋਵੇ।

ਜਿੰਨੀ ਦੇਰ ਉਹ ਆਇਲਜ਼ ਵਿਚ ਲੱਗੀਆਂ ਚੀਜ਼ਾਂ ਵੇਖਣ ਗਈ, ਮੈਂ ਕਾਹਲੀ-ਕਾਹਲੀ ਸਾਰੇ ਗਾਹਕ ਭੁਗਤਾ ਕੇ ਉਹਦੇ ਲਈ ਵਿਹਲੀ ਹੋ ਗਈ। ਉਹ ਵੀ ਪੂਰੇ ਖਿੜੇ ਮੂਡ ਵਿਚ ਬਿਨਾਂ ਕਿਸੇ ਚੀਜ਼ ਦੇ ਹੀ ਕਾਊਂਟਰ ’ਤੇ ਆ ਕੇ ਖਲੋ ਗਈ। ‘ਹਾਂ ਜੀ’ ਅਚਨਚੇਤ ਹੀ ਆਪਮੁਹਾਰੇ ਮੇਰੇ ਮੂੰਹੋਂ ਨਿਕਲ ਗਿਆ। ਪਰ ਇਹਨੇ ਤੇ ਮੇਰੇ ਸਾਧਾਰਨ ਲਫ਼ਜ਼ ਹਾਂ ਜੀ ਨੂੰ ਵੀ ਨਹੀਂ ਸਮਝਿਆ, ਚੁੱਪ ਹੀ ਖੜ੍ਹੀ ਮੇਰੇ ਵੱਲ ਵੇਖੀ ਜਾਵੇ ਤਾਂ ਮੈਂ ਅੰਗਰੇਜ਼ੀ ਵਿਚ ਅਜੇ ਬੋਲਣ ਹੀ ਲੱਗੀ ਸੀ ਕਿ ਉਹ ਕਹਿੰਦੀ—“ਤੂੰ ਚਿਕਨ ਕਰੀ ਲਾਈਕ ਕਰਦੀ ਹੈਂ ?”

ਮੈਂ ਕਿਹਾ—“ਤੂੰ ਇਥੇ ਚਿਕਨ ਕਰੀ ਲੱਭਦੀ ਸੀ। ਉਹ ਤੇ ਅਸੀਂ ਘਰ ਬਣਾਉਂਦੇ ਹਾਂ। ਪਰ ਜੇ ਤੂੰ ਲਾਈਕ ਕਰਦੀ ਹੈਂ ਤਾਂ ਮੈਂ ਤੇਰੇ ਲਈ ਘਰੋਂ ਬਣਾ ਕੇ ਲਿਆ ਸਕਦੀ ਹਾਂ।”

ਫਿਰ ਵੀ ਮੈਂ ਸੋਚਿਆ ਕਿ ਹੋ ਸਕਦਾ ਹੈ ਇਹ ਇਥੋਂ ਦੀ ਜੰਮੀ ਪਲੀ ਹੋਵੇ ਤੇ ਮੇਰੀ ਭਾਸ਼ਾ ਨਹੀਂ ਸਮਝ ਰਹੀ ਹੋਵੇ ਤੇ ਅਗਲਾ ਪ੍ਰਸ਼ਨ ਮੈਂ ਕੀਤਾ—“ਤੂੰ ਕਿਥੋਂ ਹੈਂ ?” ਤੇ ਉਹ ਹੋਰ ਵੀ ਹੈਰਾਨ ਹੋ ਗਈ। ਕਹਿੰਦੀ, “ਮੈਂ ਇਥੇ ਹੀ ਮਾਊਂਟ ਹੋਲੀ ਸ਼ਹਿਰ ਵਿਚ ਰਹਿੰਦੀ ਹਾਂ।” ਮੈਂ ਫਿਰ ਵੀ ਇਹੀ ਸੋਚਾਂ ਕਿ ਇਹ ਮੈਨੂੰ ਤਾਂ ਮੇਰੀ ਲੱਗਦੀ ਹੈ ਕੀ ਕਹਾਂ ਕਿ ਇਹ ਖ਼ੁਸ਼ ਹੋਵੇ। ਸੋ ਸੋਚ ਕੇ ਮੈਂ ਫ਼ੈਸਲਾ ਥਾਂ ਮੁਤਾਬਕ ਹੀ ਕੀਤਾ ਕਿ ਇਹ ਧਰਤੀ ਪਰਾਈ ਹੈ। ਸੋ ਪਰਾਈ ਭਾਸ਼ਾ ਤੇ ਪਰਾਏ ਲੋਕ ਪਤਾ ਨਹੀਂ ਕਿਵੇਂ ਸੋਚਣ। ਇਸ ਲਈ ਮੈਂ ਕਿਹਾ, “ਤੂੰ ਕਿਵੇਂ ਹੈਂ ?”

“ਮੈਂ ਬਿਲਕੁਲ ਠੀਕ ਹਾਂ। ਤੂੰ ਕਿਵੇਂ ਇਥੇ ਮਹਿਸੂਸ ਕਰਦੀ ਹੈਂ ?”

ਆਪਣੀ ਮਾਂ ਮਿੱਟੀ ਤੋਂ ਦੂਰ ਚੰਗਾ ਤਾਂ ਕਦੇ ਵੀ ਕੁਝ ਨਹੀਂ ਲੱਗਦਾ ਪਰ ਫਿਰ ਵੀ



ਜਾਣ ਬੁੱਝ ਕੇ ਝੂਠ ਬੋਲ ਦਿੱਤਾ ਬਹੁਤ ਵਧੀਆ। ਅਗਲਾ ਫਿਰ ਮੈਂ ਨਵੇਂ ਹੋਣ ਕਰਕੇ ਗ਼ਲਤ ਪ੍ਰਸ਼ਨ ਪੁੱਛ ਬੈਠੀ, ਜੋ ਪੁੱਛਣਾ ਨਹੀਂ ਸੀ ਚਾਹੀਦਾ। ਜੋ ਇਕ ਰਿਸਦੇ ਫੋੜੇ ਨੂੰ ਛੇੜਨ ਵਾਲੀ ਗੱਲ ਸੀ। ਸਮਾਂ ਪਾ ਕੇ ਸ਼ਾਇਦ ਉਸਨੂੰ ਬੁਰਾ ਨਾ ਲੱਗੇ ਪਰ ਅਸੀਂ ਪੰਜਾਬੀ ਖੁੱਲ੍ਹੇ ਖੁਲਾਸੇ, ਸਾਦ-ਮੁਰਾਦੇ ਭਾਵੇਂ ਆਂ ਤੇ ਦੁਨੀਆ ਦੇ ਸਭ ਤੋਂ ਵੱਧ ਗੁੰਝਲਦਾਰ ਮੋੜ ’ਤੇ ਜਾਂਦੇ ਹਾਂ ਪਰ ਤੁਰਦੇ ਆਪਣੇ ਹੀ ਸਿੱਧੇ ਪਹਿਆਂ ’ਤੇ ਹਾਂ।

ਮੈਂ ਪੁੱਛਿਆ ਕਿ ਤੁਸੀਂ ਕਦੋਂ ਆਏ ਹੋ ? ਤੇ ਉਹ ਗੰਭੀਰ ਹੋ ਗਈ। ਕਹਿੰਦੀ—ਕਿਥੋਂ ? ਫਿਰ ਮੈਂ ਆਪਣੇ ਆਪ ਨੂੰ ਸੰਭਾਲ ਕੇ ਕਿਹਾ—“ਤੁਸੀਂ ਕਿਥੋਂ ਆਏ ਹੋ ?” ਕਹਿੰਦੀ—“ਤੂੰ ਇੰਡੀਅਨ ਹੈਂ ਕਿ ਪਾਕਿਸਤਾਨੀ ?” ਮੈਨੂੰ ਤਾਂ ਉਹ ਇੰਡੀਅਨ ਹੀ ਲੱਗਦੀ ਹੋਣ ਕਰਕੇ ਮੈਂ ਬੜੀ ਉੱਚੀ ਪਿਆਰੀ ਸੁਰ ਵਿਚ ਕਿਹਾ—“ਮੈਂ ਇੰਡੀਆ ਤੋਂ ਆਈ ਆਂ।” ਕਹਿੰਦੀ—“ਤੁਸੀਂ ਕੌਣ ਹੋ ਪੰਜਾਬੀ, ਗੁਜਰਾਤੀ, ਹਿੰਦੂ, ਮੁਸਲਿਕ ਕਿ ਸੀਖ ?” ਮੇਰੀ ਖ਼ੁਸ਼ੀ ਦੀ ਹੱਦ ਹੋਰ ਵੀ ਵਧ ਗਈ ਕਿ ਇਹ ਤਾਂ ਮੇਰਾ ਨਿਸ਼ਾਨਾ ਠੀਕ ਹੀ ਵੱਜਾ। ਇਹ ਤਾਂ ਸਭ ਕੁਝ ਜਾਣਦੀ ਹੈ। ਬੋਲਦੀ ਤਾਂ ਅੰਗਰੇਜ਼ੀ ਵਿਚ ਹੈ ਪਰ ਬੋਲਦੀ ਤਾਂ ਸਾਡਿਆਂ ਬਾਰੇ ਹੀ ਹੈ।

ਇਸਦੇ ਨਾਲ ਹੀ ਮੈਂ ਆਪਣੇ ਗਾਹਕ ਭੁਗਤਾ ਰਹੀ ਸੀ ਤੇ ਵਿਚ ਹੀ ਬੜੇ ਤਰੀਕੇ ਨਾਲ ਕਿ ਕਿਤੇ ਇਹ ਮਹਿਸੂਸ ਨਾ ਕਰਨ ਕਿ ਸਾਨੂੰ ਅਣਗੌਲਿਆਂ ਕਰ ਰਹੀ ਹੈ ਤੇ ਆਪਣਿਆਂ ਨਾਲ ਗੱਲੀਂ ਪਈ ਹੋਈ ਹੈ। ਇਸ ਕਰਕੇ ਮੈਂ ਉਨ੍ਹਾਂ ਨੂੰ ਵੀ ਭਰਵੀਂ ਝੂਠੀ ਮੁਸਕਰਾਹਟ, ਖਿੱਚ ਕੇ ਥੈਂਕਊ ਤੇ ਜਾਂਦੇ ਨੂੰ ਹੈਵ ਏ ਨਾਈਸ ਡੇ, ਗੁੱਡ ਡੇ, ਬੈਸਟ ਡੇ, ਜੋ ਉਪਰੋਂ ਹੀ ਦੁਕਾਨਦਾਰੀ ਚਲਾਉਣ ਲਈ ਕਹਿ ਰਹੀ ਸਾਂ ਤੇ ਦਿਲ ਵਿਚ ਇਹ ਵੀ ਡਰ ਕਿ ਕਿਤੇ ਇਹ ਤੁਰ ਹੀ ਨਾ ਪਵੇ। ਮੇਰੀ ਤਾਂ ਕਹਾਣੀ ਮੁੱਕ ਜਾਊ। ਮਸਾਂ ਹੀ ਮੈਨੂੰ ਕੋਈ ਮੇਰੇ ਆਪਣੇ ਵਰਗਾ ਕੋਈ ਮਿਲਿਆ ਹੈ।

ਕਾਹਲੀ-ਕਾਹਲੀ ਵਿਹਲਿਆਂ ਹੋ ਕੇ ਕਿਹਾ—‘ਹਾਂ ਜੀ’ ਤੇ ਉਹ ਹੈਰਾਨ ਹੋ ਕੇ ਮੇਰੇ ਮੂੰਹ ਵੱਲ ਵੇਖਣ ਲੱਗ ਪਈ ਜਿਵੇਂ ਮੇਰੀ ਅਣਜਾਣ-ਪੁਣੇ ਵਿਚ ‘ਹਾਂ ਜੀ’ ਉਹਨੂੰ ਸਮਝ ਨਹੀਂ ਸੀ ਆਈ। ਫਿਰ ਮੈਂ ਕਿਹਾ—“ਯੈੱਸ, ਮੈਂ ਪੰਜਾਬੀ ਹਾਂ।” ਉਹ ਚੁੱਪ ਕਰ ਕੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਣ ਲੱਗ ਪਈ। ਕਹਿੰਦੀ—“ਸ਼ਾਇਦ, ਤੂੰ ਮੈਨੂੰ ਕੁਝ ਦੱਸੇਂਗੀ। ਪਰ ਪਹਿਲਾਂ ਤੂੰ ਦੱਸ ਕਿ ਤੂੰ ਮੈਨੂੰ ਪ੍ਰਸ਼ਨ ਕਿਉਂ ਕੀਤਾ ਹੈ।”

ਮੈਂ ਤਾਂ ਕਸੂਤੀ ਹੀ ਫਸ ਗਈ ਕਿ ਹੈ ਤਾਂ ਇਹ ਗੋਰੀ ਹੈ ਪਰ ਮੈਂ ਆਪਣਾ ਸਮਝ ਕੇ ਇਹਦਾ ਸਮਾਂ ਖ਼ਰਾਬ ਕਰ ਰਹੀ ਹਾਂ। ਪਰ ਫਿਰ ਵੀ ਮੈਂ ਹੱਸ ਕੇ ਕਿਹਾ ਕਿ ਤੂੰ ਮੈਨੂੰ ਇੰਡੀਅਨ ਲੱਗਦੀ ਹੈਂ। ਕਹਿੰਦੀ ਮੈਂ ਜਿਥੇ ਵੀ ਜਾਂਦੀ ਹਾਂ, ਸਾਰੇ ਇਹੀ ਸਮਝਦੇ ਹਨ ਕਿ ਮੈਂ ਇੰਡੀਅਨ ਹਾਂ। ਫਿਰ ਚੁੱਪ ਕਰਕੇ ਗੰਭੀਰ ਹੋ ਕੇ ਕਹਿੰਦੀ—“ਕੀ ਤੂੰ ਪੰਜਾਬ ਵਿਚ ਪਾਲ ਨੂੰ ਜਾਣਦੀ ਹੈਂ ?”

“ਪਾਲ ਤਾਂ ਸਾਡੇ ਘਰ ਵਿਚ ਹੀ ਦੋ ਹਨ। ਇਕ ਸੀਨੀਅਰ ਪਾਲ ਮੇਰਾ ਘਰਵਾਲਾ ਤੇ ਦੂਜਾ ਜੂਨੀਅਰ ਪਾਲ ਮੇਰੀ ਨਣਾਨ ਦਾ ਘਰਵਾਲਾ। ਕਿਉਂਕਿ ਇਨ੍ਹਾਂ ਦੋਹਾਂ ਦੇ ਮਿਡਲ ਨਾਮ ਪਾਲ ਹੋਣ ਕਰਕੇ ਸਾਰੇ ਪਾਲ ਹੀ ਕਹਿੰਦੇ ਹਨ।” ਮੈਂ ਉਨ੍ਹਾਂ ਬਾਰੇ ਦੱਸਿਆ।

ਉਹ ਨਾਲ ਹੀ ਸਿਰ ’ਤੇ ਗੋਲਾਈ ਵਿਚ ਹੱਥ ਮਾਰੀ ਜਾਵੇ ਤੇ ਕਹਿੰਦੀ—“ਉਹ ਇਵੇਂ

ਟਰਬਨ ਬੰਨਦਾ ਹੈ।"

ਮੈਂ ਹੋਰ ਵੀ ਹੈਰਾਨ ਹੋ ਗਈ ਕਿ ਇਹ ਦੋਵੇਂ ਪੱਗ ਵੀ ਬੰਨਦੇ ਹਨ। ਮੈਂ ਕਿਹਾ—"ਹਾਂ, ਉਹ ਬੰਨਦੇ ਹਨ।"

ਕਹਿੰਦੀ—"ਉਹ ਕਦੋਂ ਦੇ ਇਥੇ ਰਹਿੰਦੇ ਹਨ ?" ਮੈਂ ਜਦੋਂ ਸਾਲ ਦੱਸੇ ਤਾਂ ਕਹਿੰਦੀ—"ਨਹੀਂ, ਕਿਉਂਕਿ ਉਹ ਪਾਲ ਵੀਹ ਬਾਈ ਸਾਲ ਪਹਿਲਾਂ ਇਥੇ ਸੀ ਜਦੋਂ ਮੈਂ ਦੋ-ਢਾਈ ਸਾਲ ਦੀ ਸੀ ਤਾਂ ਉਹ ਗੁੰਮ ਹੋ ਗਿਆ।"

ਹੈਂ ! ਇਹ ਤਾਂ ਕਿਸੇ ਪੰਜਾਬੀ ਨੂੰ ਜਾਣਦੀ ਹੈ। ਮੈਂ ਬਾਹਰ ਵੇਖਣ ਲੱਗ ਪਈ ਕਿ ਕੋਈ ਮੇਰੇ ਘਰੋਂ ਆ ਹੀ ਜਾਵੇ, ਜਿਹੜਾ ਕਾਊਂਟਰ 'ਤੇ ਖੜ੍ਹਾ ਹੋ ਜਾਵੇ ਤੇ ਮੈਂ ਇਹਦੇ ਨਾਲ ਗੱਲਾਂ ਕਰਾਂ। ਪਰ ਕੋਈ ਵੀ ਨਾ ਆਇਆ ਤੇ ਗਾਹਕ ਵੀ ਸਾਉਣ ਦੇ ਛਰਾਟੇ ਵਾਂਗ ਆਈ ਹੀ ਜਾਣ। ਤੇ ਉਹ ਬਾਏ ਕਹਿ ਕੇ ਜਾਣ ਲੱਗੀ। ਪਰ ਮੈਂ ਫਿਰ ਵੀ ਕਿਹਾ—"ਪਲੀਜ਼, ਤੂੰ ਮੈਨੂੰ ਫ਼ੋਨ ਨੰਬਰ ਦੇ ਤੇ ਮੈਂ ਤੈਨੂੰ ਕਾਲ ਕਰੂੰਗੀ।" ਜੋ ਕਿ ਲੱਗਦੀ ਤਾਂ ਗੁਸਤਾਖ਼ੀ ਹੀ ਸੀ ਪਰ ਇਥੇ ਚੱਲਦਾ ਹੈ। ਸਾਰੇ ਹੀ ਪੈਨ ਤੇ ਪੇਪਰ ਚੁੱਕੀ ਫਿਰਦੇ ਹਨ। ਮੁੰਡੇ ਕੁੜੀਆਂ ਦੋ-ਚਾਰ ਮਿੰਟ ਦੀ ਮਿਲਣੀ 'ਤੇ ਹੀ ਫ਼ੋਨ ਨੰਬਰ ਲੈ ਡੋਰੇ ਸੁੱਟ ਲੈਂਦੇ ਹਨ। ਫਿਰ ਇਸੇ ਹਵਾ ਦੇ ਬੁੱਲੇ ਨਾਲ ਕੰਬਦੇ ਤਣੇ ਤੇ ਜ਼ਿੰਦਗੀ ਦਾ ਭਾਰਾ ਦਰਖ਼ਤ ਉਸਾਰ ਲੈਂਦੇ ਹਨ। ਯਾਨਿ ਬੱਚੇ ਜੰਮ ਲੈਂਦੇ ਹਨ। ਪਰ ਉਹਨੇ ਮੈਨੂੰ ਫ਼ੋਨ ਨਹੀਂ ਦਿੱਤਾ। ਕਹਿੰਦੀ—"ਅਗਲੇ ਵੀਕ ਐਂਡ 'ਤੇ ਫਿਰ ਮੈਂ ਨੇਲਜ਼ ਸੈਲੂਨ 'ਤੇ ਨੇਲਜ਼ ਬਣਵਾਉਣ ਆਉਣਾ ਹੈ। ਸੋ ਮੈਂ ਤੈਨੂੰ ਮਿਲਾਂਗੀ।"

ਇਹ ਵੀਕ ਐਂਡ ਉਡੀਕਦਿਆਂ ਮੇਰੀਆਂ ਅੱਖਾਂ ਹੀ ਪੱਕ ਗਈਆਂ ਕਿ ਕਦੋਂ ਆਵੇ। ਮੈਂ ਕਿਸੇ ਨਾਲ ਗੱਲ ਤਾਂ ਨਾ ਕੀਤੀ ਪਰ ਆਪਣੀ ਬੇਟੀ ਨੂੰ ਆਪਣੇ ਨਾਲ ਸਟੋਰ 'ਤੇ ਲਿਜਾਣ ਲਈ ਮਨਾ ਲਿਆ। ਉਹ ਵੀ ਬੜੀ ਹੈਰਾਨ ਸੀ ਕਿ ਮੰਮੀ ਅੱਜ ਕਿਵੇਂ ਤਰਲੇ ਕਰ ਰਹੇ ਹਨ। ਅੱਗੇ ਮੈਂ ਤਰਲੇ ਕਰਦੀ ਹੁੰਦੀ ਹਾਂ ਕਿ ਮੈਨੂੰ ਲੈ ਜਾਊ ਤੇ ਇਹ ਲਿਜਾਂਦੇ ਨਹੀਂ ਕਿ ਤੂੰ ਘਰ ਰਹਿ। ਮੈਂ ਉਹਨੂੰ ਵੀ ਕੁਝ ਨਾ ਦੱਸਿਆ ਕਿ ਪਤਾ ਨਹੀਂ ਖਿੱਦੋ ਨੂੰ ਖੋਲ੍ਹ ਕੇ ਵਿਚੋਂ ਕੀ ਨਿਕਲਣਾ ਹੈ ਤੇ ਜੇ ਮੈਂ ਪਹਿਲਾਂ ਹੀ ਖਿੱਦੋ ਖਿਲਾਰ ਦਿੱਤਾ ਤਾਂ ਪਿੱਛੋਂ ਕਿਤੇ ਨਮੋਸ਼ੀ ਹੀ ਨਾ ਸਹਿਣੀ ਪਵੇ ਕਿ ਵਿਚੋਂ ਕੀ ਨਿਕਲਿਆ ਹੈ।

ਅਸੀਂ ਸਵੇਰੇ ਹੀ ਤਿਆਰ ਹੋ ਕੇ ਮਾਵਾਂ-ਧੀਆਂ ਆ ਗਈਆਂ। ਸਟੋਰ 'ਤੇ ਦੱਬ ਕੇ ਸਫ਼ਾਈ ਕੀਤੀ। ਧੂਫ਼ ਧੁਖਾਈ ਤਾਂ ਕਿ ਸੋਹਣੀ ਖ਼ੁਸ਼ਬੋ ਆਵੇ। ਕੌਫ਼ੀ ਬਣਾਈ ਤੇ ਮੇਰੀ ਬੇਟੀ ਤਾਂ ਮੈਗਜ਼ੀਨਾਂ ਵਿਚ ਰੁੱਝ ਗਈ ਜਿਸ ਕਰਕੇ ਮੈਂ ਚਾਹੁੰਦੀ ਨਹੀਂ ਹੁੰਦੀ ਕਿ ਸਟੋਰ 'ਤੇ ਆਵੇ ਕਿਉਂਕਿ ਸੈਕਸੀ ਰਸਾਲੇ, ਸੈਕਸੀ ਸਾਹਮਣੇ ਅੰਦਾਜ਼ ਮੈਂ ਨਹੀਂ ਚਾਹੁੰਦੀ ਕਿ ਇਸਦੇ ਨਾਜ਼ੁਕਪੁਣੇ 'ਤੇ ਅਸਰ ਕਰਨ। ਜਦੋਂ ਮੈਂ ਕਹਾਂ "ਤੂੰ ਓਧਰ ਬੈਠ ਜਾ। ਆਹ ਪੜ੍ਹ, ਆਹ ਨਾ ਪੜ੍ਹ। ਏਧਰ ਵੇਖ, ਏਧਰ ਨਾ ਵੇਖ" ਤਾਂ ਉਹ ਕਹੂ "ਮੰਮੀ ਤੁਸੀਂ ਨਹੀਂ ਜਾਣਦੇ, ਸਾਰਾ ਦਿਨ ਸਕੂਲ ਵਿਚ ਅਸੀਂ ਇਨ੍ਹਾਂ ਵਿਚ ਰਹਿੰਦੇ ਹਾਂ। ਇਹੋ ਕੁਝ ਹੀ ਤਾਂ ਦੇਖਦੇ ਹਾਂ।" ਸੁਣ ਕੇ ਮੈਂ ਡੂੰਘਾ ਸਾਹ ਲਿਆ—"ਚਿੱਕੜ।"

ਮੈਂ ਕਾਊਂਟਰ 'ਤੇ ਖਲੋ ਕੇ ਉਹਨੂੰ ਉਡੀਕਣ ਲੱਗ ਪਈ। ਬਾਰਾਂ ਕੁ ਵਜੇ ਉਹ ਲੰਬੀ



ਸਕਰਟ, ਲੰਬੀ ਸ਼ਰਟ ਤੇ ਗਲ ਵਿਚ ਸਕਾਰਫ ਪਾਈ ਬੜੀ ਹੀ ਖ਼ੁਸ਼-ਖ਼ੁਸ਼ ਕਾਹਲੀ-ਕਾਹਲੀ ਸਾਡੇ ਬੂਹੇ 'ਤੇ ਮੈਨੂੰ ਨਜ਼ਰ ਆਈ। ਮੈਂ ਅੱਗੋਂ ਭੱਜੀ ਗਈ ਤੇ ਬੜੀ ਹੀ ਖ਼ੁਸ਼ ਹੋ ਕੇ ਜੱਫੀ ਪਾ ਕੇ ਮਿਲੀ। ਕਹਿੰਦੀ ਕਿ ਮੈਂ ਤਾਂ ਇਸ ਸੈਲੂਨ 'ਤੇ ਬੜੇ ਚਿਰਾਂ ਦੀ ਆਉਂਦੀ ਹਾਂ ਪਰ ਇਸ ਸਟੋਰ 'ਤੇ ਮੈਂ ਨਹੀਂ ਸੀ ਆਉਂਦੀ। ਮੈਂ ਕਿਹਾ ਕਿ ਤੂੰ ਕੀ ਪਸੰਦ ਕਰੇਂਗੀ—ਠੰਡਾ ਕਿ ਕੌਫ਼ੀ। ਕਹਿੰਦੀ ਨੋ ਥੈਂਕਯੂ ਮੈਨੂੰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ ਹੈ। ਇਹ ਵੀ ਆਦਤ ਮੈਨੂੰ ਸਾਡਿਆਂ ਵਰਗਿਆਂ ਹੀ ਲੱਗੀ ਨਹੀਂ ਤਾਂ ਇਹ ਤਾਂ ਕਹਿਣ ਦੀ ਦੇਰ ਨਹੀਂ ਕਿ ਕੂਲਰ ਵੱਲ ਨੂੰ ਝਪਟ ਕੇ ਪਏ। ਨਹੀਂ ਤੇ ਵਧੀਆ ਸੋਢਾ ਜੂਸ ਕੱਢ ਲਿਆਉਣਗੇ। ਇਕ ਵਾਰੀ ਜ਼ਰੂਰ ਕਹਿਣਗੇ—ਆਰ ਯੂ ਸ਼ਿਓਰ। ਬਸ ਫਿਰ ਅਸੀਂ ਜਿੰਨਾ ਪੁੱਛਿਆ ਹੁੰਦਾ, ਉਹ ਝਟਪਟ ਚੁੱਕ ਲੈਣਗੇ, ਕੀ ਕਹੀਏ। ਉੱਤੋਂ ਉੱਤੋਂ ਹੀ ਸੁਲਾਹ ਮਾਰੀ ਸੀ। ਕਹਿ ਦਿੰਦੇ—ਹਾਂ ਸ਼ਿਓਰ। ਪਰ ਏਹਨੇ ਉਲਟ ਕੀਤਾ ਜਦੋਂ ਕਿ ਮੈਂ ਦਿਲੋਂ ਚਾਹੁੰਦੀ ਸੀ ਕੁਝ ਲਵੇ ਪਰ ਲਿਆ ਨਹੀਂ।

"ਯੈੱਸ ! ਕੀ ਤੂੰ ਮੈਨੂੰ ਫੇਵਰ ਦੇਵੇਂਗੀ ?" ਉਹਦੇ ਨਹੁੰ ਗਿੱਲੇ ਹੋਣ ਕਰਕੇ ਮੇਰੇ ਅੱਗੇ ਆਪਣਾ ਪਰਸ ਕਰ ਕੇ ਕਿਹਾ—"ਇਹਨੂੰ ਖੋਲ੍ਹ, ਇਹਦੇ ਵਿਚ ਬਰਾਊਨ ਵਾਇਲਟ ਹੈ, ਉਹ ਕੱਢ।" ਮੈਂ ਡਰਦਿਆਂ-ਡਰਦਿਆਂ ਉਵੇਂ ਹੀ ਕੀਤਾ। ਕਹਿੰਦੀ—"ਇਹ ਖੋਲ੍ਹ" ਮੈਂ ਉਹ ਖੋਲ੍ਹੀ ਤਾਂ ਵਿਚ ਫੋਟੋਆਂ ਵੇਖ ਕੇ ਮੈਂ ਕੰਬ ਜਿਹੇ ਗਈ ਕਿਉਂਕਿ ਮੈਨੂੰ ਪੱਗ ਦਾ ਭੁਲੇਖਾ ਜਿਹਾ ਪਿਆ ਸੀ। ਕਹਿੰਦੀ ਕਿ ਇਹ ਸਾਰੀਆਂ ਪਿਕਚਰਜ਼ ਕੱਢ। ਮੈਂ ਪਿੱਛੇ ਲੈ ਗਈ ਤਾਂ ਕਿ ਹੌਲੀ-ਹੌਲੀ ਚੰਗੀ ਤਰ੍ਹਾਂ ਵੇਖਾਂ। ਮੈਂ ਪਹਿਲੀ ਫੋਟੋ ਵੇਖੀ—ਇਕ ਮੇਮ, ਜੋ ਸ਼ਕਲ ਤੋਂ ਇਹਦੀ ਮਾਂ ਹੀ ਲੱਗਦੀ ਸੀ ਤੇ ਨਾਲ ਇਕ ਗੁਲਾਬੀ ਪੱਗ ਤੇ ਕੋਟ ਵਾਲਾ ਪੰਜਾਬੀ ਜੋ ਇਹ ਪਾਲ ਦੱਸਦੀ ਹੈ, ਉਹ ਖੜ੍ਹਾ ਸੀ। ਦੂਜੀ ਫ਼ੋਟੋ ਵਿਚ ਉਹਨੇ ਪੱਗ ਨਹੀਂ ਸੀ ਬੰਨੀ ਪਰ ਵਾਲ ਕੱਟੇ ਹੋਏ ਸੀ ਤੇ ਨਿੱਕੇ ਜਿਹੇ ਬੱਚੇ ਨੂੰ ਚੁੱਕ ਕੇ ਖੜ੍ਹਾ ਸੀ। ਤੀਜੀ ਫੋਟੋ ਗੋਰੀਆਂ ਗੋਰਿਆਂ ਵਿਚ ਉਹ ਪੰਜਾਬੀ ਵੀ ਪੱਗ ਤੋਂ ਬਿਨਾਂ ਕਾਫ਼ੀ ਖ਼ੁਸ਼ੀਆਂ ਮੇਲੇ ਮਨਾ ਰਿਹਾ ਸੀ। ਚੌਥੀ ਫਿਰ ਇਕ ਪੰਜਾਬੀ ਬਜ਼ੁਰਗ ਜੋੜੀ ਦੀ ਫੋਟੋ ਸੀ। ਉਹ ਸਾਰੀਆਂ ਫੋਟੋਆਂ ਵਿਖਾਈ ਜਾ ਰਹੀ ਸੀ। ਨਾਲ-ਨਾਲ ਆਪਣੇ ਨਹੁੰਆਂ ਨੂੰ ਉਤਾਂਹ ਚੁੱਕੀ ਖੜੀ ਮੈਨੂੰ ਇੰਸਟ੍ਰਕਸ਼ਨਜ਼ ਵੀ ਦੇ ਰਹੀ ਸੀ—"ਪਹਿਲੀ ਫ਼ੋਟੋ ਕਹਿੰਦੀ ਜਿਹੜੀ ਵਾਲੀ ਪੱਗ ਵਾਲੀ, ਇਹ ਪਾਲ ਮੇਰੀ ਮਾਮ ਦਾ ਬੁਆਏ ਫਰੈਂਡ ਸੀ ਜਿਸ ਨੇ ਪਤਾ ਨਹੀਂ ਕਿਉਂ ਮੇਰੀ ਮਾਮ ਦੇ ਨਾਂਹ ਕਰਨ 'ਤੇ ਵੀ ਅੜੀ ਕਰਕੇ ਵਿਆਹ ਕਰਵਾ ਲਿਆ। ਮੇਰੀ ਮਾਮ ਉਹਨੂੰ ਲੰਮੇ ਸਮੇਂ ਤੋਂ ਲੱਭਦੀ-ਲੱਭਦੀ ਪਿਛਲੇ ਸਾਲ ਮਰ ਗਈ ਹੈ। ਮੇਰੀ ਮਾਮ ਨੇ ਉਹਦੇ ਤੇ ਬਹੁਤ ਹੀ ਵਿਸ਼ਵਾਸ ਕੀਤਾ। ਮਾਮ ਤਾਂ ਪਹਿਲਾਂ ਪੰਜਾਬ ਵੀ ਜਾਣਾ ਚਾਹੁੰਦੀ ਸੀ ਪਰ ਉਹ ਲਿਜਾਂਦਾ ਨਹੀਂ ਸੀ। ਆਹ ਮੇਰੇ ਗਰੈਂਡ ਪੇਰੇਂਟਸ ਦੀ ਫ਼ੋਟੋ ਹੈ। ਇਹ ਕਿਥੇ ਹਨ, ਇਹ ਜਾਣਨ ਲਈ ਮੇਰੀ ਮਾਮ ਫੋਟੋਆਂ ਲੈ ਕੇ ਪੰਜਾਬ ਵੀ ਘੁੰਮ ਫਿਰ ਆਈ ਹੈ। ਪਰ ਕੁਝ ਵੀ ਪਤਾ ਨਹੀਂ ਲੱਗਾ।"

ਉਹ ਕਹਾਣੀ ਸੁਣਾਈ ਗਈ ਤੇ ਮੈਂ ਪਤਾ ਨਹੀਂ ਕਿੰਨੇ ਪਿੰਡਾਂ ਵਿਚ ਘੁੰਮਦੀ ਫਿਰਦੀ ਰਹੀ। ਇਹ ਮਝੈਲ, ਦੁਆਬੀਆ, ਮਲਵਈ ਕੌਣ ਹੈ ? ਪੱਗ ਤੋਂ ਤਾਂ ਪੁਰਾਣਾ ਦੁਆਬੀਆ ਹੀ ਲੱਗਦੇ ਸੀ। ਪਰ ਏਹਨੇ ਪੰਜਾਬ ਦੇ ਪੁੱਤ ਨੇ ਕੰਮ ਤੇ ਵਲੈਤੀਆਂ ਤੋਂ ਵੀ ਵੱਧ ਕੀਤਾ।

ਉਹ ਅਗਾਂਹ ਦੱਸਣ ਲੱਗੀ—"ਇਹ ਕਿਧਰੇ ਗੈਸ ਸਟੇਸ਼ਨ 'ਤੇ ਕੰਮ ਕਰਦਾ ਸੀ। ਮੇਰੀ ਮੰਮੀ ਆਉਂਦਿਆਂ-ਜਾਂਦਿਆਂ ਗੈਸ ਪੁਆਉਂਦੀ ਸੀ। ਇਹ ਬਹੁਤ ਹੀ ਮੇਰੀ ਮੰਮੀ ਨਾਲ ਪਿਆਰ ਕਰਨ ਲੱਗ ਪਿਆ। ਉਹ ਅਗਾਂਹ ਵਧਦਾ ਵਧਦਾ ਜਾਂਦਾ ਸੀ ਕਿ ਮੰਮੀ ਨਾਲ ਵਿਆਹ ਕਰਾ ਲਵੇ। ਉਹ ਕਹੀ ਗਿਆ। ਮੇਰੀ ਮੰਮੀ ਤਾਂ ਫਰੈਂਡਸ਼ਿਪ ਹੀ ਚਾਹੁੰਦੀ ਸੀ ਪਰ ਏਹਨੇ ਵਾਸਤੇ ਪਾ ਕੇ ਵਿਆਹ ਲਈ ਮਨਾ ਲਿਆ ਤੇ ਉਹ ਲੀਗਲ ਹੋ ਗਿਆ। ਨਾ ਚਾਹੁੰਦਿਆਂ ਵੀ ਮੈਂ ਜਨਮ ਲੈ ਲਿਆ ਤੇ ਉਹ ਪਤਾ ਹੀ ਨਹੀਂ ਕਿਧਰ ਚਲਾ ਗਿਆ।" ਤੇ ਨਾਲ ਹੀ ਉਹ ਰੋਣ ਲੱਗ ਪਈ ਕਿ ਹੁਣ ਮੈਂ ਔਰਫਨ ਹਾਂ। ਨਾ ਮਾਂ—ਨਾ ਬਾਪ। ਸਾਰੇ ਗੈਸ ਸਟੇਸ਼ਨਾਂ ਵਾਲਿਆਂ ਨੂੰ ਧਿਆਨ ਨਾਲ ਵੇਖਦੀ ਹਾਂ ਪਰ ਕੋਈ ਵੀ ਪੁੱਛਣ 'ਤੇ ਉਹ ਨਹੀਂ ਹੁੰਦਾ। ਤੂੰ ਮੇਰੀ ਮਦਦ ਕਰ ਸਕਦੀ ਹੈਂ ਤਾਂ ਜ਼ਰੂਰ ਕਰੀਂ। ਮੈਂ ਤੈਨੂੰ ਦੱਸਾਂ ਕਿ ਮੇਰੀ ਮਾਮ ਕਹਿੰਦੀ ਸੀ ਕਿ ਉਹਨੂੰ ਚਿਕਨ ਕਰੀ ਬਹੁਤ ਪਸੰਦ ਸੀ ਤੇ ਤੂੰ ਲੱਭਣ ਦੀ ਕੋਸ਼ਿਸ਼ ਕਰਦੀ ਰਹੀਂ। ਮੈਂ ਤੈਨੂੰ ਫ਼ੋਨ ਉੱਤੇ ਪੁੱਛਦੀ ਰਹਾਂਗੀ।

ਮੈਂ ਜਿਸਨੇ ਉਸਨੂੰ ਹੱਸਦਿਆਂ ਅੰਦਰ ਆਉਂਦਿਆਂ ਵੇਖਿਆ ਸੀ, ਰੋਂਦਿਆਂ ਬਾਰ-ਬਾਰ ਹੈਂਕੀ ਨਾਲ ਅੱਖਾਂ ਪੂੰਝਦਿਆਂ ਬਾਹਰ ਜਾਂਦੀ ਵੇਖ ਰਹੀ ਸਾਂ। ਦੋ ਗਾਹਕ ਅੰਦਰ ਆ ਕੇ ਖੜ ਗਏ ਸਨ। ਪਰ ਮੇਰਾ ਧਿਆਨ ਉਸ ਮਾਂ-ਪਿਓ ਮਹਿੱਟਰ ਵੱਲ ਹੀ ਲੱਗਿਆ ਹੋਇਆ ਸੀ।

—



# ਅਧਿਕਾਰ

ਟੇਕ ਕੇਅਰ ਲਾਂਡਰੀ, ਟੇਕ ਕੇਅਰ ਡਿਸ਼ਿਜ਼, ਟੇਕ ਕੇਅਰ ਜਾਨ, ਲੀਸ਼ਾ, ਟੇਕ ਕੇਅਰ ਆਊਟ ਸਾਈਡ, ਟੇਕ ਕੇਅਰ ਕਿਚਨ, ਟੇਕ ਕੇਅਰ ਕੈਟ ਡੌਗ, ਟੇਕ ਕੇਅਰ ਦਾ ਬਾਥਰੂਮਜ਼ ਤੇ ਬਾਥਟੱਬ, ਟੌਆਇਲਟਜ਼ ਆਲਸੋ।

ਰੋਜ਼ ਹੀ ਜਦੋਂ ਵੀ ਮੈਂ ਆਪਣੇ ਕੰਮ ਉੱਤੇ ਕਿਚਨ ਵਿਚ ਖਾਣਾ ਖਾ ਰਹੀ ਹੁੰਦੀ ਤਾਂ ਕੋਈ ਨਾ ਕੋਈ ਸਟਾਫ਼ ਦੀ ਜ਼ਨਾਨੀ ਇਹ ਹਦਾਇਤਾਂ ਆਪਣੇ ਘਰ ਨੌਕਰ ਨੂੰ ਨਹੀਂ ਆਪਣੇ ਹਨੀ ਯਾਨਿ ਬੁਆਏ ਫਰੈਂਡ ਨੂੰ ਜਾਂ ਘਰ ਵਾਲੇ ਨੂੰ ਦੇ ਰਹੀ ਹੁੰਦੀ। ਇਕ ਦਿਨ ਇਸ ਤੋਂ ਵੀ ਅਗਾਂਹ ਇਕ ਗੋਰੀ ਜੋ ਬਹੁਤ ਹੀ ਤਿੜ-ਤਿੜ ਕੇ ਮੈਨੂੰ ਦੱਸਦੀ ਕਿ ਅਸੀਂ ਤਾਂ ਇਸ ਤਰ੍ਹਾਂ ਕਰਦੇ ਹਾਂ। ਉਹਨੇ ਆਪਣੇ ਹਨੀ ਨੂੰ ਜੋ ਈ-ਮੇਲ ਕੀਤੀ, ਕੰਮਾਂ ਦੀ ਲਿਸਟ ਦੀ ਉਹ ਈ-ਮੇਲ ਮੈਨੂੰ ਵੀ ਫਾਰਵਰਡ ਕਰ ਦਿੱਤੀ। ਉਸਦੇ ਵਿਚ ਉਸਨੇ ਲਿਖਿਆ ਸੀ—ਡੀਅਰ ! ਅੱਜ ਮੈਂ ਬਹੁਤ ਥੱਕੀ ਹੋਈ ਹਾਂ। ਤੂੰ ਘਰ ਸਾਫ਼ ਕਰ ਦੇਵੀਂ। ਕੱਲ੍ਹ ਨੂੰ ਆਪਣੇ ਗੈਸਟ ਆਉਣੇ ਨੇ—ਕਿਚਨ, ਬਾਥਰੂਮ, ਆਊਟ ਸਾਈਡ ਜ਼ਰੂਰ ਹੀ ਲਿਵਿੰਗ, ਡਾਈਨਿੰਗ ਤੇ ਪੌੜੀਆਂ ਦੇ ਨਾਲ ਸਾਫ਼ ਕਰ ਦੇਵੀਂ। ਇਕ ਹੋਰ ਚਿਕਨ ਮੈਰੀਨੇਡ ਕਰ ਦੇਵੀਂ ਤੇ ਹਾਂ, ਮੇਰੇ ਕੋਲੋਂ ਨਹੀਂ ਹੋਣਾ, ਗਰੌਸਰੀ ਵੀ ਚੈੱਕ ਕਰਕੇ ਲੈ ਆਵੀਂ। ਟੇਕ ਇਟ—ਈਜ਼ੀ। ਬਾਏ... ਬਾ...ਬਾ...।

ਪਹਿਲਾਂ ਤਾਂ ਮੈਨੂੰ ਸਮਝ ਨਾ ਆਉਂਦੀ ਕਿ ਉਹ ਕਿਉਂ ਆਪਣੇ ਘਰ ਵਾਲਿਆਂ ਨੂੰ ਨੌਕਰਾਂ ਵਾਂਗ ਰਾਮੂ ਹੀ ਸਮਝਦੀਆਂ ਹਨ। ਪਰ ਹੁਣ ਅੱਠ ਦਸ ਸਾਲ ਰਹਿ ਕੇ ਸਮਝ ਆ ਗਈ ਹੈ ਕਿ ਇਕ ਤਾਂ ਇਥੇ ਆਦਮੀਆਂ ਨਾਲੋਂ ਔਰਤਾਂ ਵੱਧ ਕੰਮ ਕਰਦੀਆਂ ਹਨ। ਜਿਵੇਂ ਸਾਡੇ ਸਮਾਜ ਵਿਚ ਵੀ ਹੈ। ਆਪਣੇ ਪਹਿਲਾਂ-ਪਹਿਲ ਔਰਤਾਂ ਸਿਰਫ਼ ਘਰ ਦਾ ਹੀ ਕੰਮ ਕਰਦੀਆਂ ਸੀ। ਫਿਰ ਬਾਹਰ ਵੀ ਆਪਣੇ ਖੇਤਾਂ ਵਿਚ ਕੰਮ ਕਰਨ ਲੱਗ ਪਈਆਂ ਜਿਵੇਂ ਕਪਾਹ ਚੁਗਣੀ, ਸਬਜ਼ੀਆਂ, ਮਿਰਚਾਂ ਤੋੜਨੀਆਂ, ਡੰਗਰ ਸੰਭਾਲ ਦੇਣੇ, ਆਦਿ। ਪਰ ਉਸਦੇ ਵਿਚ ਵੀ ਕੁਝ ਸੁਵਿਧਾ ਹੁੰਦੀ ਸੀ ਸਮੇਂ ਦੀ ਲਚਕ ਤੇ ਦੂਜਾ ਸਾਰੇ ਟੱਬਰ ਨੇ ਹੀ ਲੱਗ ਜਾਣਾ। ਪਰ ਹੁਣ ਜਦੋਂ ਜ਼ਨਾਨੀ ਨੂੰ ਘਰ ਦਾ ਕੰਮ ਕਰਕੇ ਬੱਚੇ ਦੀ ਸਾਂਭ ਸੰਭਾਲ ਕਰਕੇ ਸਮੇਂ ਸਿਰ ਦਫ਼ਤਰ ਜਾਣਾ ਪੈਂਦਾ ਹੈ ਤਾਂ ਉਹ ਆਦਮੀ ਨੂੰ ਵੀ ਸੋਧਦੀ ਹੈ। ਕਿਉਂਕਿ ਇਹ ਸਾਰੇ ਕੰਮ ਉਸਦੇ ਹਿੱਸੇ ਦੇ ਹੀ ਨਹੀਂ ਹਨ। ਪਹਿਲਾਂ ਉਨ੍ਹਾਂ ਮੈਨੂੰ ਮੇਰੇ ਤੋਂ ਮੇਰੇ ਕਲਚਰ ਬਾਰੇ ਪੁੱਛਿਆ ਤੇ ਮੈਂ ਵੀ ਹੁੱਬ ਕੇ ਕਿਹਾ—"ਸਾਡੇ ਆਦਮੀ ਭਾਂਡੇ ਮਾਂਜਣ, ਕੱਪੜੇ ਧੋਣ,

ਬਾਥਰੂਮ, ਰਸੋਈ ਸਾਫ਼ ਕਰਨੇ ਹੱਤਕ ਸਮਝਦੇ ਹਨ। ਇਹ ਮੈਂ ਹੀ ਕਰਦੀ ਹਾਂ।" ਹੁਣ ਉਹ ਮੈਨੂੰ ਸੁਣਾ ਸੁਣਾ ਕੇ ਇੰਜ ਫ਼ੋਨ ਉੱਤੇ ਗੱਲਾਂ ਕਰਦੀਆਂ ਹਨ।

ਹੌਲੀ-ਹੌਲੀ ਆਪਣੀ ਹਾਲਤ ਉੱਤੇ ਮੈਨੂੰ ਵੀ ਤਰਸ ਆਉਣ ਲੱਗ ਪਿਆ ਤੇ ਗ਼ੁੱਸਾ ਵੀ ਚੜ੍ਹਨ ਲੱਗ ਪਿਆ ਕਿ ਮੈਂ ਵੀ ਕਿੰਨੀ ਮੂਰਖ ਹਾਂ। ਸਵੇਰੇ ਬਾਕੀ ਪਰਿਵਾਰ ਤੋਂ ਪਹਿਲਾਂ ਉੱਠ ਕੇ ਸਭ ਲਈ ਰੋਟੀ ਪਾਣੀ ਤਿਆਰ ਕਰਕੇ ਫਿਰ ਘਰ ਸਾਫ਼ ਕਰਨਾ ਅਤੇ ਭਾਂਡੇ ਸਾਫ਼ ਕਰਕੇ ਕਾਹਲੀ-ਕਾਹਲੀ ਤਿਆਰ ਹੋ ਕੇ ਨਾਲ ਹੀ ਰੋਜ਼ ਨਿਕਲਣਾ ਕਿਉਂਕਿ ਡਰਾਈਵਿੰਗ ਆਉਂਦੀ ਨਹੀਂ ਸੀ। ਰਾਤ ਨੂੰ ਕੰਮ ਤੋਂ ਇਨ੍ਹਾਂ ਨੇ ਨਾਲ ਹੀ ਪਿੱਕ ਕਰਕੇ ਲਿਆਉਣਾ ਤੇ ਆਦਮੀਆਂ ਨੇ ਫਿਰ ਕੱਪੜੇ ਲਾਹ ਕੇ ਨਹਾ ਧੋ ਕੇ ਟੇਬਲ 'ਤੇ ਸੱਜ ਜਾਣਾ। ਮੈਂ ਫਿਰ ਰਸੋਈ ਵਿਚ ਖਾਣਾ ਤਿਆਰ ਕਰਕੇ ਟੇਬਲ ਉੱਤੇ ਲਾਉਣਾ। ਇਹ ਸਭ ਕੁਝ ਜ਼ਿਆਦਾ ਸੀ ਮੇਰੇ ਲਈ, ਜਿਸ ਕਰਕੇ ਉਹ ਸੁਚੇਤ ਕਰਦੀਆਂ ਸਨ।

ਇਕ ਦਿਨ ਸਾਰਾ ਕੰਮ ਸੰਭਾਲ ਕੇ ਜਦੋਂ ਮੈਂ ਆਪਣੇ ਬੈੱਡਰੂਮ ਵਿਚ ਆਈ ਤਾਂ ਮੈਂ ਆਪਣੀ ਬੇਟੀ ਨੂੰ ਆਵਾਜ਼ ਮਾਰੀ। ਉਹ ਵੀ ਸਾਇੰਸ ਦੀ ਪੜ੍ਹਾਈ ਕਰਦੀ ਤੇ ਮੇਰੇ ਪਿੱਛੋਂ ਜਿਹੜਾ ਵੀ ਮਰਦ ਜਾਤ ਘਰ ਹੁੰਦਾ ਉਸਦੇ ਹੁਕਮ ਦੀ ਪਾਲਣਾ ਕਰਦੀ। ਜਿਸ ਨੂੰ ਜੋ ਚਾਹੀਦਾ ਹੁੰਦਾ—ਚਾਹ, ਰੋਟੀ, ਪਾਣੀ ਦਿੰਦੀ। ਮੈਨੂੰ ਉਸ ਉੱਤੇ ਵੀ ਤਰਸ ਆਉਂਦਾ ਕਿ ਇਹ ਵੀ ਸੇਵਾਦਾਰ ਦੀ ਜੂਨ ਵਿਚ ਕਿਉਂ ਆਈ ਕਿਉਂਕਿ ਸਾਡੇ ਸਮਾਜ ਦਾ ਅਸੂਲ ਹੈ ਕਿ ਜ਼ਨਾਨੀਆਂ ਸੇਵਾਦਾਰ ਹੁੰਦੀਆਂ ਹਨ।

ਇਕ ਦਿਨ ਮੈਂ ਕਿਹਾ—"ਪੁੱਤ ਲੱਗਦਾ ਹੈ ਕਿ ਹੁਣ ਮੇਰੀ ਬਸ ਹੋ ਗਈ ਹੈ। ਮੈਂ ਬਹੁਤ ਥੱਕ ਜਾਂਦੀ ਹਾਂ, ਤੂੰ ਦੱਸ ਕਿ ਮੈਂ ਕੀ ਕਰਾਂ ?"

ਉਹ ਕਹਿੰਦੀ—"ਮੰਮੀ ! ਹੁਣ ਕੀ ਦੱਸਾਂ ਪਹਿਲਾਂ ਤਾਂ ਤੁਸੀਂ ਭੂਏ ਚੜ੍ਹਾਏ ਆ ਸਾਰੇ। ਇਹ ਆਪ ਕਿਉਂ ਨਹੀਂ ਆਪਣਾ ਕੰਮ ਕਰਦੇ। ਹੁਣ ਹੌਲੀ-ਹੌਲੀ ਮੈਂ ਤਾਂ ਜਵਾਬ ਦੇਣ ਲੱਗ ਪਈ ਹਾਂ। ਤੁਸੀਂ ਵੀ ਦਿਉ।"

"ਇਹ ਤਾਂ ਔਖਾ ਹੈ। ਕਿਵੇਂ ਤੇਰੇ ਪਿਉ, ਭਰਾ, ਚਾਚੇ ਨੂੰ ਕਹਾਂ ਕਿ ਆਹ ਕਰੋ, ਔਹ ਕਰੋ। ਮੈਂ ਨਹੀਂ ਕਹਿ ਸਕਦੀ।"

"ਫਿਰ ਮੰਮੀ ਮੇਰੇ ਕੋਲ ਕੋਈ ਹੱਲ ਨਹੀਂ ਹੈ। ਇੰਡੀਆ ਚਲੇ ਜਾਓ। ਘੱਟ ਤੋਂ ਘੱਟ ਨੌਕਰ ਤਾਂ ਮਿਲ ਜਾਊ, ਜੋ ਤੁਹਾਡੀ ਮਦਦ ਕਰਵਾਊ।"

"ਇਹ ਵੀ ਨਹੀਂ ਹੋਣਾ ਕਿ ਤੁਹਾਨੂੰ ਛੱਡ ਕੇ, ਨੌਕਰੀ ਛੱਡ ਕੇ ਏਨਾ ਬਣਾਇਆ ਘਰ ਛੱਡ ਕੇ ਉਥੇ ਭੁੱਖ ਨੰਗ ਵਿਚ ਫਿਰ ਜਾਵਾਂ।"

"ਫਿਰ ਮੰਮੀ ਪਿਸੀ ਜਾਓ ਆਪੇ ਹੀ। ਪਰ ਸਾਡੀ ਪੀੜ੍ਹੀ ਨਹੀਂ ਜੇ ਪਿਸਣੀ। ਅਸੀਂ ਤਾਂ ਕੰਮ ਦੀ ਵੰਡ ਕਰਾਂਗੇ।" ਕਹਿੰਦਿਆਂ ਬੇਟੀ ਦੂਸਰੇ ਕਮਰੇ ਵਿਚ ਜਾ ਕੇ ਪੜ੍ਹਨ ਲੱਗ ਪਈ।

ਅਗਲੇ ਦਿਨ ਮੈਂ ਆਪਣੀ ਸਹੇਲੀ, ਜੋ ਵਰਜੀਨੀਆ ਵਿਚ ਰਹਿੰਦੀ ਨੂੰ ਫ਼ੋਨ ਕੀਤਾ ਕਿ ਪੁੱਛਾਂ ਕੀ ਹਾਲ ਹੈ। ਉਸਦੀ ਸਿਹਤ ਠੀਕ ਨਹੀਂ ਸੀ। ਉਹ ਵੀ ਵਿਚਾਰੀ ਉਨੀਵੇਂ ਸਾਲ ਵਿਚ ਵਿਆਹ ਕੇ ਬਾਹਰ ਘੱਲ ਦਿੱਤੀ ਗਈ ਸੀ। ਪਰਿਵਾਰ ਵੱਡਾ, ਘਰ ਦਾ ਚੋਖਾ



ਕੰਮ ਤੇ ਫਿਰ ਬਾਹਰ ਸਟੋਰ 'ਤੇ ਕੰਮ ਲੈ ਲਿਆ। ਨਾਲ ਹੀ ਹੇਠਾਂ ਉਪਰ ਦੋ ਮੁੰਡੇ ਹੋ ਗਏ ਤੇ ਉਸਦੇ ਦੁਖੜਿਆਂ ਦੀਆਂ ਵੀ ਕਹਾਣੀਆਂ ਲੰਬੀਆਂ ਹੀ ਹੁੰਦੀਆਂ ਗਈਆਂ। "ਓ ਮਾਈ ਗਾਡ, ਅੱਜ ਤਾਂ ਜਿਵੇਂ ਬੱਦਲ ਹੀ ਫਟ ਗਿਆ ਹੋਵੇ।" ਉਹ ਬਹੁਤ ਹੈਰਾਨ ਤੇ ਖ਼ੁਸ਼ ਹੋਈ ਕਿਉਂਕਿ ਉਸਦੇ ਘਰ ਵਿਚ ਵੀ ਪੰਜ ਮਰਦ ਜਾਤ ਹੀ ਰਹਿੰਦੇ ਨੇ। ਇਕ ਪਿਉ, ਭਰਾ, ਦੋ ਛੇ-ਛੇ ਫੁੱਟੇ ਲੰਬੇ ਮੁੰਡੇ ਤੇ ਇਕ ਪਤੀਦੇਵ ਜੀ। ਸਾਰੇ ਹੱਟੇ ਕੱਟੇ, ਪੂਰੇ ਸਬੂਤੇ ਉਨ੍ਹਾਂ ਵਿਚ ਕੋਈ ਵੀ ਅਪਾਹਜ ਨਹੀਂ ਤੇ ਉਹ ਵਿਚਾਰੀ ਸੁੱਕੀ ਜਿਹੀ ਇਕੱਲੀ। ਜਦੋਂ ਨੌਕਰੀ ਤੋਂ ਆਉਂਦੀ ਤਾਂ ਸਾਰੇ ਉਸ ਵੱਲ ਵੇਖਦੇ ਕਿ ਕਦੋਂ ਕੱਪੜੇ ਬਦਲ ਕੇ ਰਸੋਈ ਵਿਚ ਆਉਂਦੀ ਹੈ ਤੇ ਕਦੋਂ ਪਹਿਲਾਂ ਚਾਹ ਬਣਾ ਕੇ ਦਿੰਦੀ ਹੈ।

ਉਹ ਕਹਿਣ ਲੱਗੀ—"ਜਿਵੇਂ ਜੰਞੇ ਆਏ ਹੋਣ। ਸੱਜ ਕੇ ਟੇਬਲ 'ਤੇ ਬੈਠ ਜਾਂਦੇ ਨੇ ਕਿ ਹੁਣ ਮੂੰਹ ਵਿਚ ਰੋਟੀ ਪਾਵੇ। ਭੈਣਾ ! ਖਾ ਕੇ ਪ੍ਰਾਹੁਣਿਆਂ ਵਾਂਗੂੰ ਉੱਠ ਜਾਂਦੇ ਨੇ। ਕਦੇ ਭਾਂਡੇ ਵੀ ਨਹੀਂ ਚੁੱਕ ਕੇ ਸਿੰਕ ਵਿਚ ਰੱਖਦੇ। ਅੱਜ ਤਾਂ ਮੈਂ ਆਪਣੇ ਮੁੰਡੇ ਨੂੰ ਟੁੱਟ ਕੇ ਪੈ ਗਈ ਕਿ ਤੈਨੂੰ ਵੀ ਆਪਣੀ ਤੱਤੜੀ ਮਾਂ ਉੱਤੇ ਤਰਸ ਨਹੀਂ ਆਉਂਦਾ। ਪਰ ਉਹ ਵੀ ਵੇਖੋ ਵੇਖੀ ਢੀਠ ਹੋ ਗਏ ਨੇ। ਭੈਣੇ, ਕਮਾਈਆਂ ਆਪਣੀਆਂ ਆਪਣੇ ਬੋਝਿਆਂ ਵਿਚ ਪਾਈ ਜਾਂਦੇ। ਕਹਿੰਦੇ ਬਾਹਰੋਂ ਥੱਕ ਟੁੱਟ ਕੇ ਆਉਂਦੇ ਹਾਂ। ਸਾਰਾ ਟੱਬਰ ਮੇਰੇ ਹੱਡਾਂ ਦਾ ਹਿਸਾਬ ਦੇਣ ਲੈਣ 'ਤੇ ਆਇਆ ਹੈ। ਸੋ ਦੇ ਰਹੀ ਹਾਂ। ਨਾਲੇ ਰੋਂਦੀ ਆਂ ਜਣਦਿਆਂ ਨੂੰ ਜਿਨ੍ਹਾਂ ਆਪਣਾ ਬੋਝ ਲਾਹ ਲਿਆ ਪਰ ਮੈਨੂੰ ਬਾਹਰ ਕੱਢ ਕੇ। ਇਨ੍ਹਾਂ ਨਾਲੋਂ ਤਾਂ ਤੂੰ ਹੀ ਚੰਗੀ ਹੈਂ, ਮੈਨੂੰ ਮੇਰਾ ਹਾਲ ਪੁੱਛਣ ਲਈ ਫ਼ੋਨ ਕਰ ਲਿਆ। ਇਨ੍ਹਾਂ ਤਾਂ ਕਦੀ ਪੁੱਛਿਆ ਵੀ ਨਹੀਂ। ਚਿਕਨ ਲਿਆ ਕੇ ਪਹਿਲਾਂ ਹੀ ਰਸੋਈ ਵਿਚ ਰੱਖ ਦੇਂਦੇ ਹਨ ਕਿ ਆਪੇ ਬਣਾਊ। ਕੱਲ੍ਹ ਮੇਰਾ ਕੰਮ 'ਤੇ ਇੰਨਾ ਸਾਰਾ ਬਦਨ ਪੀੜ ਹੁੰਦਾ ਸੀ। ਸੋਚਿਆ ਕਿ ਘਰ ਜਾ ਕੇ ਸੌਂ ਜਾਵਾਂ ਪਰ ਆਉਂਦਿਆਂ ਨੂੰ ਚਿਕਨ ਕੱਢ ਕੇ ਬਾਹਰ ਰੱਖਿਆ ਸੀ ਕਿ ਹੁਣ ਬਣਾਉਣਾ ਹੀ ਪਊ। ਸਾਰੇ ਵੱਧ ਤੋਂ ਵੱਧ ਹੱਕ ਜਤਾਉਂਦੇ ਨੇ ਕਿ ਇਸਦਾ ਕੰਮ ਹੈ, ਇਹ ਕਰੀ ਜਾਵੇ।"

ਮੈਂ ਫ਼ੋਨ 'ਤੇ ਹੀ ਸੁਣਦੀ ਤਾਂ ਲੱਗਣਾ ਸੀ ਕਿ ਇਹ ਝੂਠ ਬੋਲਦੀ ਹੈ। ਪਰ ਮੈਂ ਤੇ ਦੋ ਵਾਰੀ ਜਾ ਕੇ ਵੀ ਵੇਖਿਆ ਕਿ ਕਿਵੇਂ ਖੜਕੀ ਪਈ ਹੈ ਇੰਨਾ ਕੰਮ ਕਰਕੇ। ਬਾਹਰ ਕਰਨਾ ਹੈ ਤੇ ਕਰ ਨਹੀਂ ਤਾਂ ਨਾ ਸਹੀ। ਜੇ ਬਾਹਰ ਨਾ ਕਰਾਂ ਤਾਂ ਪੈਸੇ ਕਿਥੋਂ ਲੈਣੇ ਖਰਚਣ ਲਈ। ਸੋ ਮਾਰਦੇ ਵੀ ਤੇ ਚੂੰ ਵੀ ਨਹੀਂ ਕਰ ਦੇਂਦੇ ਇਹ ਮਰਦ ਜਾਤ।

ਇਕ ਦਿਨ ਫਿਰ ਫ਼ੋਨ 'ਤੇ ਗੱਲ ਹੋਈ—"ਭੈਣਾ ! ਵੇਖ ਲੈ, ਇਥੇ ਕਿਵੇਂ ਜ਼ਨਾਨੀਆਂ ਬੰਦਿਆਂ ਦੇ ਬਰਾਬਰ ਘਰ ਬਾਹਰ ਭੱਜੀਆਂ ਫਿਰਦੀਆਂ। ਆਪਣੇ ਵਾਂਗੂੰ ਨਹੀਂ ਕਿ ਕਿ ਕੋਹਲੂ ਦਾ ਬੈਲ ਬਣੇ ਰਹੋ।"

ਅੱਜ ਮੈਂ ਦਫ਼ਤਰ ਵਿਚ ਆਪਣੇ ਨਾਲ ਕੰਮ ਕਰਦੀ ਅਰਚਨਾ ਨੂੰ ਕਿਹਾ—"ਤੂੰ ਰੋਜ਼ ਹੀ ਫ਼ੋਨ ਕਰਕੇ ਆਪਣੇ ਘਰ ਵਾਲੇ ਨੂੰ ਕਿੰਨੀਆਂ ਚੀਜ਼ਾਂ ਦੀ ਕੇਅਰ ਕਰਨ ਵਾਸਤੇ ਕਹਿੰਦੀ ਹੈਂ। ਆਪ ਤੂੰ ਕਿੰਨੀ ਕੁ ਕੇਅਰ ਕਰਦੀ ਏਂ।"

ਉਹ ਉੱਚੀ-ਉੱਚੀ ਹੱਸਦੀ ਹੋਈ ਕਹਿੰਦੀ—"ਆਈ ਕੇਅਰ ਮਾਈਸੈਲਫ਼। ਆਈ

ਗੋ ਟੂ ਜਿੰਮ ਐਵਰੀ ਡੇ, ਆਈ ਕੇਅਰ ਮਾਈ ਡੌਂਗ। ਆਈ ਕੇਅਰ ਮਾਈ ਜੱਾਬ, ਆਈ ਡੂ ਵਟਐਵਰ ਆਈ ਨੀਡ ਟੂ ਡੂ। ਆਦਮੀਆਂ ਨੂੰ ਰੱਬ ਨੇ ਜ਼ਿਆਦਾ ਬਲ ਦਿੱਤਾ ਹੈ। ਜ਼ਿਆਦਾ ਖਾਂਦੇ-ਪੀਂਦੇ ਨੇ, ਜ਼ਿਆਦਾ ਕੰਮ ਹੀ ਕਰਨਾ ਚਾਹੀਦਾ ਉਨ੍ਹਾਂ ਨੂੰ। ਸੋ ਅਸੀਂ ਰਲ ਮਿਲ ਕੇ ਕਰ ਲੈਂਦੇ ਹਾਂ ਪਰ ਇਕ ਉਸਦੀ ਡਿਊਟੀ ਹੈ ਕਿ ਮੈਨੂੰ ਖ਼ੁਸ਼ ਰੱਖਣਾ ਤੇ ਚੰਗਾ ਮਹਿਸੂਸ ਕਰਾਉਣਾ ਤਾਂ ਜੋ ਮੈਂ ਆਪਣਾ ਆਪ ਚੰਗੀ ਤਰ੍ਹਾਂ ਸੰਭਾਲ ਸਕਾਂ।"

ਮੈਂ ਸੋਚਣ ਲੱਗ ਪਈ—ਇਹ ਤਾਂ ਸਭ ਕੁਝ ਆਪਣੇ ਤੋਂ ਉਲਟ ਹੈ। 'ਫਸਟ ਲੇਡੀ' ਦਾ ਦੇਸ਼ ਹੈ। ਆਦਮੀਆਂ ਦੇ ਬਰਾਬਰ ਔਰਤਾਂ ਨੂੰ ਹੱਕ ਨੇ। ਅਸੀਂ ਹੱਕ ਤਾਂ ਲੈ ਲਏ ਕਿ ਬਾਹਰ ਵੀ ਕੰਮ ਕਰੇ ਪਰ ਮਰਦ ਜਾਤ ਦਾ ਕੀ ਬਣੇ ?

—



# ਇਟਲੀ ਦਾ ਸਹੇੜ

ਨਿੱਕੀ ਜਿਹੀ ਮਾਸੂਮ ਜਿੰਦ ਕੀ ਹੁੰਦੀ ਹੈ। ਉਮਰ ਨੌਂਵੀਂ ਵਿਚ ਪੜ੍ਹਦੀ ਕੁੜੀ ਦੀ, ਪਰ ਮਾਪਿਆਂ ਨੇ ਆਪਣਾ ਬੋਝ ਲਾਹੁਣ ਲਈ ਤੇ ਇਸ ਚੰਦਰੀ ਗ਼ਰੀਬੀ ਤੋਂ ਖਹਿੜਾ ਛੁਡਾਉਣ ਦਾ ਖ਼ਾਬ ਲੈ ਕੇ ਇਟਲੀ ਤੋਂ ਆਏ ਮੁੰਡੇ ਨਾਲ ਰਿਸ਼ਤਾ ਕਰ ਦਿੱਤਾ। ਉਹ ਤਾਂ ਅਜੇ ਪੜ੍ਹਨਾ ਚਾਹੁੰਦੀ ਸੀ ਤੇ ਆਪਣੇ ਆਪ ਨੂੰ ਕਦੇ ਟੀਚਰ, ਨਰਸ, ਡਾਕਟਰ, ਪਾਇਲਟ ਤੇ ਪੁਲਿਸ ਅਫ਼ਸਰ ਬਣਨ ਦੇ ਸੁਪਨੇ ਲੈਂਦੀ ਸੀ। ਇਕ ਹਨੇਰੀ ਬਣ ਆਇਆ ਰਿਸ਼ਤਾ ਤੇ ਵਾਵਰੋਲੇ ਵਿਚ ਲਿਪਟ ਗਈ ਇਹ ਜਿੰਦ, ਜਿਸ ਨੂੰ ਵਰਲਪੂਲ ਵਿਚ ਪਾ ਦਿੱਤਾ ਉਸ ਸਹੇੜ ਨੇ।

ਇਟਲੀ ਬੋਲੀ ਵੱਖਰੀ, ਲੋਕ ਵੱਖਰੇ, ਖਾਣ-ਪੀਣ, ਪਹਿਨਣ ਹਰ ਚੀਜ਼ ਵੱਖਰੀ ਤੇ ਉਹ ਸ਼ਰਾਬੀ ਆਫਰਿਆ ਸਾਹਨ—ਜਿਸ ਨੂੰ ਆਪਣਾ ਆਪ ਹੀ ਦਿਸਦਾ। ਉਹ ਨਿੱਕੀ ਜਿੰਦ ਇਕ ਕੀੜਾ ਮਕੌੜੀਂ ਜਿਸ ਨੇ ਫਿਰ ਅਗਾਂਹ ਇਕ ਬੱਚੀ ਨੂੰ ਜਨਮ ਦੇ ਦਿੱਤਾ ਤੇ ਇਕ ਕੰਕਰੀਲੀ ਕਾਲੀ ਬੋਲੀ ਮੀਂਹ ਵਾਲੀ ਰਾਤ ਨੂੰ ਉਸਦੇ ਜ਼ੁਲਮ ਦਾ ਅੰਤ ਹੋ ਗਿਆ ਜਦੋਂ ਧੱਕੇ ਮਾਰ ਕੇ ਸ਼ਰਾਬੀ ਹੋਏ ਪਤੀ ਨੇ ਮਾਵਾਂ ਧੀਆਂ ਨੂੰ ਸੜਕ ਉੱਤੇ ਛੱਡ ਦਿੱਤਾ ਤੇ ਆਪ ਕਿਸੇ ਅਣਦੱਸੇ ਥਾਂ 'ਤੇ ਚਲੇ ਗਿਆ। ਰਾਜੀ ਦਾ ਨਾਂ ਘਰ ਨਾ ਘਾਟ, ਨਾ ਭੈਣ ਨਾ ਭਰਾ, ਨਾ ਰਿਸ਼ਤੇਦਾਰ, ਨਾ ਜਾਣ ਨਾ ਪਹਿਚਾਣ।

ਉਹ ਰੋਂਦੀ ਸੜਕ 'ਤੇ ਜਾ ਰਹੀ ਸੀ ਕਿ ਕਿਸੇ ਨੇ ਉਸ ਨੂੰ ਵੇਖ ਲਿਆ। ਉਸਦੇ ਮਨ ਵਿਚ ਮਿਹਰ ਪੈ ਗਈ। ਉਹ ਉਨ੍ਹਾਂ ਨੂੰ ਘਰ ਲੈ ਗਿਆ। ਦੋਹਾਂ ਮਾਵਾਂ-ਧੀਆਂ ਬਹੁਤ ਹੀ ਤੇਜ਼ ਬੁਖਾਰ ਸੀ। ਉਸਨੇ ਐਂਬੂਲੈਂਸ ਕਾਲ ਕਰਕੇ ਹਸਪਤਾਲ ਪਹੁੰਚਾ ਦਿੱਤਾ। ਹਸਪਤਾਲ ਉਸ ਨੇ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਆਪਣੀ ਕਹਾਣੀ ਬਿਆਨ ਕੀਤੀ ਤੇ ਦੱਸਿਆ ਕਿ ਉਸਦਾ ਕੋਈ ਐਡਰੈਸ ਨਹੀਂ, ਘਰ ਨਹੀਂ ਹੈ, ਭੈਣ ਭਰਾ ਨਹੀਂ ਹੈ। ਉਹ ਕਿਸੇ ਜਾਨਵਰ ਦੇ ਵਸ ਵਿਚ ਕਿਵੇਂ ਡੇਢ ਸਾਲ ਰਹੀ। ਹਸਪਤਾਲ ਵਾਲਿਆਂ ਦੋਵਾਂ ਮਾਵਾਂ-ਧੀਆਂ ਦਾ ਇਲਾਜ ਕਰਕੇ ਇਕ ਜ਼ਨਾਨੀ ਦੇ ਸ਼ੈਲਟਰ ਹਾਊਸ ਵਿਚ ਭੇਜ ਦਿੱਤਾ।

ਮੈਨੂੰ ਇੰਡੀਆ ਤੋਂ ਮੇਰੀ ਰਿਸ਼ਤੇਦਾਰ ਦਾ ਫ਼ੋਨ ਆਇਆ—"ਭੈਣ ਜੀ ਤੁਹਾਡੇ ਤੋਂ ਇਟਲੀ ਕਿੰਨੀ ਦੂਰ ਹੈ ?"

ਮੈਂ ਦੱਸਿਆ ਕਿ ਕੋਈ ਸੱਤ ਹਜ਼ਾਰ ਕਿਲੋਮੀਟਰ ਹੋਵੇਗਾ ਤੇ ਪੁੱਛਿਆ ਕੀ ਗੱਲ ਹੈ। ਉਸ ਦੱਸਿਆ ਆਪਣੀ ਰਾਜੀ ਉਥੇ ਵਿਆਹੀ ਸੀ ਤੇ ਉਹਦਾ ਘਰ ਵਾਲਾ ਉਹਨੂੰ ਸੜਕ

’ਤੇ ਹੀ ਛੱਡ ਕੇ ਚਲਾ ਗਿਆ ਹੈ। ਮੈਂ ਤ੍ਰਬਕ ਗਈ ਤੇ ਪੁੱਛਿਆ—“ਓ ਮਾਈ ਗਾਡ, ਰਾਜੀ ਵਿਆਹੀ ਗਈ ਸੀ।”

ਮੈਂ ਰਾਜੀ ਪੰਦਰਾਂ ਸਾਲ ਪਹਿਲਾਂ ਨਿੱਕੀ ਜਿਹੀ ਵੇਖੀ ਸੀ ਪਰ ਉਹ ਕੁੜੀ ਆਪਣੇ ਸਾਰੇ ਰਿਸ਼ਤੇਦਾਰਾਂ ਦੀਆਂ ਕੁੜੀਆਂ ਵਿਚੋਂ ਸਭ ਤੋਂ ਸੋਹਣੀ ਤੇ ਆਪਣੇ ਹਾਣ ਦੇ ਬੱਚਿਆਂ ਨਾਲੋਂ ਕਈ ਗੁਣਾਂ ਹੁਸ਼ਿਆਰ ਸੀ। ਉਸ ਵਕਤ ਮੈਨੂੰ ਪਤਾ ਹੈ ਕਿ ਉਸ ਦਾ ਮੁਕਾਬਲਾ ਬੱਚਿਆਂ ਨਾਲ ਵੀ ਨਹੀਂ ਸੀ। ਉਹ ਏਨੀ ਹੁਸ਼ਿਆਰ ਸੀ ਤੇ ਮੈਂ ਨਿੱਕੀ ਜਿਹੀ ਤੋਂ ਪੁੱਛਿਆ ਕੀ ਤੂੰ ਕੀ ਬਣਨਾ ਹੈ ਤੇ ਕਹਿੰਦੀ ਸੀ—“ਮੈਂ ਆਈ.ਏ.ਐੱਸ. ਅਫ਼ਸਰ ਬਣਨਾ ਹੈ।” ਮੈਂ ਉਹਦੀ ਮਾਂ ਨੂੰ ਕਿਹਾ ਸੀ ਕਿ ਭੈਣ ਕੁੜੀ ਨੂੰ ਹਟਾਈ ਨਾ, ਪੜ੍ਹਾਈਂ ਜ਼ਰੂਰ। ਇਹ ਵੱਖਰੀ ਕਿਸਮ ਦੀ ਬੱਚੀ ਹੈ। ਇੰਡੀਆ ਵਿਚ ਅਸੀਂ ਜਦੋਂ ਵੀ ਕ੍ਰਿਸਮਿਸ ਦੀਆਂ ਜਾਂ ਗਰਮੀ ਦੀਆਂ ਛੁੱਟੀਆਂ ਵਿਚ ਮੇਰੇ ਪੇਕੇ ਜਾਂਦੇ, ਉਹਦੀ ਮਾਂ ਵੀ ਆਪਣੇ ਬੱਚੇ ਲੈ ਕੇ ਉਥੇ ਆਈ ਹੁੰਦੀ।

ਉਹਨੇ ਮੇਰੇ ਭਰਾ ਭਰਜਾਈ ਤੋਂ ਫ਼ੋਨ ਲੈ ਕੇ ਮੈਨੂੰ ਕੀਤਾ ਤੇ ਨਾਲ ਰੋ ਪਈ ਕਿ ਰਾਜੀ ਬਹੁਤ ਹੀ ਤੰਗ ਹੈ। “ਭੈਣ ਹੁਣ ਕੀ ਕਰੀਏ ਅਸੀਂ ਤੇ ਚਾਰ ਕਨਾਲਾਂ ਪਾਲਕ ਬੀਜੀ ਹੈ ਤੇ ਉਹ ਪਾਲਕ ਵੱਢ ਕੇ ਵੇਚ ਕੇ ਉਹਨੂੰ ਫ਼ੋਨ ਕਰ ਲਈਦਾ ਹੈ।” ਉਸ ਨੇ ਸਾਰੀ ਗੱਲ ਦੱਸੀ। ਮੈਂ ਕਿਹਾ, “ਚੱਲ ਤੂੰ ਮੈਨੂੰ ਫ਼ੋਨ ਨੰਬਰ ਦੇ, ਮੈਂ ਫ਼ੋਨ ਕਰਦੀ ਹਾਂ ਉਸ ਸ਼ੈਲਟਰ ਹਾਊਸ਼ ਵਿਚ, ਫੇਰ ਵੇਖੂੰ ਕੀ ਕਹਿੰਦੇ ਆ ਓਹ।” ਉਹਨੂੰ ਰੋਂਦੀ ਨੂੰ ਮੈਂ ਧਰਵਾਸ ਦਿੱਤਾ। ਆਪ ਸੋਚਣ ਲਗ ਪਈ ਕੁੜੀ ਤੇ ਅਗਾਂਹ ਕੁੜੀ ਦੀ ਕੁੜੀ ਕੀ ਕਰੂ ਬੰਦਾ ਮਜ਼ਬੂਰ। ਖ਼ੈਰ ਹਿੰਮਤੀ ਤਾਂ ਮੈਂ ਵੀ ਬਹੁਤ ਹਾਂ, ਸੋਚ ਕੇ ਪਹਿਲਾਂ ਨੰਬਰ ਆਪਣੀ ਭੈਣ ਜੋ ਇੰਗਲੈਂਡ ਵਿਚ ਰਹਿੰਦੀ ਹੈ, ਉਸ ਨੂੰ ਦਿੱਤਾ ਕਿ ਤੂੰ ਕਾਲ ਕਰੀਂ ਤੇ ਫਿਰ ਆਪਾਂ ਮਿਲ ਕੇ ਜਿੰਨੀ ਮਦਦ ਹੋ ਸਕੀ, ਕਰੀਏ।

ਮੈਂ ਇਟਲੀ ਵਾਸਤੇ ਕਾਲਿੰਗ ਕਾਰਡ ਲਿਆਂਦਾ ਤੇ ਕਾਲ ਕੀਤੀ। ਅੱਗੋਂ ਕਿਸੇ ਮਰਦ ਨੇ ਫ਼ੋਨ ਚੁੱਕਿਆ ਤੇ ਉਹ ਇਟਾਲੀਅਨ ਬੋਲ ਰਿਹਾ ਸੀ। ਮੈਂ ਅੰਗਰੇਜ਼ੀ ਬੋਲੀ ਜਾਵਾਂ ਤੇ ਉਹ ਇਟਾਲੀਅਨ। ਸੋ ਮੈਂ ਫ਼ੋਨ ਕੱਟ ਦਿੱਤਾ ਤੇ ਇਸੇ ਤਰ੍ਹਾਂ ਹੀ ਮੇਰੀ ਭੈਣ ਨਾਲ ਵਾਪਰਿਆ ਤੇ ਸ਼ਾਮ ਨੂੰ ਅਸਾਂ ਇਕ ਦੂਜੀ ਨੂੰ ਦੱਸਿਆ ਕਿ ਕਿਵੇਂ ਹੋਇਆ। ਫਿਰ ਉਸ ਨੇ ਇਕ ਇਟਾਲੀਅਨ ਸਮਝਣ ਵਾਲੇ ਨੂੰ ਲੱਭ ਹੀ ਲਿਆ ਤੇ ਫਿਰ ਕਾਲ ਕੀਤੀ ਤੇ ਉਸ ਨੇ ਉਸ ਨਾਲ ਗੱਲ ਕਰਕੇ ਮੇਰੀ ਭੈਣ ਨੂੰ ਅੰਗਰੇਜ਼ੀ ਵਿਚ ਦੱਸਿਆ ਕਿ ਉਹ ਆਦਮੀ ਆਪ ਬਹੁਤ ਅੱਕਿਆ ਥੱਕਿਆ ਪਿਆ ਹੈ ਕਿਉਂਕਿ ਉਹ ਸਾਡੇ ਬੱਚੇ ਉਥੇ ਉਸ ਹਾਊਸ ਵਿਚ ਸੰਭਾਲਦਾ ਹੈ ਤੇ ਨਾਲ ਹੀ ਪਰਸ ਸਿਉਂਦਾ ਹੈ। ਤੇ ਉਹ ਸਾਰੀਆਂ ਕੁੜੀਆਂ ਸ਼ਹਿਰ ਵਿਚ ਉਸ ਮਾਲਕ ਦਾ ਸਮਾਨ ਵੇਚਣ ਜਾਂਦੀਆਂ ਹਨ। ਇਹ ਅਜੇ ਨਵੀਂ-ਨਵੀਂ ਹੈ ਤ ਇਸ ਨੂੰ ਉਹ ਭਾਸ਼ਾ ਵੀ ਸਿਖਾਉਂਦੇ ਹਨ ਤੇ ਮੈਥ ਚੰਗਾ ਹੋਣ ਕਰਕੇ ਉਨ੍ਹਾਂ ਦਾ ਹਿਸਾਬ ਕਿਤਾਬ ਵੀ ਰਾਤ ਨੂੰ ਕਰਦੀ ਹੈ। ਤੁਸੀਂ ਰਾਤ ਨੂੰ ਹੁਣ ਤੋਂ ਅੱਠ ਘੰਟੇ ਬਾਅਦ ਫ਼ੋਨ ਕਰਿਓ ਤਾਂ ਫਿਰ ਉਹ ਮਿਲ ਸਕਦੀ ਹੈ।

ਮੇਰੀ ਭੈਣ ਨੇ ਮੈਨੂੰ ਕੰਮ ’ਤੇ ਫ਼ੋਨ ਕਰਕੇ ਸਾਰੀ ਕਹਾਣੀ ਦੱਸੀ ਤੇ ਭੈਣ ਜੀ ਆਹ



ਗੱਲ ਹੈ। ਚਲੋ ਅੱਠ ਘੰਟਿਆਂ ਨੂੰ ਤੂੰ ਫ਼ੋਨ ਕਰੀਂ ਤੇ ਮੇਰੇ ਤਾਂ ਤੇਰੇ ਤੋਂ ਵੀ ਪੰਜ ਘੰਟੇ ਟਾਇਮ ਪਿੱਛੇ ਹੈ ਯਾਨਿ ਤੇਰਾਂ ਘੰਟਿਆਂ ਨੂੰ ਮੈਂ ਫ਼ੋਨ ਕਰ ਸਕਦੀ ਹਾਂ। ਅਸੀਂ ਫ਼ੋਨ ਤਾਂ ਬੰਦੇ ਨੂੰ ਕਰ ਦਿੱਤਾ ਪਰ ਮੈਂ ਸੋਚਣ ਲੱਗ ਪਈ ਕਿ ਉਸ ਦੀ ਜ਼ਿੰਦਗੀ ਉਸਦੇ ਮਾਪਿਆਂ ਨੇ ਅੰਗਿਆਰਾਂ ਉੱਤੇ ਪਾ ਦਿੱਤੀ ਹੈ। ਉਹ ਕਿੰਨੇ ਘੰਟੇ ਕੰਮ ਕਰਦੀ ਹੋਊ, ਕਿਵੇਂ ਆਪਣੀ ਕੁੜੀ ਸਾਂਭਦੀ ਹੋਊ, ਕਿਵੇਂ ਤੇ ਕਿੰਨਾ ਸੌਂਦੀ ਹੋਊ। ਅਖ਼ੀਰ ਤੇਰਾਂ ਘੰਟੇ ਹੋ ਗਏ ਤੇ ਮੈਂ ਅਜੇ ਸੋਚ ਹੀ ਰਹੀ ਸੀ ਕਿ ਕਾਰਡ ਫ਼ੋਨ ’ਤੇ ਪਾਵਾ ਕਿ ਮੇਰੀ ਭੈਣ ਦਾ ਫ਼ੋਨ ਆ ਗਿਆ ਕਿ ਭੈਣ ਜੀ ਉਹਨੇ ਅਜੇ ਚਾਰ ਘੰਟੇ ਹੋਰ ਕੰਮ ’ਤੇ ਰਹਿਣਾ ਹੈ।

ਮੈਂ ਕਿਹਾ—“ਤੈਨੂੰ ਕਿਵੇਂ ਪਤਾ ਲੱਗਾ ?” ਕਹਿੰਦੀ—ਜਿਹੜੇ ਭਾਈ ਨੂੰ ਇਟਾਲੀਅਨ ਵਿਚ ਗੱਲ ਕਰਨ ਲਈ ਕਿਹਾ ਸੀ, ਉਸਦਾ ਫ਼ੋਨ ਆਇਆ ਹੈ। ਉਹ ਭਾਈ ਸਾਡੀ ਦੁਕਾਨ ’ਤੇ ਕੰਮ ਕਰਦਾ ਹੈ ਤੇ ਭੈਣ ਜੀ ਸਾਰੀ ਕਹਾਣੀ ਸੁਣ ਕੇ ਉਹ ਇੰਨਾ ਭਾਵੁਕ ਹੋ ਗਿਆ ਕਿ ਉਹ ਤਾਂ ਆਪ ਜਾਣ ਨੂੰ ਤਿਆਰ ਹੋ ਗਿਆ। ਕਹਿੰਦਾ ਕਿ ਕਿਸ ਤਰ੍ਹਾਂ ਦਾ ਉਹਦਾ ਘਰ ਵਾਲਾ ਹੈ, ਕਿਵੇਂ ਛੱਡ ਗਿਆ ਤੇ ਹੁਣ ਉਸਨੇ ਆਪ ਹੀ ਫਿਰ ਫ਼ੋਨ ਕਰਕੇ ਮੈਨੂੰ ਦੱਸ ਦਿੱਤਾ ਹੈ।

ਮੈਂ ਕਿਹਾ—“ਇਕ ਬਿਪਤਾ ਦੂਰ ਕਰਦੇ ਕਰਦੇ ਕਿਤੇ ਦੂਜੀ ਬਿਪਤਾ ਨਾ ਸਹੇੜ ਲਈਏ। ਕਿਉਂਕਿ ਮੈਨੂੰ ਤਾਂ ਵਿਸ਼ਵਾਸ ਹੀ ਨਹੀਂ ਰਿਹਾ ਕਿ ਕੋਈ ਚੰਗਾ ਹੀ ਸੋਚਦਾ ਤੇ ਕਰਦਾ ਹੈ। ਕਿਤੇ ਇਹ ਆਪਣਾ ਨਜਾਇਜ਼ ਫ਼ਾਇਦਾ ਨਾ ਉਠਾਵੇ, ਇਧਰ ਦੀਆਂ ਓਧਰ ਤੇ ਓਧਰ ਦੀਆਂ ਇਧਰ ਕਰਕੇ। ਤੂੰ ਆਪ ਵੀ ਫ਼ੋਨ ਕਰ।”

ਕਹਿਣ ਲੱਗੀ—“ਭੈਣ ਜੀ, ਇਹ ਸਾਡੇ ਨਾਲ ਦਸ ਸਾਲਾਂ ਤੋਂ ਕੰਮ ਕਰ ਰਿਹਾ ਹੈ। ਇਸਦਾ ਆਪਣਾ ਬਹੁਤ ਹੀ ਖ਼ੁਸ਼ ਤੇ ਸੁਖੀ ਪਰਿਵਾਰ ਹੈ। ਇੰਜ ਤੇ ਨਹੀਂ ਕਰ ਸਕਦਾ।”

ਮੈਂ ਕਿਹਾ—“ਫਿਰ ਛੇਤੀ ਫ਼ੋਨ ਕਰਕੇ ਦੱਸ।” ਉਸਨੇ ਕਰਕੇ ਦੱਸਿਆ ਕਿ ਭੈਣ ਜੀ ਤੁਸੀਂ ਯਕੀਨ ਤਾਂ ਕਰਦੇ ਨਹੀਂ, ਅੱਗੋਂ ਫਿਰ ਉਹ ਇਟਾਲੀਅਨ ਭਾਈ ਹੀ ਬੋਲਦਾ ਹੈ।

ਮੈਂ ਕਿਹਾ—“ਚਲੋ ਚਾਰ ਘੰਟਿਆਂ ਨੂੰ ਕਰੀਂ।”

ਮੈਂ ਇਥੇ ਆਪਣੇ ਕੰਮ ਉੱਤੇ ਪੂਰੇ ਦਾ ਪੂਰਾ ਧਿਆਨ ਸ਼ਿੰਦੋ ਤੇ ਸ਼ਿੰਦੋ ਦੇ ਸ਼ਰਾਬੀ ਪ੍ਰਾਹੁਣੇ ਵੱਲ ਉਸਦੇ ਅਪਾਹਜ ਮੁੰਡੇ ਵੱਲ ਤੇ ਅਗਾਂਹ ਉਸਦੀ ਕੁੜੀ ਰਾਜੀ, ਰਾਜੀ ਦੇ ਉਸਨੂੰ ਛੱਡ ਕੇ ਭੱਜੇ ਸਾਹਨ ਵੱਲ ਤੇ ਉਸਦੀ ਕੁੜੀ ਵੱਲ ਲਾ ਕੇ ਹੀ ਬੈਠੀ ਰਹੀ। ਅਚਾਨਕ ਹੀ ਮੇਰੀ ਸੁਪਰਵਾਈਜ਼ਰ ਆ ਕੇ ਮੇਰੇ ਸਿਰ ’ਤੇ ਖਲੋ ਗਈ ਤੇ ਕਹਿੰਦੀ— “ਆਰ ਯੂ ਓ.ਕੇ. ?” ਮੈਂ ਨਾ ਤਾਂ ਨਹੀਂ ਕਿਹਾ ਪਰ ਮੁੜ ਪੂਰੇ ਜ਼ੋਰ ਨਾਲ ਆਪਣੇ ਆਪ ਨੂੰ ਉਸ ਦਲਦਲ ਵਿਚੋਂ ਕੱਢ ਕੇ ਕਿਹਾ—“ਯੈੱਸ, ਆਈ ਐਮ ਓ.ਕੇ.।”

ਉਹ ਕਹਿੰਦੀ—“ਵਟ ਇਜ਼ ਰੌਂਗ ਟੁਡੇ। ਤੂੰ ਠੀਕ ਨਹੀਂ ਦਿਸਦੀ।” ਕਿਉਂਕਿ ਉਹਨੇ ਮੈਨੂੰ ਆਪਣੇ ਪੇਟਰਨਜ਼ ਵੱਲ ਧਿਆਨ ਨਾ ਦਿੰਦੇ ਤੇ ਦੋ-ਚਾਰ ਵਾਰ ਫ਼ੋਨ ਵਿਚ ਖੁਭੇ ਵੇਖਿਆ ਸੀ। ਚਲੋ ਕਿਵੇਂ ਨਾ ਕਿਵੇਂ ਮੈਂ ਉਸ ਨਾਲ ਆਪਣਾ ਆਪ ਬਦਲ ਕੇ ਗੱਲ ਕਰਕੇ ਛੁਟਕਾਰਾ ਪਾ ਹੀ ਲਿਆ ਤੇ ਬਹਾਨਾ ਲਾਇਆ ਕਿ ਮੇਰੀ ਬੇਟੀ ਸਨੋ ਸਟੌਰਮ ਵਿਚ ਫਸ ਗਈ ਹੈ।

ਇਸ ਕਰਕੇ ਮੈਂ ਫ਼ੋਨ 'ਤੇ ਸੀ ਤੇ ਕੁਝ ਅਪਸੈੱਟ ਸੀ। ਝੂਠ ਤਾਂ ਮੈਂ ਬੋਲ ਕੇ ਬਚ ਗਈ ਪਰ ਵਾਕਿਆ ਹੀ ਅਪਸੈੱਟ ਮੈਂ ਹੁੰਦੀ ਹੀ ਸੀ ਜਿਵੇਂ ਮੇਰੀ ਬੇਟੀ ਕਿਤੇ ਸਨੋ ਸਟੌਰਮ ਵਿਚ ਇਕੱਲੀ ਫਸ ਗਈ ਹੋਵੇ।

ਕਰਦੇ ਕਰਾਉਂਦਿਆਂ ਪੰਜ ਵੱਜ ਗਏ ਤੇ ਮੈਂ ਘਰ ਨੂੰ ਤੁਰ ਪਈ। ਰਸਤੇ ਵਿਚ ਫਿਰ ਫ਼ੋਨ ਵੱਜਿਆ ਤੇ ਮੈਂ ਬਹੁਤ ਹੀ ਭਾਰੀ ਟ੍ਰੈਫ਼ਿਕ ਵਿਚ ਫਸੇ ਹੋਣ ਦੇ ਬਾਵਜੂਦ ਜਦੋਂ ਕਿ ਸਾਡੀ ਸਟੇਟ ਵਿਚ ਸੈੱਲ ਫ਼ੋਨ ਡਰਾਈਵਿੰਗ ਦੌਰਾਨ ਕਰਨਾ ਸਖ਼ਤ ਮਨ੍ਹਾ ਹੈ, ਫ਼ੋਨ ਚੁੱਕ ਲਿਆ। ਇਹ ਮੇਰੀ ਭੈਣ ਦਾ ਹੀ ਸੀ। ਉਸ ਦੱਸਿਆ—"ਭੈਣ ਜੀ ਇਥੇ ਰਾਤ ਦੇ ਬਾਰਾਂ ਵੱਜ ਗਏ ਹਨ। ਮੈਂ ਸੌਂ ਚੱਲੀ ਹਾਂ, ਤੁਸੀਂ ਫ਼ੋਨ ਨਾ ਕਰਿਓ ਕਿਉਂਕਿ ਸਵੇਰੇ ਅਸੀਂ ਤੇ ਬੱਚਿਆਂ ਨੇ ਜਲਦੀ ਉੱਠਣਾ ਹੈ।"

ਮੈਨੂੰ ਚੈਨ ਨਹੀਂ ਸੀ। ਮੈਂ ਘਰ ਆ ਕੇ ਫਿਰ ਇਟਲੀ ਫ਼ੋਨ ਕੀਤਾ। ਅੱਗੋਂ ਉਹੀ ਇਟਾਲੀਅਨ ਭਾਈ ਨਾ ਸਮਝੇ, ਨਾ ਸਮਝਾਏ। ਕੀ ਕਰਾਂ ਤੇ ਕੀ ਨਾ ਕਰਾਂ, ਹੁਣ ਤਾਂ ਮੇਰੀ ਭੈਣ ਵੀ ਸੌਂ ਗਈ ਹੈ। ਮੈਂ ਸੋਚਿਆ ਇੰਡੀਆ ਸ਼ਿੰਦੋ ਨੂੰ ਫ਼ੋਨ ਕਰਾਂ ਪਰ ਉਥੇ ਵੀ ਅਜੇ ਤੜਕਾ ਹੋਣਾ, ਉੱਠੇ ਨਹੀਂ ਹੋਣੇ। ਦੂਜਾ ਉਹਨੂੰ ਦੱਸੂੰ ਕੀ ਤੇ ਉਹ ਤੇ ਕੁਝ ਹੌਸਲਾ ਕਰਕੇ ਸੁੱਤੀ ਹੋਣੀ ਹੈ ਕਿ ਉਸ ਮੇਰੇ ਨਾਲ ਆਪਣਾ ਦੁੱਖ ਵੰਡਿਆ ਹੈ। ਸੋਚਦਿਆਂ-ਸੋਚਦਿਆਂ ਮੇਰੇ ਮਨ ਵਿਚ ਆਇਆ ਕਿ ਮੈਂ ਵੀ ਆਸ ਪਾਸ ਕੋਈ ਇਟਾਲੀਅਨ ਬੋਲਣ ਵਾਲਾ ਲੱਭਾ ਤੇ ਮੈਂ ਕਾਰ ਸਟਾਰਟ ਕਰਕੇ ਆਪਣੇ ਗੈਸ ਸਟੇਸ਼ਨ 'ਤੇ ਚਲੇ ਗਈ ਤੇ ਇਕ ਗੱਤੇ 'ਤੇ ਇਹ ਲਿਖ ਕੇ 'ਤੂੰ ਇਟਾਲੀਅਨ ਬੋਲ ਸਕਦਾ ਹੈਂ' ਆਪਣੇ ਅਟੈਂਡੈਂਟ ਨੂੰ ਫੜਾ ਦਿੱਤਾ ਤੇ ਜਦੋਂ ਤੂੰ ਗੈਸ ਪਾਵੇਂ, ਲੋਕਾਂ ਨੂੰ ਇਹ ਵਿਖਾਈ ਜਾਵੀਂ ਤੇ ਜੇ ਕੋਈ ਲੱਭਾ ਤਾਂ ਮੈਨੂੰ ਅੰਦਰ ਦੱਸ ਦੇਵੀਂ। ਮੇਰਾ ਖ਼ਿਆਲ ਸੀ ਕਿ ਜ਼ਰੂਰ ਹੀ ਛੇਤੀ ਕੋਈ ਲੱਭ ਪੈਣਾ ਹੈ। ਪੰਦਰਾਂ ਕੁ ਗੱਡੀਆਂ ਬਾਅਦ ਚੰਗੇ ਕਰਮਾਂ ਨਾਲ ਇਕ ਮੇਮ ਦੀ ਗੱਡੀ ਆਈ। ਉਹ ਕਹਿੰਦੀ—ਹਾਂ, ਮੈਂ ਬੋਲ ਸਕਦੀ ਹਾਂ। ਗੱਡੀ ਪਾਸੇ ਲਵਾ ਕੇ ਉਹ ਉਸ ਨੂੰ ਮੇਰੇ ਕੋਲ ਲੈ ਆਇਆ। ਮੈਂ ਉਸ ਨਾਲ ਹੱਥ ਮਿਲਾ ਕੇ ਓਨਰ ਆ ਗੈਸ ਸਟੇਸ਼ਨ ਤੇ ਨਾਮ ਦੱਸ ਕੇ ਇੰਟ੍ਰੋਡਕਸ਼ਨ ਦਿੱਤੀ ਤੇ ਉਸ ਕਿਹਾ— "ਮੇਰਾ ਨਾਮ ਰੋਜ਼ਾ ਹੈ ਤੇ ਮੇਰੀ ਬੇਕਰੀ ਹੈ।"

ਮੈਂ ਪੁੱਛਿਆ—"ਤੇਰੇ ਕੋਲ ਸਮਾਂ ਹੈ ?"

ਉਸ ਕਿਹਾ—"ਸ਼ਿਓਰ।" ਮੈਂ ਉਸ ਨੂੰ ਕੁਰਸੀ ਬੈਠਣ ਲਈ ਦਿੱਤੀ ਤੇ ਸਾਰੀ ਸਟੋਰੀ ਸੁਣਾਈ ਤੇ ਪੁੱਛਿਆ—"ਜੇ ਮੈਂ ਫ਼ੋਨ ਮਿਲਾਵਾਂ ਤਾਂ ਤੂੰ ਗੱਲ ਕਰੇਂਗੀ।" ਕਹਿੰਦੀ—"ਹਾਂ।"

ਮੈਂ ਫ਼ੋਨ ਮਿਲਾ ਦਿੱਤਾ। ਅੱਗੇ ਫਿਰ ਉਹੀ ਭਾਈ ਸੀ। ਉਹ ਤੇ ਗੱਲਾਂ ਮਾਰਨ ਲੱਗ ਪਈ। ਉਹ ਹੱਸੀ ਜਾਵੇ ਤੇ ਮੇਰੀ ਜਾਨ ਨੂੰ ਬਣੀ ਹੋਈ ਸੀ ਕਿ ਇਹ ਕਾਰਡ ਖ਼ਤਮ ਕਰੀ ਜਾਂਦੀ ਹੈ। ਪਤਾ ਨਹੀਂ ਕੰਮ ਦੀ ਗੱਲ ਕਰਦੀ ਹੋਣੀ ਹੈ ਕਿ ਨਹੀਂ। ਅਖ਼ੀਰ ਪੰਦਰਾਂ ਮਿੰਟਾਂ ਬਾਅਦ ਉਸ ਕਿਹਾ—"ਤੂੰ ਘਬਰਾ ਨਾ, ਤੇਰੀ ਕੁੜੀ ਠੀਕ ਹੈ। ਉਹ ਬਹੁਤ ਸਮਾਰਟ ਹੈ ਤੇ ਬਹੁਤ ਹੀ ਛੇਤੀ ਸਭ ਕੁਝ ਸਿੱਖ ਰਹੀ ਹੈ ਤੇ ਉਸਨੇ ਪੰਦਰਾਂ ਦਿਨਾਂ ਵਿਚ ਆ ਕੇ ਹੀ ਆਪਣੀ ਥਾਂ ਬਣਾ ਲਈ ਹੈ। ਇਹ ਭਾਈ ਬੱਚੇ ਸਾਂਭਦਾ ਤੇ ਘਰ ਦੀ ਦੇਖਭਾਲ ਕਰਦਾ ਹੈ। ਉਹ ਆਉਣ



ਹੀ ਵਾਲੀ ਹੈ। ਉਹ ਹੱਸਦਾ ਸੀ ਕਿ ਉਹ ਪੰਜਵਾਂ ਫ਼ੋਨ ਉਸ ਲਈ ਹੈ। ਤਿੰਨ ਇੰਗਲੈਂਡ ਤੋਂ ਅੱਗੇ ਆ ਚੁੱਕੇ ਹਨ। ਉਹ ਠੀਕ ਹੈ।" ਰੋਜ਼ਾ ਨੇ ਦੱਸਿਆ—"ਇਹ ਭਾਈ ਬਹੁਤ ਸਵੀਟ ਸੀ। ਕਹਿੰਦਾ ਕਿ ਤੂੰ ਆ ਜਾ ਇਥੇ। ਮੈਂ ਸਮਰ ਵਿਚ ਜਾਵਾਂਗੀ। ਮੈਂ ਨੰਬਰ ਲੈ ਲਿਆ।"

ਗੱਲ ਕਰਕੇ ਮੈਂ ਘਰ ਆ ਗਈ ਤੇ ਰੋਟੀ ਬਣਾਉਣ ਲੱਗ ਪਈ ਪਰ ਮੁੜ ਹੌਸਲਾ ਕਰਕੇ ਫਿਰ ਫ਼ੋਨ ਕਰ ਦਿੱਤਾ। ਐਤਕੀਂ ਕਿਸੇ ਨੇ ਮੇਰੀ ਭਾਸ਼ਾ ਅੰਗਰੇਜ਼ੀ ਸਮਝ ਕੇ ਰਾਜੀ ਨਾਲ ਗੱਲ ਕਰਵਾ ਹੀ ਦਿੱਤੀ। ਮੈਂ ਆਪ ਰੋ ਰਹੀ ਸਾਂ—"ਰਾਜੀ ਮੈਂ ਤੇਰੀ ਮਾਸੀ ਅਮਰੀਕਾ ਵਿਚੋਂ ਬੋਲਦੀ ਹਾਂ। ਮੈਨੂੰ ਤੇਰੀ ਮੰਮੀ ਨੇ ਦੱਸਿਆ ਸੀ, ਤੂੰ ਕਿਵੇਂ ਹੈਂ ?"

ਪਹਿਲਾਂ ਤਾਂ ਉਹ ਕੁਝ ਚੁੱਪ ਰਹੀ ਪਰ ਫਿਰ ਸੰਭਲ ਗਈ ਤੇ ਕਹਿਣ ਲੱਗੀ—"ਮਾਸੀ, ਮੈਂ ਤੇਰੀ ਭਣੇਵੀ ਹਾਂ। ਛੋਟੇ ਹੁੰਦਿਆਂ ਅਸੀਂ ਤੁਹਾਨੂੰ ਵੇਖਦੇ ਹੁੰਦੇ ਸੀ ਤੇ ਸਾਡੇ 'ਤੇ ਬਹੁਤ ਅਸਰ ਹੁੰਦਾ ਸੀ ਕਿ ਤੁਹਾਡੇ ਮਾਪਿਆਂ ਨੇ ਤੁਹਾਨੂੰ ਪੜ੍ਹਾ ਕੇ ਨੌਕਰੀ ਉੱਤੇ ਲਵਾਇਆ ਹੈ ਤੇ ਹੁਣ ਤੁਸੀਂ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹੋ। ਪਰ ਮੇਰੇ ਮੰਮੀ ਪਾਪਾ ਦੇ ਮਾਪਿਆਂ ਨੇ ਉਨ੍ਹਾਂ ਨੂੰ ਨਹੀਂ ਪੜ੍ਹਾਇਆ ਤੇ ਉਨ੍ਹਾਂ ਅਗਾਂਹ ਸਾਨੂੰ ਵੀ ਇਸ ਤਰ੍ਹਾਂ ਭੇਜ ਦਿੱਤਾ।"

ਮੈਨੂੰ ਉਸਦੀ ਆਈ.ਏ.ਐੱਸ. ਅਫ਼ਸਰ ਬਣਨ ਵਾਲੀ ਗੱਲ ਯਾਦ ਆ ਗਈ। ਉਸਨੇ ਹੌਲੀ ਜਿਹੀ ਕਿਹਾ—"ਮਾਸੀ ਜੀ, ਤੁਸੀਂ ਕੋਈ ਫ਼ਿਕਰ ਨਾ ਕਰਨਾ। ਮੈਂ ਬਹੁਤ ਦਲੇਰ ਹੋ ਗਈ ਹਾਂ ਤੇ ਬਹੁਤ ਕੁਝ ਜਲਦੀ-ਜਲਦੀ ਸਿੱਖ ਰਹੀ ਹਾਂ। ਉਹ ਛਿੱਟ ਮੇਰੇ ਤੋਂ ਪਰ੍ਹੇ ਹੋ ਗਈ ਜਿਸ ਨੇ ਡੇਢ ਦੋ ਸਾਲ ਮੇਰਾ ਜੀਵਨ ਨਰਮ ਬਣਾ ਦਿੱਤਾ। ਹੁਣ ਮੇਰੇ ਪੇਪਰ ਬਣ ਜਾਣੇ ਹਨ। ਜੇ ਬਣ ਗਏ ਤਾਂ ਵੀ, ਨਹੀਂ ਤਾਂ ਇਨ੍ਹਾਂ ਬਣਾ ਦੇਣੇ ਹਨ। ਇਹ ਜ਼ਨਾਨੀਆਂ ਲਈ ਸ਼ੈਲਟਰ ਹਾਉਸ ਹੈ। ਹਸਪਤਾਲ ਵਾਲਿਆਂ ਇਥੇ ਭੇਜ ਦਿੱਤਾ ਸੀ ਤੇ ਇਸ ਦੀ ਮਾਲਕ ਸਾਡੇ ਤੋਂ ਕੰਮ ਕਰਵਾਉਂਦੀ ਹੈ ਤੇ ਸਾਨੂੰ ਸੋਹਣਾ ਰਹਿਣ ਸਹਿਣ ਲਈ, ਖਾਣ-ਪੀਣ ਲਈ ਦਿੰਦੀ ਹੈ। ਇਹ ਮੇਰੀ ਬੇਟੀ ਵੀ ਸੰਭਾਲਦੇ ਹਨ। ਹੁਣ ਮੈਂ ਆਪਣੀ ਜ਼ਿੰਦਗੀ ਆਪ ਜੀਵਾਂਗੀ। ਸੋ ਤੁਸੀਂ ਬਹੁਤ ਚੰਗਾ ਕੀਤਾ ਕਿ ਸੰਪਰਕ ਕੀਤਾ ਹੈ ਪਰ ਫ਼ਿਕਰ ਨਾ ਕਰਿਓ। ਆਈ ਐਮ ਫਾਈਨ, ਆਈ ਐਮ ਸਟਰੌਂਗ। ਮੈਨੂੰ ਕਿਸੇ ਦਾ ਡਰ ਨਹੀਂ ਹੈ। ਪਰਮਾਤਮਾ ਮੇਰੀ ਮਦਦ ਕਰੇਗਾ।"

ਮੈਂ ਉਸ ਨੂੰ ਪੂਰਾ ਉਤਸ਼ਾਹ ਦਿੱਤਾ ਤੇ ਆਪਣੇ ਵੱਲੋਂ ਮਦਦ ਲਈ ਕਿਹਾ। ਪਰ ਉਸ ਨੂੰ ਹੁਣ ਕਿਸੇ ਦੀ ਵੀ ਮਦਦ ਦੀ ਲੋੜ ਨਹੀਂ ਸੀ। ਰਾਜੀ ਉਹੀ ਰਾਜੀ ਬਣ ਗਈ, ਜੋ ਬਚਪਨ ਵਿਚ ਪੰਜ ਛੇ ਸਾਲ ਦੀ ਸੀ। ਮੈਂ ਕਵਿੰਟਲਾਂ ਬੱਧੀ ਬੋਝ ਉਤਾਰ ਕੇ ਉਸ ਦੀ ਮਾਂ ਨੂੰ ਖ਼ੁਸ਼ੀ ਨਾਲ ਫ਼ੋਨ ਕੀਤਾ ਤੇ ਆਪ ਫ਼ਿਕਰ ਵਿਚ ਲੰਘਾਈਆਂ ਉਨੀਂਦਰੀਆਂ ਦੋ ਰਾਤਾਂ ਪਿੱਛੋਂ ਚੈਨ ਨਾਲ ਸੌਂ ਗਈ।

—

# ਬਾਜੀ

ਅੱਜ ਤੋਂ ਪੈਂਤੀ ਕੁ ਸਾਲ ਪਹਿਲਾਂ ਜਦੋਂ ਅਸੀਂ ਸ਼ਿੰਦਰ ਨੂੰ ਅਮਰੀਕਾ ਲਈ ਚੜਾਉਣ ਉਹਦੇ ਪੇਕੇ ਗਏ ਤਾਂ ਉਹ ਬਹੁਤ ਹੀ ਰੋਵੇ। ਰੋਵੇ ਤਾਂ ਕਿ ਘਰ ਵਿਚ ਸਾਰਿਆਂ ਤੋਂ ਵੱਡੀ ਸੀ। ਪੜ੍ਹੀ ਲਿਖੀ ਨੌਕਰੀ ਕਰਦੀ ਸੀ। ਸਾਰਿਆਂ ਦੀ ਜ਼ਿੰਮੇਵਾਰੀ ਚੁੱਕੀ ਫਿਰਦੀ ਸੀ। ਜਦੋਂ ਦਾ ਪਿਉ ਪੂਰਾ ਹੋ ਗਿਆ, ਉਦੋਂ ਤੋਂ ਹੀ ਪਿਉ ਬਣੀ ਹੋਈ ਸੀ ਸਾਰੇ ਭੈਣ-ਭਰਾਵਾਂ ਲਈ। ਜਦੋਂ ਪਿਉ ਪੂਰਾ ਹੋਇਆ ਤਾਂ ਸਾਰੇ ਹੀ ਛੋਟੇ ਸੀ ਤੇ ਲੋਕ ਹੌਸਲਾ ਤਾਂ ਕੀ ਦੇਣ, ਇਹੀ ਕਹਿਣ—ਡੱਡਾਂ ਦਾ ਛਾਬਾ ਛੱਡ ਗਿਆ। ਪੰਡਾਂ ਭਾਰੀਆਂ, ਚਾਰ ਧੀਆਂ ਤੇ ਇਹ ਵਿਚਾਰੀ ਵੱਡੀ ਸੀ ਤੇ ਇਹਨੇ ਗੱਲਾਂ ਦਿਲ ਨੂੰ ਲਾ ਲਈਆਂ।

ਪਹਿਲਾਂ ਪੜ੍ਹ ਕੇ ਨੌਕਰੀ ਲਈ ਤੇ ਬਾਕੀ ਭੈਣ ਭਰਾਵਾਂ ਖਰਚ ਦੇਂਦੀ। ਫਿਰ ਅਮਰੀਕਾ ਤੋਂ ਆਏ ਦੁਹਾਜੂ ਨਾਲ ਇਸ ਲਈ ਵਿਆਹ ਕਰਾਉਣਾ ਮੰਨ ਗਈ ਕਿ ਸਾਰਾ ਟੱਬਰ ਅਮਰੀਕਾ ਚਲੇ ਜਾਊ। ਵਿਆਹ ਤੋਂ ਬਾਅਦ ਸਮਾਂ ਲੱਗਣਾ ਸੀ, ਉਹ ਵੀ ਨੌਕਰੀ ਦਾ ਬਹਾਨਾ ਬਣਾ ਕੇ ਪੇਕੇ ਹੀ ਰਹੀ ਕਿ ਇਨ੍ਹਾਂ ਦੀ ਮਦਦ ਹੋ ਜਾਊ। ਤੇ ਅੱਜ ਉੱਚੀ-ਉੱਚੀ ਭੁੱਬਾਂ ਮਾਰ ਮਾਰ ਕੇ ਇਸ ਲਈ ਰੋਵੇ ਕਿ ਮੇਰੀ ਮਾਂ ਕੀ ਕਰੂ। ਉਹਨੇ ਤੇ ਮੇਰੇ ਸਿਰ ’ਤੇ ਬੰਦਾ ਵੀ ਭੁਲਾ ਛੱਡਿਆ ਸੀ ਤੇ ਮੇਰੇ ਭੈਣ ਭਰਾ ਕੀ ਕਰਨਗੇ ?

ਅਮਰੀਕਾ ਵੀ ਕਈ ਵਾਰੀ ਸਿੱਧੀ ਤੇ ਕਈ ਵਾਰੀ ਇਹ ਡੈਣ ਵੀ ਬਣ ਜਾਂਦੀ ਹੈ। ਆਉਂਦਿਆਂ ਹੀ ਵਿਚਾਰੀ ਨੇ ਪਿੰਡ ਚਿੱਠੀ ਲਿਖੀ ਤੇ ਵਿਚ ਇਹ ਲਿਖਿਆ ਕਿ ਮਾਂ ਮੈਂ ਠੀਕ-ਠਾਕ ਪਹੁੰਚ ਗਈ ਹਾਂ, ਕਿਸੇ ਕਿਸਮ ਦਾ ਫ਼ਿਕਰ ਨਾ ਕਰਨਾ। ਮਾਂ ਇਹ ਸਵਰਗ ਹੈ, ਸਵੇਰੇ ਉੱਠ ਕੇ ਚੁੱਲ੍ਹੇ ਦੀ ਸਵਾਹ ਵਿਚ ਹੱਥ ਨਹੀਂ ਪਾਉਣੇ ਪੈਂਦੇ। ਇਥੇ ਨਾ ਮਿੱਟੀ ਘੱਟਾ ਹੀ ਸੁੰਬਰਨਾ ਪੈਂਦਾ, ਨਾ ਹੀ ਮੱਝਾਂ ਗਾਵਾਂ ਦਾ ਗੋਹਾ ਆ। ਮਾਂ ਬਹੁਤ ਹੀ ਸਾਫ਼ ਸੁਥਰਾ ਦੇਸ਼ ਹੈ। ਸਾਰੇ ਸਵੇਰੇ ਹੀ ਕੰਮਾਂ ’ਤੇ ਚਲੇ ਜਾਂਦੇ ਨੇ। ਹੁਣ ਮੈਂ ਇਕੱਲੀ ਹੀ ਘਰ ਹਾਂ ਤੇ ਮੇਰਾ ਦਿਲ ਕੀਤਾ ਕਿ ਮੈਂ ਚਿੱਠੀ ਪਾਵਾਂ, ਤੁਸੀਂ ਉਡੀਕ ਕਰ ਰਹੇ ਹੋਵੋਗੇ।

ਹੋਰ ਮਾਂ ਤੂੰ ਬਿਲਕੁਲ ਵੀ ਮੇਰਾ ਫ਼ਿਕਰ ਨਾ ਕਰਨਾ। ਮੈਂ ਛੇਤੀ ਹੀ ਇਥੇ ਵੀ ਨੌਕਰੀ ਲੱਭ ਕੇ ਜਿੰਨੀ ਵੀ ਤੁਹਾਡੀ ਮਦਦ ਹੋ ਸਕੀ ਕਰੂੰਗੀ। ਬਸ ਇਨ੍ਹਾਂ ਸਾਰਿਆਂ ਨੂੰ ਬੀ.ਏ. ਤਕ ਪੜ੍ਹਾ ਦੇ। ਕੁਝ ਮੈਂ ਵੀ ਭੇਜ ਦਿਆਂ ਕਰੂੰਗੀ। ਜਿੰਨੀ ਛੇਤੀ ਹੋ ਸਕਿਆ, ਤੁਸੀਂ ਸਾਰੇ ਹੀ ਮੇਰੇ ਕੋਲ ਹੋਵੋਗੇ। ਮੈਂ ਪੇਪਰ ਭਰ ਦਊਂਗੀ। ਹੁਣ ਮਾਂ ਤੂੰ ਬਿਲਕੁਲ ਫ਼ਿਕਰ ਨਾ ਕਰਨਾ। ਰੱਜ ਕੇ ਰੋਟੀ ਪਾਣੀ ਖਾਇਆ ਕਰ। ਤੇਰਾ ਪੁੱਤ ਕੱਢ ਦਊ ਕਸਰਾਂ, ਤੂੰ ਕਹਿੰਦੀ ਹੁੰਦੀ



ਸੀ ਨਾ ਕਿ ਤੂੰ ਮੇਰਾ ਪੁੱਤ ਹੈਂ। ਇਸ ਤਰ੍ਹਾਂ ਆਪਣੀ ਵਿਧਵਾ ਮਾਂ ਨੂੰ ਹੌਸਲਾ ਦਿੰਦੀ ਨੇ ਸਾਰੀ ਚਿੱਠੀ ਭਰ ਦਿੱਤੀ ਤੇ ਅਗਲੇ ਦਿਨ ਪਤੀ ਨੇ ਪੰਜਾਬ ਨੂੰ ਭੇਜ ਦਿੱਤੀ।

ਡਾਕੀਆ ਅਜੇ ਚਿੱਠੀ ਦੇ ਕੇ ਗਿਆ ਹੀ ਸੀ ਕਿ ਓਧਰੋਂ ਸ਼ਿੰਦਰ ਦਾ ਸੱਸ ਸਹੁਰਾ ਆ ਗਏ ਕਿ ਪਤਾ ਕਰੀਏ ਕਿ ਕੁੜੀ ਠੀਕ ਠਾਕ ਪਹੁੰਚ ਗਈ ਹੈ। ਕੋਈ ਆਇਆ ਚਿੱਠੀ ਪੱਤਰ ਕਿ ਨਹੀਂ। ਸਾਨੂੰ ਪਤਾ ਸੀ ਕਿ ਪਿੱਛੇ ਦਾ ਬਹੁਤ ਖ਼ਿਆਲ ਕਰਦੀ ਆ ਤੇ ਪਹਿਲਾਂ ਉਹਨੇ ਆਪਣੀ ਮਾਂ ਨੂੰ ਹੀ ਦੱਸਣਾ ਸੀ। ਵਿਚਾਰੀ ਭੋਲੀ ਮਾਂ ਰਿਸ਼ਤੇਦਾਰਾਂ ਨੂੰ ਆਇਆਂ ਵੇਖ ਫੁੱਲੀ ਨਾ ਸਮਾਈ। ਦਬਾ-ਦਬ ਮੰਜਾ ਡਾਹ ਕੇ ਪਾਣੀ ਦੇ ਗਿਲਾਸ ਲੈ ਆਈ ਤੇ ਕੁੜੀ ਨੂੰ ਵਾਜਾਂ ਮਾਰੇ ਕਿ ਮਾਸੀ-ਮਾਸੜ ਆਏ ਨੇ, ਆ ਕੇ ਚਾਹ ਧਰ। ਕੁੜੀ ਕੋਠੇ ’ਤੇ ਪਰਛਾਵੇਂ ਮੰਜਾ ਡਾਹ ਕੇ ਪੜ੍ਹਨ ਡਹੀ ਸੀ।

ਮਾਸੀ ਮਾਸੜ ਦੀ ਚਾਹ ਪਾਣੀ ਦੀ ਭੁੱਖ ਤਾਂ ਚਿੱਠੀ ਵੇਖਦਿਆਂ ਹੀ ਮਿਟ ਗਈ। ਉਹ ਧੀਰੋ ਨੂੰ ਚਿੱਠੀ ਪੜ੍ਹਨ ਨੂੰ ਕਹਿਣ—ਪੁੱਤ ਵੇਖ, ਚਿੱਠੀ ਬਾਹਰਲੀ ਜਾਪਦੀ ਏ, ਕਿਧਰੇ ਸ਼ਿੰਦਰ ਦੀ ਤਾਂ ਨਹੀਂ ਆਈ। ਧੀਰੋ ਤਾਂ ਅਜੇ ਬੋਲੀ ਵੀ ਨਹੀਂ ਸੀ, ਸ਼ਾਇਦ ਨੱਪ ਘੁੱਟ ਲੈਂਦੀ ਪਰ ਭੋਲੀ ਮਾਂ ਪਹਿਲਾਂ ਹੀ ਬੋਲ ਪਈ—ਧੀਏ ਹੋਰ ਆਪਾਂ ਨੂੰ ਚਿੱਠੀ ਕੀਹਦੀ ਆਉਣੀ ਆ। ਉਹਦੀ ਹੀ ਹੋਣੀ ਆਂ, ਚੱਲ ਖੋਲ੍ਹ ਪੜ੍ਹ ਕੇ ਸੁਣਾ, ਸਾਨੂੰ ਸਾਰਿਆਂ ਨੂੰ। ਇਹ ਵੀ ਵਿਚਾਰੇ ਫ਼ਿਕਰ ਕਰਦੇ ਹੋਣੇ ਖ਼ੌਰੇ ਪਹੁੰਚੀ ਆ ਕਿ ਨਹੀਂ।

ਧੀਰੋ ਨੇ ਚਿੱਠੀ ਖੋਲ੍ਹ ਕੇ ਪੜ੍ਹਨੀ ਸ਼ੁਰੂ ਕਰ ਕੀਤੀ ਤੇ ਕਦੇ-ਕਦੇ ਉਹਦਾ ਦਿਲ ਕਰੇ ਕਿ ਨਾ ਪੜ੍ਹੇ। ਪਰ ਨਿਆਣੀ ਸੀ, ਕਿਵੇਂ ਸਮਝਦੀ ਓਹਲਿਆਂ ਨੂੰ ਤੇ ਉਹ ਚਿੱਠੀ ਪੜ੍ਹੀ ਜਾਵੇ ਤੇ ਮਾਸੀ ਮਾਸੜ ਤਾਂ ਲਾਲ ਸੂਹੇ ਹੁੰਦੇ ਜਾਣ ਸੁਣ-ਸੁਣ ਕੇ।

ਮਾਂ ਵਿਚਾਰੀ ਪਾਣੀ ਵਿਚ ਲੱਥ ਗਈ। ਕਮਲੀ ਨੇ ਕਿਉਂ ਲਿਖਿਆ। ਇਹ ਕੀ ਸੋਚਣਗੇ। ਖ਼ੈਰ ਚਿੱਠੀ ਪੜ੍ਹੀ ਗਈ ਤੇ ਸਾਰੇ ਪਾਸੇ ਚੁੱਪ ਵਰਤ ਗਈ। ਹੁਣ ਪਹਿਲਾਂ ਗੱਲ ਕੌਣ ਕਰੇ। ਬਾਜੀ ਹਾਰੇ ਕਿ ਬਾਜੀ ਜਿੱਤੇ ਵੀ ਹਾਰੇ। ਇਹ ਜ਼ਿੰਦਗੀ ਬਾਜ਼ੀ ਹੀ ਤਾਂ ਹੈ। ਰੋਜ਼ ਬਾਜ਼ੀਆਂ ਖੇਡਦੇ ਹਾਂ ਤੇ ਕੋਈ ਹਾਰਦਾ ਤੇ ਕੋਈ ਜਿੱਤਦਾ ਹੈ। ਕੋਈ ਜਿੱਤ ਕੇ ਵੀ ਆਕੜਦਾ ਨਹੀਂ ਤੇ ਕਈ ਹਾਰੇ ਵੀ ਹਾਰਦੇ ਨਹੀਂ। ਪਰ ਇਹ ਬਾਜੀ ਤਾਂ ਸ਼ੁਰੂ ਹੀ ਹੋਈ ਹੈ। ਹੁਣ ਵੇਖੋ ਬਾਲ ਕਿਸ ਹੱਥ ਵਿਚ ਜਾਂਦਾ।

ਮਾਸੀ ਜੀ ਪਹਿਲਾਂ ਚਾਹ ਪੀਓਗੇ ਕਿ ਰੋਟੀ ਖਾਓਗੇ—ਧੀਰੋ ਨੇ ਆਪਣੇ ਪਾੜ੍ਹੂਆਂ ਵਾਲੇ ਅੰਦਾਜ਼ ਵਿਚ ਪੁੱਛਿਆ। ਤੇ ਮਾਸੀ ਅੱਗੋਂ ਸੂਈ ਬਿੱਲੀ ਵਾਂਗ ਪਈ—ਕੁਝ ਨਹੀਂ ਖਾਣਾ-ਪੀਣਾ। ਪੀ-ਖਾ ਲਿਆ ਬਥੇਰਾ ਅੱਗੇ ਪਹਿਲਿਆਂ ਤੋਂ ਤੇ ਹੁਣ ਇਨ੍ਹਾਂ ਤੋਂ। ਜਾ-ਜਾ ਕੇ ਕੁੜੀਏ ਪੜ੍ਹ ਤੂੰ। ਅਸੀਂ ਚੱਲੇ ਆਂ। ਸਾਨੂੰ ਘਰ ਕਈ ਕੰਮ ਆ। ਇਹ ਕਹਿ ਕੇ ਦੋਵੇਂ ਉੱਠ ਪਏ। ਮਾਸੜ ਵਿਚਾਰਾ ਇਕ ਵੀ ਅੱਖਰ ਨਾ ਬੋਲਿਆ ਤੇ ਤੁਰਨ ਲਈ ਉਹ ਵੀ ਉੱਠ ਪਿਆ।

ਮਾਂ ਵਿਚਾਰੀ ਬਥੋਹੌਲੀ ਜਿਹੀ ਹੋ ਕੇ ਤਰਲੇ ਕਰਨ ਲੱਗ ਪਈ—ਭੈਣ ਜੀ ਬਹਿ ਜਾਉ, ਭੈਣ ਜੀ ਬਹਿ ਜਾਉ, ਰੋਟੀ ਖਾ ਕੇ ਜਾਇਉ। ਤੁਸੀਂ ਤੇ ਅਜੇ ਚਾਹ ਵੀ ਨਹੀਂ ਪੀਤੀ।

ਚਾਹ ਤੇ ਪੀ ਜਾਊ। ਬਥੇਰਾ ਬਾਂਹੋਂ ਫੜ ਫੜ ਬਿਠਾਉਣ ਦਾ ਯਤਨ ਕਰੇ ਪਰ ਸ਼ਿੰਦਰ ਕਹਿੰਦੀ ਸੀ ਸੱਸ ਤੇ ਮਿੱਟੀ ਦੀ ਵੀ ਨਹੀਂ ਮਾਣ। ਇਹ ਤੇ ਪਾਊ ਸਿਆਪਾ ਚੰਦਰੀ ਜਿਹੜੀ ਆਫਰੀ ਮੱਝ ਵਾਂਗੂੰ ਨਾਸਾਂ ਤਣ ਕੇ ਚਲੀ ਗਈ ਵਾਪਸ। ਮਾਂ ਨੂੰ ਜਿਹੜੀ ਚਿੱਠੀ ਸੁਣ ਕੇ ਖ਼ੁਸ਼ੀ ਹੋਣੀ ਸੀ, ਉਸ ਤੋਂ ਕਈ ਗੁਣਾਂ ਵੱਧ ਗ਼ਮੀ ਵਿਚ ਪੈ ਗਈ। ਕੀ ਕਰੇ ? ਪਰਦੇਸ ਨਾ ਜਾ ਸਕੇ, ਨਾ ਗੱਲ ਕਰ ਸਕੇ। ਬਸ ਰੋਈ ਹੀ ਜਾਵੇ ਕਿ ਹੁਣ ਚੰਗਾ ਨਹੀਂ ਹੋਣਾ।

ਪਿੰਡ ਜਾਂਦਿਆਂ ਹੀ ਬੁੜੀ ਨੇ ਸੀਤੋ ਨੂੰ ਵਾਜ ਮਾਰੀ—ਪੁੱਤ, ਲਿਆ ਕਾਗ਼ਜ਼ ਤੇ ਪੈੱਨ। ਲਿਖ ਚਿੱਠੀ ਆਪਣੇ ਵੀਰ ਨੂੰ। ਕਿਤੇ ਭੋਲਾ ਹੀ ਨਾ ਲੁੱਟਿਆ ਜਾਵੇ। ਧਾੜਾ ਪੈ ਗਿਆ ਉਹਨੂੰ ਕਹਿੰਦਾ ਸੀ ਪੜ੍ਹੀ ਲਿਖੀ ਨੌਕਰੀ 'ਤੇ ਲੱਗੀ ਕੁੜੀ ਚਾਹੀਦੀ ਆ। ਲੈ ਲਵੇ ਹੁਣ ਪੜ੍ਹੀ ਲਿਖੀ। ਲੁੱਟ ਲਿਆ ਮੇਰਾ ਪੁੱਤ, ਮੈਂ ਕੀ ਕਰੂੰ ਹੁਣ। ਇਹ ਤਾਂ ਬਾਰਾਂ ਤਾਲੀ ਨਿਕਲੀ। ਨੂੰਹ ਨੂੰ ਮਣ-ਮਣ ਦੀਆਂ ਗਾਲ੍ਹਾਂ ਕੱਢੀ ਜਾਵੇ। ਧੀਰੇ ਕਿਵੇਂ ਮਾਂ ਦੀ ਗੱਲ ਟਾਲ ਸਕਦੀ ਸੀ। ਜਿਵੇਂ-ਜਿਵੇਂ ਮਾਂ ਕਹੀ ਜਾਵੇ, ਲਿਖੀ ਜਾਵੇ। ਪੁੱਤ ਕਿਤੇ ਅੱਖਾਂ ਨਾ ਬੰਦ ਕਰ ਕੇ ਬੈਠਾ ਰਹੀਂ, ਇਹਨੇ ਘਰ ਦਿਆਂ ਨੂੰ ਪਿੱਛੇ ਪੈਸੇ ਭੇਜਣੇ ਈਂ। ਇਹਨੇ ਉਨ੍ਹਾਂ ਦੇ ਕਾਗ਼ਜ਼ ਭਰਨੇ ਈ। ਇਹਨੇ ਆਹ ਕਰਨਾ ਹੀ, ਓਹ ਕਰਨਾ ਈ। ਸਾਰਾ ਕੁਝ ਇਕੋ ਸਾਹੇ ਹੀ ਬੋਲੀ ਜਾਵੇ ਤੇ ਧੀਰੋ ਵਿਚਾਰੀ ਬਾਰ-ਬਾਰ ਕਹੇ—ਬੀਬੀ ਹੌਲੀ, ਬੀਬੀ ਹੌਲੀ ਪਰ ਬੀਬੀ ਤਾਂ ਅੱਜ ਆਪਣੇ ਆਪ ਨੂੰ ਕੱਖਾਂ ਤੋਂ ਵੀ ਹੌਲੀ ਸਮਝ ਰਹੀ ਸੀ। ਹੌਲੀ ਕਿਵੇਂ ਹੋਵੇ। ਹਾਏ ਅਸੀਂ ਲੁੱਟੇ ਗਏ, ਹਾਏ ਅਸੀਂ ਮਾਰੇ ਗਏ, ਕੀ ਕਰਾਂਗੇ। ਜੇ ਇਵੇਂ ਹੀ ਹੋਇਆ। ਪੁੱਤ ਕੀ ਬਣੂ ਤੇਰਾ, ਕੀ ਬਣੂ ਤੇਰੇ ਜਣਦਿਆਂ ਦਾ।

ਓਧਰ ਸ਼ਿੰਦਰ ਦੀ ਮਾਂ ਨੂੰ ਹੌਲ ਪੈਣ ਕਿ ਕੀ ਬਣੂ। ਮੇਰੀ ਕੁੜੀ ਛੁੰਡੀ ਜਾਣੀ ਹੁਣ। ਏਹਨੇ ਨਹੀਂ ਛੱਡਣਾ। ਇਹ ਤੇ ਉਂਜ ਵੀ ਨਹੀਂ ਸੀ ਮਾਣ ਤੇ ਹੁਣ ਚੜ੍ਹ ਅਸਮਾਨ। ਫ਼ਿਕਰਾਂ ਵਿਚ ਪਿਆਂ ਹੀ ਪੰਦਰਾਂ ਵੀਹ ਦਿਨ ਗੁਜ਼ਰ ਗਏ। ਵਿਚਾਰੀ ਦੀ ਜਵਾਬ ਦੇਣ ਦੀ ਵੀ ਹਿੰਮਤ ਨਾ ਪਈ ਤੇ ਓਧਰੋਂ ਸ਼ਿੰਦਰ ਦੀ ਇਕ ਹੋਰ ਚਿੱਠੀ ਆ ਗਈ—ਮਾਂ ਬਹੁਤ ਹੀ ਚੰਗਾ ਹੋਇਆ, ਮੈਨੂੰ ਇਨ੍ਹਾਂ ਨਾਲ ਗਰੌਸਰੀ ਲੈਣ ਗਈ ਨੂੰ ਭੈਣ ਬੀਬਾਂ ਮਿਲ ਪਈ ਜੋ ਸ਼ਿੰਦਰ ਤੋਂ ਅੱਗੇ, ਲਾਗਲੇ ਪਿੰਡ ਦੀ ਕੁੜੀ ਪੜ੍ਹਦੀ ਸੀ। ਫਿਰ ਭੈਣ ਨੇ ਸਾਨੂੰ ਦੱਸਿਆ ਤੇ ਅਸੀਂ ਉਸਦੇ ਘਰ ਗਏ ਜੋ ਕਿ ਸਾਡੇ ਲਾਗੇ ਹੀ ਹੈ। ਭੈਣ ਨੇ ਮੈਨੂੰ ਛੇਤੀ ਹੀ ਨੌਕਰੀ 'ਤੇ ਵੀ ਲਵਾ ਦੇਣਾ ਹੈ। ਕਹਿੰਦੀ ਸੀ—ਮੈਂ ਆਪੇ ਹੀ ਲੈ ਜਾਇਆਂ ਕਰੂੰ ਤੇ ਛੱਡ ਜਾਇਆ ਕਰੂੰ। ਇਹ ਵੀ ਬਹੁਤ ਹੀ ਖ਼ੁਸ਼ ਹਨ ਕਿ ਪੜ੍ਹਾਈ ਲਿਖਾਈ ਦਾ ਫਾਇਦਾ ਹੀ ਹੋਇਆ। ਅੱਗੇ ਮਾਂ ਨੇ ਵੱਡੇ ਘਰ ਦੀ ਅਨਪੜ੍ਹ ਕੁੜੀ ਮੇਰੇ ਪੱਲੇ ਬੰਨ ਦਿੱਤੀ, ਜੀਹਨੇ ਆਉਂਦਿਆਂ ਹੀ ਹਾਏ ਮੇਰਾ ਦਿਲ ਨਹੀਂ ਲੱਗਦਾ, ਮੈਂ ਨਹੀਂ ਰਹਿਣਾ। ਰੋਜ਼ ਵੈਣ ਸਿਆਪੇ ਤੇ ਅਖ਼ੀਰ ਆਪਣੇ ਬਲੈਕੀ ਮਾਪਿਆਂ ਦੀਆਂ ਧਮਕੀਆਂ ਦਿੰਦੀ, ਮੈਂ ਚਕਵਾ ਦੇਣਾ। ਮੈਂ ਕੁਟਵਾ ਦੇਣਾ। ਆਪੇ ਹੀ ਪਿੱਛੇ ਚਲੇ ਗਈ। ਤਲਾਕ ਹੋ ਗਿਆ ਤੇ ਉਹ ਭਾਂਡਾ-ਟੀਂਡਾ ਚੁੱਕ ਕੇ ਲੈ ਗਏ, ਨਾਲੇ ਬੁੜੀ ਬੁੜੇ ਨੂੰ ਸੌ-ਸੌ ਸੁਣਾ ਗਏ। ਅਖ਼ਬਾਰਾਂ ਵਿਚ ਵੀ ਖ਼ਬਰਾਂ ਆਈਆਂ ਕਿ ਆ ਕੇ ਇਨ੍ਹਾਂ ਦੀ ਖੜ੍ਹੀ ਖੜੋਤੀ ਕਣਕ ਵੀ ਸਾੜ ਗਏ। ਸੋ ਪ੍ਰਾਹੁਣਾ ਤਾਂ ਡਰਿਆ ਪੜ੍ਹੀ ਲਿਖੀ



ਲੋੜਵੰਦ ਕੁੜੀ ਚਾਹੁੰਦਾ ਸੀ ਪਰ ਮਾਂ-ਪਿਉ ਇਕ ਵਾਰੀ ਛਿੱਤਰ ਖਾ ਕੇ ਵੀ ਬਾਜ ਨਹੀਂ ਆਏ।

ਕੁਝ ਦਿਨਾਂ ਬਾਅਦ ਇਕ ਹੋਰ ਚਿੱਠੀ ਆ ਗਈ। ਐਤਕੀਂ ਫਿਰ ਮਾਂ ਦਾ ਹੌਸਲਾ ਨਾ ਪਵੇ ਸੁਣਨ ਨੂੰ ਕਿ ਵਿਚਾਰੀ ਨਾਲ ਪਤਾ ਨਹੀਂ ਕੀ ਬੀਤੀ ਹੋਣੀ ਆ। ਕੁੜੀ ਨੇ ਚਿੱਠੀ ਪੜ੍ਹਨੀ ਸ਼ੁਰੂ ਕੀਤੀ। ਉਹਨੇ ਲਿਖਿਆ ਸੀ—ਮੇਰੀਏ ਭੋਲੀਏ ਮਾਏ, ਧੀਆਂ ਦੇ ਕਈ ਓਹਲੇ ਹੁੰਦੇ, ਤੂੰ ਕੀ ਕੀਤਾ ਚਿੱਠੀ ਉਨ੍ਹਾਂ ਦੇ ਸਾਹਮਣੇ ਖੋਲ ਦਿੱਤੀ। ਚੱਲ ਕੁਝ ਨਹੀਂ ਹੋਇਆ। ਉਨ੍ਹਾਂ ਦੀ ਲਿਖੀ ਚਿੱਠੀ ਮੇਰੇ ਹੱਥ ਈ ਆਈ। ਮਾਂ, ਮੈਂ ਕੀ ਦੱਸਾਂ, ਕੀ-ਕੀ ਬੁੜੀ ਨੇ ਲਿਖਵਾਇਆ। ਜੇ ਇਨ੍ਹਾਂ ਦੇ ਹੱਥ ਆਉਂਦੀ ਤੇ ਸ਼ਾਇਦ ਕੁਝ ਹੋਰ ਦਾ ਹੋਰ ਹੀ ਹੋ ਜਾਂਦਾ ਪਰ ਕੋਈ ਨਹੀਂ, ਮੈਂ ਪੜ੍ਹ ਕੇ ਪਾੜ ਕੇ ਸੁੱਟ ਦਿੱਤੀ ਹੈ। ਮਾਂ ਤੂੰ ਫ਼ਿਕਰ ਨਾ ਕਰੀਂ। ਤੂੰ ਮੈਨੂੰ ਪੁੱਤ ਕਹਿੰਦੀ ਸੀ, ਮੈਂ ਤੇਰਾ ਪੁੱਤ ਹੀ ਬਣੂ। ਮਾਂ ਤੂੰ ਮੈਨੂੰ ਔਖੀ ਹੋ ਕੇ ਵੀ ਪੜ੍ਹਾਇਆ ਲਿਖਾਇਆ ਹੈ। ਮੈਂ ਇਸ ਦਾ ਮੁੱਲ ਜ਼ਰੂਰ ਮੋੜੂੰ।

ਵਿਚਾਰੀ ਨੇ ਬੜੀ ਹੀ ਭਾਵੁਕ ਹੋ ਕੇ ਲਿਖਿਆ—ਮਾਂ ਮੈਨੂੰ ਪਤਾ ਕਿ ਚਿੱਠੀ ਸੁਣ ਕੇ ਮੇਰੀ ਸੱਸ ਦੇ ਤੇਵਰ ਕਿਵੇਂ ਚੜ੍ਹੇ ਹੋਣਗੇ। ਜੇ ਤੁਹਾਨੂੰ ਦੁੱਖ ਹੋਇਆ ਤਾਂ ਮਾਂ ਮੈਨੂੰ ਮੁਆਫ਼ ਕਰੀਂ। ਉਹਨੇ ਲਿਖਵਾਇਆ ਕਿ ਅਸੀਂ ਤੇ ਪੁੱਤ ਪਾਣੀ ਵੀ ਨਹੀਂ ਪੀਤਾ। ਮਾਂ ਪਾਣੀ ਲੰਘਣਾ ਵੀ ਕਿਧਰ ਦੀ ਸੀ, ਜਦੋਂ ਰਗਾਂ ਵਿਚ ਹਉਮੈ ਦਾ ਲਹੂ ਦੌੜ ਰਿਹਾ ਹੋਵੇ। ਮੈਨੂੰ ਨੌਕਰੀ ਮਿਲ ਗਈ ਹੈ। ਇਹ ਵੀ ਕਹਿੰਦੇ ਸੀ ਕਿ ਕੋਈ ਗੱਲ ਨਹੀਂ—ਤੂੰ ਫ਼ਿਕਰ ਨਾ ਕਰੀਂ। ਤੇਰੀ ਫੈਮਿਲੀ ਮੇਰੀ ਵੀ ਹੈ। ਆਪਾਂ ਉਨ੍ਹਾਂ ਨੂੰ ਵੀ ਸੈੱਟ ਕਰਾਂਗੇ। ਅੱਗੇ ਮੈਂ ਆਪਣਿਆਂ ਦੀ ਕੋਈ ਕਸਰ ਨਹੀਂ ਛੱਡੀ। ਮਾਣ ਵੀ ਤੇ ਬੁੜੀ ਨੂੰ ਇਸੇ ਦਾ ਹੀ ਸੀ ਕਿ ਮੇਰਾ ਸਰਵਣ ਪੁੱਤ ਹੈ। ਸਾਨੂੰ ਕਿਸੇ ਚੀਜ਼ ਦੀ ਥੋੜ ਨਹੀਂ ਰਹਿਣ ਦਿੱਤੀ। ਟਰੈਕਟਰ, ਟਰਾਲੀਆਂ, ਮਸ਼ੀਨਾਂ, ਘਰ ਬਾਹਰ ਸਭ ਉਸਦੀ ਕਮਾਈ ਨਾਲ ਬਣੇ ਨੇ। ਸ਼ਿੰਦਰ ਦੀ ਸੱਸ ਬੜਾ ਤਿੜ-ਤਿੜ ਕੇ ਦੱਸਦੀ।

ਹੁਣ ਸ਼ਿੰਦਰ ਨੇ ਵੀ ਦਿਨ ਰਾਤ ਕੰਮ ਕਰਨਾ ਸ਼ੁਰੂ ਕਰ ਦਿੱਤਾ। ਬੀਬਾਂ ਪਿੰਡ ਆਈ ਤਾਂ ਇਕ ਪੂਰਾ ਅਟੈਚੀ ਸ਼ਿੰਦਰ ਨੇ ਘਰਦਿਆਂ ਦਾ। ਨਾਲ ਡਾਲਰ ਤੇ ਬੀਬੀ ਲਈ ਚੂੜੀਆਂ। ਮਾਂ ਵਿਚਾਰੀ ਵੇਖ-ਵੇਖ ਕੇ ਡਰੇ ਕਿ ਕਿਤੇ ਬੁੜੀ ਨੂੰ ਪਤਾ ਨਾ ਲੱਗ ਜਾਵੇ। ਪਰ ਜਿਵੇਂ ਸ਼ਿੰਦਰ ਨੇ ਸਮਝਾਇਆ ਸੀ ਉਵੇਂ ਹੀ ਬੀਬਾਂ ਨੇ ਬੀਬੀ ਨੂੰ ਸੁਨੇਹਾ ਦਿੱਤਾ। ਚਾਚੀ ਤੂੰ ਫ਼ਿਕਰ ਨਾ ਕਰ, ਕੁੜੀ ਬਹੁਤ ਹੀ ਸਿਆਣੀ ਆ। ਕਾਰ ਚਲਾਉਣੀ ਦਿਨਾਂ ਵਿਚ ਹੀ ਸਿੱਖ ਗਈ। ਨੌਕਰੀ 'ਤੇ ਮੇਰੇ ਤੋਂ ਅੱਗੇ ਲੰਘ ਗਈ ਆ। ਸਾਡਾ ਬੌਸ ਤੇ ਖ਼ੁਸ਼ ਹੀ ਬਹੁਤ ਹੈ। ਛੇਤੀ ਹੀ ਸੁਪਰਵਾਈਜ਼ਰ ਬਣ ਜਾਣਾ ਉਹਨੇ। ਤੂੰ ਐਵੇਂ ਨਾ ਡਰ, ਪ੍ਰਾਹੁਣਾ ਵੀ ਕੰਨ 'ਚ ਪਾਇਆ ਨਹੀਂ ਰੜਕਦਾ। ਜਿਹੜਾ ਬੁੜੀ ਨੇ ਸਤਾਇਆ ਸੀ ਉਹਨੂੰ ਸਾਲ ਭਰ ਜਾ ਕੇ ਇਕ ਇਕ ਗੱਲ ਉਹਨੇ ਦੱਸੀ ਆ। ਉਹ ਤੇ ਚਿੱਠੀ ਵੀ ਨਹੀਂ ਪਾਉਂਦਾ। ਉਹੀ ਸਗੋਂ ਕਹਿੰਦੀ ਰਹਿੰਦੀ ਆ ਕਿ ਤੂੰ ਚਿੱਠੀ ਪਾ, ਕਿਤੇ ਕਹਿਣ ਨਾ ਵਹੁਟੀ ਨੇ ਚੁੱਕ ਦਿੱਤਾ। ਹੁਣ ਚਾਚੀ ਤੁਸੀਂ ਤਿਆਰੀ ਕਰੋ। ਸ਼ਿੰਦਰ ਨੇ ਛੇਤੀ ਹੀ ਲੈ ਜਾਣਾ ਤੁਹਾਨੂੰ। ਪਿਉ ਨਾ ਹੋਣ ਕਰਕੇ ਛੇਤੀ

ਹੀ ਕਾਗ਼ਜ਼ ਬਣ ਜਾਣੇ ਆ।

ਧੀਏ ਰੱਬ ਸਾਰਿਆਂ ਨੂੰ ਹੀ ਇਹੋ ਜਿਹੀਆਂ ਸਿਆਣੀਆਂ ਧੀਆਂ ਦੇਵੇ ਤੇ ਸ਼ਿੰਦਰ ਨੇ ਵੀ ਸਾਰੀ ਗੱਲ ਬੀਬਾਂ ਭੈਣ ਨਾਲ ਕੀਤੀ ਹੋਣ ਕਰਕੇ ਅੱਗੋਂ ਉਹ ਹੱਸ ਕੇ ਕਹਿੰਦੀ ਤੇ ਰੱਬ ਸਾਰਿਆਂ ਨੂੰ ਹੀ ਤੁਹਾਡੇ ਵਰਗੀਆਂ ਮਾਵਾਂ ਦੇਵੇ, ਜਿਹੜੀਆਂ ਢਿੱਡ ਖੋਲ੍ਹ ਕੇ ਰੱਖ ਦਿੰਦੀਆਂ ਅਗਲਿਆਂ ਅੱਗੇ। ਚਾਚੀ ਆਕੜ ਕੇ ਰਿਹਾ ਕਰ, ਬਾਜੀ ਤੇਰੇ ਹੱਥ ਆ।

—



# ਗਿਰਗਿਟਾਂ

ਸਵੇਰੇ ਉਠਦਿਆਂ ਹੀ ਮੇਰੀ ਬੇਟੀ ਨੇ ਦੱਸਿਆ ਕਿ ਮੰਮੀ, ਸ਼ਵੇਤਾ ਸ਼ਨੀਵਾਰ ਨੂੰ ਆ ਰਹੀ ਹੈ। ਸ਼ਵੇਤਾ ਮੇਰੇ ਤੇ ਮੇਰੇ ਪਤੀ ਦੇ ਜਾਣਕਾਰ ਇਕ ਡਾਕਟਰ ਦੀ ਬੇਟੀ ਹੈ। ਉਹ ਐਟਲਾਂਟਾ ਵਿਚ ਦਿਲ ਦਾ ਡਾਕਟਰ ਹੈ। ਇਹ ਉਸਦੀ ਬੇਟੀ ਦੰਦਾਂ ਦੀ ਡਾਕਟਰੀ ਕਰਨ ਸਤੰਬਰ ਵਿਚ ਹੀ ਨਿਊਯਾਰਕ ਯੂਨੀਵਰਸਿਟੀ ਵਿਚ ਦਾਖ਼ਲ ਹੋਈ ਸੀ। ਜਦੋਂ ਦਾਖ਼ਲਾ ਮਿਲਿਆ ਤਾਂ ਡਾਕਟਰ ਸਾਹਿਬ ਬਹੁਤ ਹੀ ਖ਼ੁਸ਼ ਸਨ ਕਿ ਚਲੋ ਬੱਚੀ ਨੇ ਘਰ ਦੇ ਬੜੇ ਮਾੜੇ ਹਾਲਾਤਾਂ ਵਿਚ ਪੜ੍ਹ ਕੇ ਇਮਤਿਹਾਨ ਪਾਸ ਕਰਕੇ ਦਾਖ਼ਲਾ ਲਿਆ ਹੈ ਤੇ ਅਸੀਂ ਵੀ ਖ਼ੁਸ਼ ਸੀ ਕਿ ਇਹ ਬੇਟੀ ਸਾਡੇ ਤੋਂ ਬਹੁਤ ਦੂਰ ਨਹੀਂ ਹੈ ਤੇ ਸਾਡੇ ਕੋਲ ਜਦੋਂ ਵੀ ਇਸ ਕੋਲ ਸਮਾਂ ਹੋਊ, ਆ ਜਾਇਆ ਕਰੂ।

ਪਹਿਲੀ ਵਾਰੀ ਡਾਕਟਰ ਸਾਹਿਬ ਆਪ ਆਪਣੀ ਬੇਟੀ ਨੂੰ ਛੱਡਣ ਆਏ ਤੇ ਚਾਹੁੰਦੇ ਨਹੀਂ ਸੀ ਕਿ ਅਸੀਂ ਉਨ੍ਹਾਂ ਦੀ ਕਿਸੇ ਤਰ੍ਹਾਂ ਵੀ ਮਦਦ ਕਰੀਏ। ਪਰ ਸਾਨੂੰ ਸਾਰਾ ਸ਼ਡਿਊਲ ਦੱਸਣ ਉੱਤੇ ਅਸੀਂ ਆਪ ਹੀ ਉਨ੍ਹਾਂ ਨੂੰ ਲੈ ਕੇ ਆਉਣ ਦਾ ਤੇ ਛੱਡਣ ਦਾ ਪ੍ਰਬੰਧ ਕਰ ਲਿਆ। ਜਿਸ ’ਤੇ ਉਹ ਹੋਰ ਵੀ ਜ਼ਿਆਦਾ ਖ਼ੁਸ਼ ਹੋਏ। ਉਥੋਂ ਏਅਰਪੋਰਟ ਤੋਂ ਸਾਮਾਨ ਤੇ ਪਿਉ ਧੀ ਨੂੰ ਲੈ ਕੇ ਹੋਸਟਲ ਵਿਚ ਚੈਕ ਇਨ ਕਰਵਾ ਕੇ ਅਸੀਂ ਉਨ੍ਹਾਂ ਨੂੰ ਆਪਣੇ ਘਰ ਲੈ ਆਏ।

ਸ਼ਵੇਤਾ ਤਾਂ ਮੇਰੀ ਬੇਟੀ ਤੇ ਮੇਰੀ ਨੂੰਹ ਨਾਲ ਇਉਂ ਰਚ-ਮਿਚ ਗਈ ਜਿਵੇਂ ਪਹਿਲਾਂ ਤੋਂ ਹੀ ਜਾਣਦੀਆਂ ਹੋਣ। ਹਾਲਾਂਕਿ ਇਨ੍ਹਾਂ ਨੇ ਇਕ ਦੂਜੇ ਨੂੰ ਪਹਿਲਾਂ ਵੇਖਿਆ ਵੀ ਨਹੀਂ ਸੀ। ਡਾਕਟਰ ਸਾਹਿਬ ਵਿਚਾਰੇ ਆਪਣੇ ਦੁਖ-ਸੁਖ ਸਾਂਝੇ ਕਰਨ ਲੱਗ ਪਏ। ਇਹ ਇਕ ਬਹੁਤ ਹੀ ਹੁਸ਼ਿਆਰ ਵਿਦਿਆਰਥੀ, ਮੈਡੀਕਲ ਕਾਲਜ ਦੀ ਸਟੂਡੈਂਟ ਯੂਨੀਅਨ ਵਿਚ ਡਾਕਟਰੀ ਕਰ ਰਹੇ ਵਿਦਿਆਰਥੀਆਂ ਦਾ ਲੀਡਰ ਸੀ। ਇੰਨਾ ਜ਼ਿਆਦਾ ਸਿਆਣਾ, ਹੁਸ਼ਿਆਰ ਤੇ ਕੰਮ ਆਉਣ ਵਾਲਾ ਕਿ ਆਪਣੀ ਜਾਨ ਤਕ ਵੀ ਦੇਣ ਤੋਂ ਪਿਛਾਂਹ ਨਾ ਹਟਣ ਵਾਲਾ। ਪਰ ਸਮੇਂ ਦਾ ਚੱਕਰ ਵੀ ਇਹਦੇ ਨਾਲ-ਨਾਲ ਸੀ।

ਜਦੋਂ ਮੈਂ ਆਪਣੀ ਗੋਰੀ ਸਹੇਲੀ ਡਾਨ ਦੀ ਆਪ ਬੀਤੀ ਨਿੱਤ ਵਾਪਰਦੀ ਜ਼ਿੰਦਗੀ ਵੱਲ ਵੇਖਦੀ ਤੇ ਕਦੇ ਅੱਜ ਜੋ ਡਾਕਟਰ ਨਾਲ ਵਾਪਰ ਰਹੀ ਬਾਰੇ ਸੋਚਦੀ ਤਾਂ ਮੈਨੂੰ ਲੱਗਦਾ ਕਿ ਇਹ ਗਿਰਗਿਟ ਕਿਉਂ ਧਰਤੀ ’ਤੇ ਬਣਿਆ ? ਜਿਸ ਨੂੰ ਇਸ ਆਦਮਜਾਤ ਨੇ ਰੰਗ ਬਦਲਦਿਆਂ ਵੇਖ ਲਿਆ ਤੇ ਇਹ ਵੀ ਰੰਗ ਬਦਲਣ ਲੱਗ ਪਿਆ। ਡਾਨ ਵੀ ਵੀਰਵਾਰ

ਤੋਂ ਹੀ ਅੰਤਾਂ ਦੀ ਖ਼ੁਸ਼ ਵਿਖਾਈ ਦਿੰਦੀ ਤੇ ਹਰੇਕ ਨੂੰ ਦੱਸਦੀ—"ਕੱਲ੍ਹ ਨੂੰ ਮੈਂ ਆਪਣੇ ਬੱਚੇ ਆਪਣੇ ਪਤੀ ਦੇ ਘਰ ਛੱਡਣ ਜਾਣਾ ਹੈ ਜੋ ਸ਼ੁੱਕਰਵਾਰ ਸ਼ਾਮ ਤੋਂ ਐਤਵਾਰ ਸ਼ਾਮ ਤਕ ਆਪਣੇ ਪਿਉ ਕੋਲ ਰਹਿੰਦੇ ਹਨ ਤੇ ਐਤਵਾਰ ਉਨ੍ਹਾਂ ਦਾ ਪਿਉ ਸੱਠ ਮੀਲ ਡਰਾਈਵ ਕਰਕੇ ਵਾਪਸ ਛੱਡ ਕੇ ਜਾਂਦਾ।"

ਇਕੱਲੇ ਡਾਨ ਦੇ ਬੱਚੇ ਹੀ ਨਹੀਂ, ਇਕ ਹੋਰ ਡਾਨ ਦੀ ਸੌਂਕਣ ਦੇ ਤਿੰਨੇ ਬੱਚੇ ਵੀ ਜੋ ਡਾਨ ਤੋਂ ਪਹਿਲਾਂ ਨਰਸ ਸੀ ਤੇ ਜਿਸ ਨੇ ਡਾਕਟਰ ਵਿਕਟਰ ਨੂੰ ਖਰਚ ਦੇ ਕੇ, ਸਮਾਂ ਦੇ ਕੇ ਪੜ੍ਹਾਇਆ ਸੀ। ਪੜ੍ਹਾਈ ਲਈ ਤਾਂ ਲੋਨ ਹੀ ਲਿਆ ਸੀ ਪਰ ਰਹਿਣ ਲਈ ਘਰ, ਠੰਡੀ ਤੱਤੀ ਹਵਾ ਦੇ ਬਿੱਲ, ਠੰਡੇ ਤੱਤੇ ਪਾਣੀ ਦੇ ਬਿੱਲ, ਘਰ ਦੀ ਮਾਰਗੇਜ਼, ਗੱਡੀਆਂ ਦੀ ਮਾਰਗੇਜ਼, ਗੈਸ ਆਦਿ ਦੇ ਖਰਚੇ ਉਹਨੇ ਰਾਤ ਦਿਨ ਮਾਰੋ-ਮਾਰ ਕਰਕੇ, ਓਵਰ ਟਾਈਮ ਲਾ ਕੇ ਪੂਰੇ ਕੀਤੇ ਤੇ ਉਹਨੂੰ ਡਾਕਟਰੀ ਕਰਵਾਈ। ਨਾਲ ਹੀ ਤਿੰਨ ਬੱਚਿਆਂ ਨੂੰ ਜਨਮ ਦੇ ਕੇ ਸਾਂਭਿਆ। ਪਰ ਉਹ ਕੁੱਤੇ ਦੀ ਪੂਛ ਵਿਕਟਰ ਦਾ ਬੱਚਾ ਉਥੇ ਇਕ ਕੰਮ ਕਰਦੀ ਡਾਕਟਰ ਨਾਲ ਅੱਖ ਮਟੱਕਾ ਲਾ ਬੈਠਾ, ਜਿਸਦਾ ਨਰਸ ਨੂੰ ਪਤਾ ਲੱਗ ਗਿਆ ਤੇ ਉਹਨੇ ਡਾਈਵੋਰਸ ਕਰ ਦਿੱਤਾ।

ਉਧਰੋਂ ਡਾਕਟਰ ਕੁੜੀ ਨੇ ਵੀ ਵਿਆਹ ਕਰਾਉਣ ਤੋਂ ਇਨਕਾਰ ਕਰ ਦਿੱਤਾ ਤੇ ਫਿਰ ਵਾਰੀ ਆਈ ਡਾਨ ਦੀ, ਜੋ ਹਸਪਤਾਲ ਵਿਚ ਰਿਸੈਪਸ਼ਨਿਸਟ ਸੀ। ਇਕ ਡਾਕਟਰ ਨੂੰ ਜਾਲ ਵਿਚ ਫਸਾ ਕੇ ਡਾਨ ਕਹਿੰਦੀ—ਮੈਂ ਤੇ ਅੰਤਾਂ ਦੀ ਖ਼ੁਸ਼ ਸੀ। ਸਾਰਾ ਹਸਪਤਾਲ ਹੀ ਮੇਰਾ। ਮੈਂ ਨਾ ਵੇਖਿਆ ਕਿ ਪਿੱਛੇ ਡਾਕਟਰ ਦਾ ਕੋਈ ਲਾਣਾ-ਬਾਣਾ, ਕੰਮ ਕਰਤੂਤ, ਮੈਨੂੰ ਤਾਂ ਬਸ ਓਹੀ ਦਿਸਿਆ ਜੋ ਸਾਹਮਣੇ ਸੀ। ਦੋ ਲੱਖ ਤਨਖਾਹ, ਗੋਰਾ ਚਿੱਟਾ, ਜਵਾਨ ਬਣਦਾ ਫੱਬਦਾ, ਬੀ.ਐੱਮ.ਡਬਲਯੂ 'ਤੇ ਆਉਂਦਾ ਸਬੂਤਾ ਡਾਕਟਰ। ਫਿਰ ਹੋਈ ਡੇਟਿੰਗ ਤੇ ਫਿਰ ਹੋਇਆ ਵਿਆਹ ਤੇ ਠਾਹ ਠਾਹ ਦੋ ਬੱਚੇ। ਉਹ ਵੀ ਟਵਿੰਨਜ਼ ਇਕ ਕੁੜੀ ਤੇ ਇਕ ਮੁੰਡਾ। ਹੌਲੀ-ਹੌਲੀ ਪਤਾ ਲੱਗਾ ਕਿ ਡਾਕਟਰ ਦੇ ਪਹਿਲਾਂ ਵੀ ਤਿੰਨ ਬੱਚਿਆਂ ਦਾ ਖ਼ਰਚ ਦੇਂਦਾ ਹੈ।

ਡਾਨ ਜਿਸ ਮੰਜ਼ਲ ਤਕ ਪਹੁੰਚਣਾ ਚਾਹੁੰਦੀ ਸੀ, ਉਹ ਦੂਰ ਸੀ ਤੇ ਲੜਾਈ ਸ਼ੁਰੂ ਹੋ ਗਈ। ਡਾਨ ਪੰਜ ਫੁੱਟ ਸੱਤ ਇੰਚ ਲੰਮੀ, ਚੰਗੀ ਤਕੜੀ, ਸੋਹਣੀ ਜੁਆਨ, ਬਣਦੀ ਫੱਬਦੀ ਧੜੱਲੇਦਾਰ ਗੋਰੀ ਤੇ ਉਹਨੇ ਵੀ ਕਰ ਦਿੱਤੇ ਡਾਈਵੋਰਸ ਦੇ ਪੇਪਰ ਫਾਈਲ। ਪੂਰੀ ਕਹਾਣੀ ਘੜ ਕੇ ਕਿ ਇਸ ਡਾਕਟਰ ਦੇ ਬੱਚੇ ਨੇ ਮੈਨੂੰ ਤੰਗ ਕੀਤਾ ਹੈ, ਮਾਰਦਾ ਹੈ, ਬੱਚਿਆਂ ਨੂੰ ਇਗਨੋਰ ਕਰਦਾ ਹੈ। ਮੈਨੂੰ ਘਰ ਨਹੀਂ ਦਿੰਦਾ। ਮੇਰੇ ਨਾਮ ਜੋ ਵੀ ਵੱਧ ਤੋਂ ਵੱਧ ਕਰ ਸਕਦੀ ਸੀ, ਕਰਕੇ ਡਾਈਵੋਰਸ ਲੈ ਲਿਆ।

ਤੇ ਫਿਰ ਡਾਕਟਰ ਨੇ ਇਹਦੇ ਮੁਤਾਬਕ ਕਰਵਾ ਲਿਆ ਤੀਜਾ ਵਿਆਹ ਕਿਸੇ ਸਾਧਾਰਨ ਕੁੜੀ ਨਾਲ। ਪਹਿਲੀ ਨਰਸ ਤੇ ਡਾਨ ਇਕੱਠੀਆਂ ਹੋ ਗਈਆਂ ਤੇ ਪੰਜ ਬੱਚਿਆਂ ਦੀ ਵੀਕਐਂਡ 'ਤੇ ਡਾਕਟਰ ਦੀ ਕਸਟਡੀ ਹੁੰਦੀ ਕਿ ਬੱਚੇ ਉਹਦੇ ਕੋਲ ਹੁੰਦੇ ਤੇ ਇਹ ਬੱਚਿਆਂ ਨੂੰ ਵੀ ਸਿਖਾਉਂਦੀਆਂ ਕਿ ਕਿਵੇਂ ਘਰ ਮੈੱਸ ਕਰਨਾ ਹੈ, ਉਨ੍ਹਾਂ ਨੂੰ ਤੰਗ ਕਰਨਾ ਹੈ ਤੇ ਰੱਜ



ਕੇ ਖੁੱਲ੍ਹਾ ਖਰਚ ਵੀ ਬੱਚਿਆਂ ਦਾ ਲੈਂਦੀਆਂ। ਡਾਨ ਤੇ ਮੇਰੇ ਨਾਲ ਕਲਰਕੀ ਕਰਦੀ ਤੇ ਕਹਾਣੀਆਂ ਸੁਣਾਉਂਦੀ ਤੇ ਜੇ ਮੈਂ ਕਦੇ ਤੀਜੀ ਨਾਲ ਹਮਦਰਦੀ ਦੀ ਗੱਲ ਕਰਦੀ ਤਾਂ ਕਹਿੰਦੀ, ਇਹ ਤਾਂ ਉਹਨੂੰ ਪਤਾ ਹੋਣਾ ਚਾਹੀਦਾ ਸੀ ਕਿ ਇਹਦੇ ਪਹਿਲਾਂ ਵੀ ਬੱਚੇ ਹਨ, ਇਹਨੇ ਪਹਿਲਾਂ ਵੀ ਦੋ ਨਾਲ ਤਲਾਕ ਲਿਆ ਹੈ।

ਇਸੇ ਤਰ੍ਹਾਂ ਹੀ ਡਾਕਟਰ ਵਿਚਾਰਾ ਪਹਿਲਾਂ ਇੰਡੀਆ ਵਿਆਹ ਕੀਤਾ ਤੇ ਉਹਦੇ ਤੋਂ ਦੋ ਪਿਆਰੇ ਬੱਚੇ ਸ਼ਵੇਤਾ ਤੇ ਵਰੁਣ ਹੋਏ। ਡਾਕਟਰ ਨੇ ਆਪਣੀ ਘਰ ਵਾਲੀ ਨੂੰ ਕੋਈ ਨੌਕਰੀ ਨਾ ਕਰਨ ਦਿੱਤੀ ਤੇ ਇਹੀ ਕਿਹਾ ਕਿ ਵਿਜੇ ਤੂੰ ਬੱਚਿਆਂ ਨੂੰ ਪੜ੍ਹਾ ਲਿਖਾ। ਇਨ੍ਹਾਂ ਦੀ ਸੰਭਾਲ ਕਰ ਤੇ ਇਹ ਰੁਲਣ ਨਾ ਕਿਉਂਕਿ ਉਹਨੇ ਆਪ ਬਹੁਤ ਹੀ ਪਿਉ ਨਾ ਹੋਣ ਕਰਕੇ ਮਾੜੇ ਹਾਲਤ ਵੇਖੇ ਸੀ। ਮਾਂ ਵਿਚਾਰੀ ਮਾੜੀ ਸਰਕਾਰੀ ਨੌਕਰੀ ਕਰਦੀ ਸੀ ਤੇ ਇਨ੍ਹਾਂ ਨੂੰ ਪੜ੍ਹਾਉਂਦੀ, ਲਿਖਾਉਂਦੀ, ਖਵਾਉਂਦੀ-ਪਿਆਉਂਦੀ ਸੀ। ਪਰ ਉਸ ਵਿਜੇ ਦੀ ਬੱਚੀ ਨੇ ਇਸ ਵਿਚਾਰੇ ਦਾ ਨਜਾਇਜ਼ ਫ਼ਾਇਦਾ ਲਿਆ ਤੇ ਇਸ ਨੂੰ ਬਹੁਤ ਹੀ ਮੁਸ਼ਕਲਾਂ ਵਿਚ ਫਸਾ ਛੱਡਿਆ ਤੇ ਮੁਸ਼ਕਲਾਂ ਦੀ ਅਖ਼ੀਰ ਕਰ ਦਿੱਤੀ। ਕਮਲੀ ਨੇ ਗੋਲੀਆਂ ਖਾ ਕੇ ਆਤਮ-ਹੱਤਿਆ ਕਰ ਲਈ। ਇਹ ਵਿਚਾਰਾ ਅਣਜਾਣ ਪਰ ਲੋਕਾਂ ਨੇ ਰੱਜ ਕੇ ਮਦਦ ਕੀਤੀ। ਕਿਉਂਕਿ ਇਹ ਲੋਕਾਂ ਲਈ ਮਸੀਹਾ ਸੀ, ਉਨ੍ਹਾਂ ਦੀ ਮਦਦ ਕਰਦਾ ਸੀ।

ਉਨ੍ਹਾਂ ਬੱਚਿਆਂ ਨੂੰ ਆਪਣੇ ਤੌਰ 'ਤੇ ਹੀ ਸਮਝਾ ਕੇ ਆਪਣੇ ਪਿਉ ਦੇ ਉਲਟ ਨਾ ਜਾਣ ਦਿੱਤਾ ਤੇ ਵਿਚਾਰਿਆਂ ਨਿੱਕਿਆਂ-ਨਿੱਕਿਆਂ ਨੂੰ ਇਹੀ ਸਮਝਾਇਆ ਕਿ ਅਸੀਂ ਸਕੂਲ ਗਏ ਸੀ, ਅਸੀਂ ਪਾਪਾ ਨਾਲ ਰਹਿਣਾ ਹੈ, ਇਸ ਤੋਂ ਵੱਧ ਅਸੀਂ ਕੁਝ ਨਹੀਂ ਜਾਣਦੇ ਤੇ ਵਿਚਾਰੇ ਡਾਕਟਰ ਨੂੰ ਆਪਣੇ ਆਪ ਨੂੰ ਉਸ ਦਲਦਲ ਵਿਚੋਂ ਨਿਕਲਣ ਦਾ ਇਕੋ ਹੀ ਰਸਤਾ ਲੱਭਾ ਕਿ ਬਾਹਰ ਦੇ ਪੇਪਰ ਪਾਸ ਕਰਕੇ ਬਾਹਰ ਆ ਗਿਆ।

ਇਸ ਦੌਰਾਨ ਉਹਨੇ ਅੰਤਾਂ ਦੇ ਭੈੜੇ ਦਿਨ ਦੇਖੇ। ਬੇਕਸੂਰ ਹੁੰਦਿਆਂ ਵੀ ਬੱਚਿਆਂ ਦੀ ਪਰਵਰਿਸ਼ ਵਿਚ ਕੋਈ ਕਸਰ ਨਾ ਛੱਡੀ। ਅਖ਼ੀਰ ਜਦੋਂ ਬੱਚੀ ਯੂਨੀਵਰਸਿਟੀ ਤੇ ਬੇਟੇ ਨੇ ਵੀ ਬਾਰ੍ਹਵੀਂ ਕਰ ਲਈ ਤਾਂ ਬੱਚਿਆਂ ਦੀ ਰਜ਼ਾਮੰਦੀ ਨਾਲ ਉਹਨੇ ਇਕ ਭਾਰਤੀ ਕੁੜੀ ਜਿਸ ਨੇ ਇਕ ਡਾਕਟਰ ਤੋਂ ਹੀ ਇਕ ਬੱਚਾ ਹੁੰਦਿਆਂ ਤਲਾਕ ਲਿਆ ਸੀ, ਉਸ ਨਾਲ ਵਿਆਹ ਕਰਵਾ ਲਿਆ। ਸ਼ਵੇਤਾ ਉਹਨੂੰ ਹੈਲਨ ਆਂਟੀ ਕਹਿੰਦੀ। ਹੈਲਨ ਨਾਲ ਡਾਕਟਰ ਦਾ ਇਹੀ ਸਮਝੌਤਾ ਸੀ ਕਿ ਤੂੰ ਮੇਰੇ ਬੱਚਿਆਂ ਨੂੰ ਪਿਆਰ ਕਰੀਂ ਤੇ ਮੈਂ ਤੇਰੇ ਬੱਚੇ ਨੂੰ ਪਿਆਰ ਕਰਾਂਗਾ। ਇੰਨਾ ਤਾਂ ਡਾਕਟਰ ਨੇ ਸਾਨੂੰ ਕੁੜੀ ਛੱਡਣ ਆਏ ਨੇ ਦੱਸ ਹੀ ਦਿੱਤਾ ਸੀ ਕਿ ਕੁਝ ਦੇਰ ਤਾਂ ਹੈਲਨ ਠੀਕ ਰਹੀ ਪਰ ਹੌਲੀ-ਹੌਲੀ ਬੱਚਿਆਂ ਨਾਲ ਰੰਜਸ਼ ਰੱਖਣ ਲੱਗ ਪਈ। ਫਿਰ ਜੇ ਬੱਚੇ ਮੈਨੂੰ ਦੱਸਦੇ ਤਾਂ ਕਲੇਸ਼ ਹੋਰ ਵੀ ਵਧਦਾ-ਵਧਦਾ ਇਥੋਂ ਤਕ ਹੋ ਗਿਆ ਕਿ ਮੈਂ ਕਿ ਮੈਂ ਚਾਹੁੰਦਾ ਸੀ ਕਿ ਇਹ ਘਰ ਤੋਂ ਦੂਰ ਚਲੇ ਜਾਣ। ਸੋ ਮੈਂ ਬਹੁਤ ਖ਼ੁਸ਼ ਹਾਂ ਕਿ ਇਸ ਨੂੰ ਡੈਨਟਿਸਟਰੀ ਵਿਚ ਇਥੇ ਦਾਖ਼ਲਾ ਮਿਲ ਗਿਆ ਹੈ ਤੇ ਮੁੰਡੇ ਨੂੰ ਵੀ ਮੈਂ ਹੋਸਟਲ ਵਿਚ ਹੀ ਭੇਜ ਦੇਣਾ ਹੈ, ਫਿਰ ਵੇਖਾਂਗਾ। ਅਸੀਂ ਵੀ ਕਿਸੇ ਦੇ ਅੱਲੇ ਜ਼ਖ਼ਮਾਂ ਨੂੰ ਉਚੇੜਨਾ ਬਹੁਤਾ ਚੰਗਾ ਨਾ ਸਮਝਿਆ ਤੇ ਜੋ ਕਹਿੰਦੀ ਸੁਣੀ ਜਾਂਦੇ।

ਪਰ ਸ਼ਵੇਤਾ ਨੇ ਆ ਕੇ ਤਾਂ ਹੈਲਨ ਆਂਟੀ ਦੀਆਂ ਗੱਲਾਂ ਸੁਣਾ ਕੇ ਗਿਰਗਿਟ ਵਾਂਗ ਰੰਗ ਬਦਲਣ ਵਾਲੀ ਔਰਤ ਹੀ ਸਾਬਤ ਕਰ ਦਿੱਤਾ। ਆਂਟੀ ਮੈਂ ਜਦੋਂ ਵੀ ਟੀ.ਵੀ. ਵੇਖਦੀ ਤਾਂ ਆਂਟੀ ਆ ਕੇ ਜ਼ੋਰ-ਜ਼ੋਰ ਦੀ ਫ਼ੋਨ ਕਰਨ ਲੱਗ ਜਾਂਦੀ। ਮੈਂ ਕਹਿੰਦੀ—"ਆਂਟੀ ਪਲੀਜ਼ ਤੁਸੀਂ ਓਧਰ ਜਾ ਕੇ ਫ਼ੋਨ ਕਰ ਲਵੋ" ਤਾਂ ਲੱਤ ਮਾਰ ਕੇ ਕਹਿੰਦੀ—"ਇਹ ਮੇਰਾ ਘਰ ਹੈ, ਤੂੰ ਕੌਣ ਹੁੰਦੀ ਹੈਂ ਮੈਨੂੰ ਡੱਕਣ ਵਾਲੀ ?" ਤੇ ਆਂਟੀ ਪਹਿਲਾਂ ਤਾਂ ਸਾਨੂੰ ਤੰਗ ਕਰਦੀ ਸੀ ਪਰ ਪਾਪਾ ਨੂੰ ਅਸੀਂ ਕਈ ਵਾਰੀ ਦੱਸਦੇ ਵੀ ਨਾ ਕਿ ਇਹ ਕੀ ਕਰਦੀ ਹੈ। ਹੁਣ ਅਸੀਂ ਦੂਰ ਆ ਗਏ ਹਾਂ ਤੇ ਉਹ ਅਜੇ ਵੀ ਪਾਪਾ ਨੂੰ ਬਹੁਤ ਹੀ ਤੰਗ ਕਰਦੀ ਹੈ। ਘਰ ਬੈਠੀ ਹੀ ਤਨਖਾਹ ਲੈਂਦੀ ਹੈ ਤੇ ਆਪਣੇ ਖਾਤੇ ਵਿਚ ਜਮ੍ਹਾ ਕਰਵਾਉਂਦੀ ਹੈ। ਪਾਪਾ ਨੂੰ ਰੋਟੀ ਬਣਾ ਕੇ ਨਹੀਂ ਦਿੰਦੀ, ਘਰ ਸਾਫ਼ ਨਹੀਂ ਕਰਦੀ। ਪਾਪਾ ਵਿਚਾਰੇ ਪਹਿਲਾਂ ਏਨੀ ਸਖ਼ਤ ਨੌਕਰੀ ਕਰਦੇ ਹਨ ਤੇ ਇਹ ਘਰ ਦਾ ਕੰਮ ਕਰਦੇ ਹਨ ਤੇ ਡਰਦੇ ਵੀ ਹਨ ਕਿ ਇਹ ਛਿੱਟ ਕਿਤੇ ਫਿਰ ਕੁਝ ਪਹਿਲੀ ਵਾਂਗੂੰ ਕਰਕੇ ਮੈਨੂੰ ਇਥੋਂ ਵੀ ਕਿਤੇ ਹੋਰ ਦੂਰ ਜਾਣ ਤੇ ਮਜ਼ਬੂਰ ਕਰ ਦੇਵੇ। ਸ਼ਵੇਤਾ ਜਦੋਂ ਵੀ ਸਾਡੇ ਨਾਲ ਆਪਣੇ ਪਾਪਾਂ ਦੇ ਦੁੱਖਾਂ ਦੀਆਂ ਗੱਲਾਂ ਕਰਦੀ ਤਾਂ ਮੈਂ ਨਰਸ ਡਾਨ ਤੇ ਹੈਲਨ ਬਾਰੇ ਸੋਚਦੀ ਕਿ ਇਹ ਔਰਤਾਂ ਡੈਣਾਂ ਵੀ ਬਣ ਜਾਂਦੀਆਂ ਨੇ ਜੇ ਰੰਗ ਬਦਲ ਲੈਣ ਤਾਂ। ਇਹਨੇ ਇਨ੍ਹਾਂ ਨੂੰ ਵੇਖਿਆ ਹੈ ਕਿ ਕਿਵੇਂ ਇਹ ਜੋਕਾਂ ਬਣ ਕੇ ਬੰਦੇ ਦਾ ਖ਼ੂਨ ਪੀਂਦੀਆਂ ਨੇ ? ਉਹ ਵਿਚਾਰਾ ਡਾਕਟਰ ਆਪਣੇ ਭੋਲੇਪਨ 'ਚ ਹੀ ਬਣਦਾ ਗਿਆ ਇਨ੍ਹਾਂ ਗਿਰਗਿਟਾਂ ਦਾ ਸ਼ਿਕਾਰ।

—



# ਵਿਚਾਰੀ ਜੀਤਾਂ

ਜਦੋਂ ਤੋਂ ਜੀਤਾਂ ਨੇ ਮੁੰਡੇ ਦਾ ਵਿਆਹ ਰੱਖਿਆ, ਉਸੇ ਦਿਨ ਤੋਂ ਹੀ ਉਸ ਦੀ ਰਾਤਾਂ ਦੀ ਨੀਂਦ ਹਰਾਮ ਹੋ ਗਈ। ਕੀ ਕਰੇ, ਕਿਵੇਂ ਕਰੇ ਤੇ ਕਿੰਨਿਆਂ ਨੂੰ ਕੀ-ਕੀ ਜਵਾਬ ਦੇਵੇ ? ਦਿਨੇਂ ਜਦੋਂ ਸ਼ਾਪਿੰਗ ਕਰਨ ਜਾਣਾ ਤੇ ਉਖੜੀ-ਉਖੜੀ ਰਹਿਣਾ। ਕੁੜੀਆਂ ਬਥੇਰਾ ਮੰਮੀ ਨੂੰ ਹੌਸਲਾ ਦਿੰਦੀਆਂ। ਜ਼ਰਾ ਕੁ ਵੀ ਉਦਾਸੀ ਪੜ੍ਹ ਕੇ ਮਾਮ-ਮਾਮ ਕਰਨ ਲੱਗ ਪੈਂਦੀਆਂ ਤੇ ਅੱਗੋਂ ਜੀਤਾਂ ਬੁੱਲ੍ਹਾਂ ਨੂੰ ਇਕੱਠਿਆਂ ਕਰਕੇ ਪੁੱਚ ਕਰਕੇ ਸ਼ੋਅ ਕਰਦੀ ਕਿ ਕੁਝ ਨਹੀਂ। ਕੌਣ ਸਮਝੇ ਉਸਦੇ ਦਿਲ ਵਿਚ ਆਏ ਉਛਾਲਾਂ ਨੂੰ, ਕੌਣ ਸਮਝੇ ਉਸਦੇ ਦਿਮਾਗ਼ ਵਿਚ ਫਟ ਰਹੇ ਜਵਾਲਾਮੁਖੀ ਲਾਵੇ ਨੂੰ ਤੇ ਠੰਡੇ ਸੀਤ ਹੋਏ ਦਿਲ ਨੂੰ। ਜਦੋਂ ਸਮਝਣ ਵਾਲੇ ਨੇ ਨਾ ਸਮਝਿਆ ਹੋਵੇ। ਲੋਕਾਂ ਨੇ ਤਾਂ ਸਾਰਾ ਕੁਝ ਪਹਿਲਾਂ ਮੁੰਡਾ ਹੋਣ 'ਤੇ ਇਨ੍ਹਾਂ ਦੇ ਮੂੰਹੋਂ ਹੀ ਸੁਣਿਆ ਸੀ ਕਿ ਅਸੀਂ ਜੇ ਤਿੰਨ ਕੁੜੀਆਂ ਤੋਂ ਬਾਅਦ ਮੁੰਡਾ ਹੋਵੇ ਤਾਂ ਆਹ ਕਰਾਂਗੇ, ਓਹ ਕਰਾਂਗੇ। ਕੀਤਾ ਵੀ ਬਥੇਰਾ। ਕਹਿੰਦੇ ਜਦੋਂ ਲਾਲ ਜੀ ਜੰਮਿਆ ਤੇ ਸਾਰੇ ਪਿੰਡ ਵਿਚ ਕਿੱਲੋ ਕਿੱਲੋ ਬੂੰਦੀ ਵੰਡੀ ਸੀ ਠਾਕਰ ਸਿੰਘ ਨੇ। ਤਿੰਨਾਂ ਪੁਸ਼ਤਾਂ ਤੋਂ ਤੇ ਬਾਹਰ ਰਹਿ ਰਹੇ ਸੀ, ਬਥੇਰੀ ਸਖ਼ਤ ਕਮਾਈ ਕੀਤੀ ਪਹਿਲਾਂ ਦਾਦੇ ਨੇ ਤੇ ਫਿਰ ਮਾਂ-ਪਿਉ ਨੇ।

ਠਾਕਰ ਸਿੰਘ ਦੀ ਘਰ ਵਾਲੀ ਜੀਤਾਂ ਨੇ ਵੀ ਕੋਈ ਕਸਰ ਨਾ ਛੱਡੀ। ਲਾਲ ਜੀ ਦੱਸਦਾ ਸੀ ਕਿ ਮਾਮ ਟਰੈਕਟਰ ਚਲਾਉਂਦੇ ਨੇ, ਫਰੂਟ ਤੁੜਵਾਉਂਦੇ ਹੀ ਨਹੀਂ, ਆਪ ਸਭ ਤੋਂ ਜ਼ਿਆਦਾ ਤੋੜਦੇ ਨੇ। ਛਾਂਟ ਕੇ, ਪੈਕ ਕਰ ਕੇ ਟਰੱਕਾਂ 'ਤੇ ਰਖਵਾਉਂਦੇ ਹੀ ਨਹੀਂ, ਸਗੋਂ ਹੋਰਨਾਂ ਸਾਰਿਆਂ ਨੂੰ ਮਾਤ ਪਾ ਦੇਂਦੇ ਨੇ। ਕਈ ਵਾਰੀ ਗੋਡੀ, ਪਾਣੀ, ਸਪਰੇਅ ਸਭ ਕੁਝ ਲੇਬਰ ਨਾ ਹੋਣ 'ਤੇ ਆਪ ਹੀ ਕਰ ਲੈਂਦੇ ਨੇ। ਜੀਤਾਂ ਤਾਂ ਖ਼ੁਸ਼ ਹੀ ਬਹੁਤ ਸੀ ਕਿ ਏਡੇ ਵੱਡੇ ਫਾਰਮ ਫਲਾਂ ਦੇ, ਟਰੈਕਟਰ, ਟਰੇਲੇ ਸਾਰਾ ਕੁਝ ਬਣਿਆ ਬਣਾਇਆ ਤੇ ਮਿਲਿਆ ਸੀ। ਉਹ ਇਹੀ ਕਹਿੰਦੀ ਕਿ ਜੋ ਸਾਡੇ ਵਡੇਰਿਆਂ ਨੇ ਬਣਾਇਆ ਹੈ, ਅਸੀਂ ਇੰਨਾ ਨਹੀਂ ਬਣਾ ਸਕਦੇ। ਬਾਹਰ ਵੀ ਤੇ ਪਿੱਛੇ ਪਿੰਡ ਵੀ ਦੁਆਬੇ ਦੀ ਪੰਜਾਹ ਕਿੱਲੇ ਭੋਇੰ ਮਾਇਨਾ ਰੱਖਦੀ, ਕਿਸੇ ਜੱਟ ਕੋਲ ਹੋਵੇ।

ਸਾਰੇ ਵਿਚਾਰੀ ਨੂੰ ਕਿਸਮਤ ਦੀ ਮਾੜੀ ਸਮਝਣ ਜਦੋਂ ਇਕ ਤੋਂ ਬਾਅਦ ਇਕ ਕਰਕੇ ਤਿੰਨ ਕੁੜੀਆਂ ਹੋ ਗਈਆਂ। ਜਦੋਂ ਪਿੰਡ ਠਾਕਰ ਸਿੰਘ ਨੇ ਤਾਰ ਭੇਜਣੀ ਕਿ ਬੇਬੀ ਗਰਲ ਹੋਈ ਹੈ ਤਾਂ ਜੀਤਾਂ ਦੀ ਮਾਂ ਨੇ ਹੌਂ ਪਾ ਦੇਣੀ ਕਿ ਕੀ ਬਣਿਆ, ਤੀਜਾ ਪੱਥਰ ਸਿਰ ਵੱਜ ਗਿਆ ਹੈ। ਠਾਕਰ ਸਿੰਘ ਨੇ ਹੋਰ ਵੀ ਆ ਕੇ ਜ਼ਿਆਦਾ ਹੀ ਵਧਾ ਚੜ੍ਹਾ ਕੇ ਕਹਿਣਾ,

ਬੀਬੀ ਨੂੰ ਕਿ ਜੀਤਾਂ ਤੇ ਪਰਵਾਹ ਨਹੀਂ ਕਰਦੀ ਪਰ ਕੁੜੀਆਂ ਦੀ ਜ਼ਿੰਮੇਵਾਰੀ ਕਿੰਨੀ ਔਖੀ ਹੁੰਦੀ ਆ। ਇਕੱਲੀਆਂ ਬਾਹਰ ਨਹੀਂ ਘੱਲ ਸਕਦੇ, ਵਿਆਹੁਣੀਆਂ ਕਿਵੇਂ ਆ ? ਪੈਸੇ ਵੱਲੋਂ ਤਾਂ ਕੋਈ ਔਖ ਨਹੀਂ ਪਰ ਮੁੰਡੇ ਚੰਗੇ ਕਿਵੇਂ ਲੱਭਣੇ ਆ ?

ਸੋ ਲਾਲ ਜੀ ਚੌਥੇ ਥਾਂ ਸੀ ਤੇ ਠਾਕਰ ਸਿੰਘ ਨੇ ਬਾਹਰੋਂ ਨਾਨਕੇ ਨਾਨੀ ਨੂੰ ਤੇ ਦਾਦਕੇ ਆਪਣੀ ਸ਼ਰੀਕੇ ਵਿਚੋਂ ਚਾਚੀ ਨੂੰ ਖੁੱਲ੍ਹੇ ਪੈਸੇ ਭੇਜ ਕੇ ਖੁੱਲ੍ਹੀ ਭਾਜੀ ਵੰਡਵਾਈ ਤੇ ਲਾਗੀਆਂ ਨੂੰ ਵੀ ਰੱਜ ਕੇ ਲਾਗ ਭੇਜੇ। ਫਿਰ ਲੋਹੜੀ ’ਤੇ ਆਪ ਸਾਰਾ ਟੱਬਰ ਪਿੰਡ ਆਇਆ। ਇਕ ਦਿਨ ਨਾਨਕੇ ਤੇ ਇਕ ਦਿਨ ਦਾਦਕੇ ਲੋਹੜੀ ਬਾਲ ਕੇ ਸਾਰਾ ਸਾਰਾ ਪਿੰਡ ਇਕੱਠਾ ਕੀਤਾ। ਕਿਧਰੇ ਮੀਟ, ਸ਼ਰਾਬ, ਫਲ ਫਰੂਟ, ਮਠਿਆਈਆਂ ਦਾ ਅੰਤ ਕਰ ਦਿੱਤਾ।

ਆਪਣੇ ਮੂੰਹੋਂ ਤਿੜ-ਤਿੜ ਕੇ ਕਹੇ ਲਾਲ ਜੀ ਦੇ ਵਿਆਹ ਤੇ ਮੈਂ ਸੱਤ ਸ਼ਮਿਆਨੇ ਲੁਆਉਣੇ ਨੇ। ਪਿੰਡ ਤੋਂ ਲੈ ਕੇ ਸੜਕ ਤਕ ਯਾਨਿ ਜੀ.ਟੀ. ਰੋਡ ਤਕ ਜੋ ਦੋ ਢਾਈ ਮੀਲਾਂ ’ਤੇ ਹੈ, ਉਥੋਂ ਤਕ ਪਾਣੀ ਛਿੜਕਵਾ ਕੇ ਪਾਸਿਆਂ ’ਤੇ ਕਲੀ ਪਵਾ ਕੇ ਝੰਡੀਆਂ ਲਾਉਣੀਆਂ ਨੇ।

ਸਾਰੇ ਰਿਸ਼ਤੇਦਾਰ, ਪਿੰਡ ਦੇ ਲੋਕ, ਲਾਗੀ ਵਾਧੂ ਖ਼ੁਸ਼ ਤੇ ਵਾਧੂ ਰਜਾਏ ਜੱਟ ਨੇ। ਪੰਦਰਾਂ ਵੀਹ ਦਿਨ ਰਹਿ ਕੇ ਵਾਪਸ ਚਲੇ ਗਏ। ਜਾਣ ਲੱਗੇ ਵੀ ਤੋਰਨ ਆਇਆਂ ਨੂੰ ਸ਼ਗਨ ਦੇ ਕੇ ਤੁਰੇ। ਜਦੋਂ ਤੁਰੇ ਤਾਂ ਸਾਰੇ ਹੀ ਉਦਾਸ ਵੀ ਸਨ ਕਿ ਪਿੰਡ ਵੀ ਜਾਇਦਾਦ, ਪੱਕੇ ਸਾਰੇ ਪਿੰਡ ਤੋਂ ਸੋਹਣੇ ਮਹਿਲਾਂ ਵਰਗੇ ਘਰ, ਬਾਗ, ਬੰਬੀਆਂ ਪਰ ਦੋ ਬੇੜੀਆਂ ਵਿਚ ਪੈਰ ਜੁ ਰੱਖ ਬੈਠੇ। ਇਥੇ ਰਹਿ ਨਹੀਂ ਸਕਦੇ। ਪਿੱਛੇ ਤੇ ਆਪਣਾ ਵੀ ਕੋਈ ਨਹੀਂ ਜੋ ਦੇਖਭਾਲ ਕਰ ਸਕੇ, ਕਿਸੇ ਨੂੰ ਜ਼ਿੰਮੇਵਾਰੀ ਵੀ ਨਹੀਂ ਦੇ ਸਕਦੇ, ਇਥੇ ਤੇ ਫਿਰ ਵੀ ਪੈਸੇ ਦਿਉ ਤੇ ਘਰ ਦੀ ਦੇਖਭਾਲ, ਪੈਲੀ ਬੰਨਾ ਠੇਕੇ ਤੇ ਸਾਰਾ ਕੁਝ ਸਾਂਭਿਆ ਹੀ ਜਾਂਦਾ ਏ।

ਕੁੜੀਆਂ ਨੇ ਇੰਨੇ ਦਿਨਾਂ ਵਿਚ ਹੀ ਸਹੇਲੀਆਂ ਬਣਾ ਲਈਆਂ। ਓਹ ਅੱਡ ਉਦਾਸ, ਲਾਲ ਜੀ ਤੇ ਅਜੇ ਛੋਟਾ ਹੀ ਸੀ। ਠਾਕਰ ਸਿਓਂ ਵੀ ਐਤਕੀਂ ਵਾਹਵਾ ਹੀ ਉਖੜ ਗਿਆ ਕਿਉਂਕਿ ਉਹਦੀ ਵੀ ਇੰਨੇ ਦਿਨਾਂ ਵਿਚ ਖ਼ਾਤਰਦਾਰੀ ਕਰਦੀ ਸ਼ਿੰਦੋ ਮਸ਼ੂਕਾ ਬਣ ਗਈ ਸੀ। ਉਹਨੇ ਤੇ ਠਾਕਰ ਸਿੰਘ ਨਾਲ ਚਿੱਠੀ ਪੱਤਰ ਕਰਨ ਲਈ ਐਡਰਸ ਵੀ ਲੈ ਲਿਆ ਸੀ। ਠਾਕਰ ਸਿੰਘ ਦੇ ਪਿਉ ਨੇ ਇਕ ਭਲਾਈ ਦਾ ਕੰਮ ਕੀਤਾ ਕਿ ਪਿੰਡ ਵਿਚ ਪੰਜਵੀਂ ਤਕ ਸਾਰੇ ਬੱਚੇ ਜ਼ਰੂਰ ਪੜ੍ਹਨ। ਜਿਹੜੇ ਖਰਚਾ ਨਹੀਂ ਸੀ ਦੇ ਸਕਦੇ, ਉਨ੍ਹਾਂ ਨੂੰ ਉਹ ਬਾਹਰੋਂ ਭੇਜਦਾ ਸੋ ਛੀਂਬੇ, ਮਹਿਰੇ, ਮਰਾਸੀ, ਮਜ਼ਹਬੀ ਸਾਰੇ ਹੀ ਪੰਜ-ਪੰਜ ਪੜ੍ਹ ਜਾਂਦੇ। ਕੁੜੀਆਂ ਕੀ ਮੁੰਡੇ ਕੀ। ਸਾਰੇ ਹੀ ਚਿੱਠੀ ਪੱਤਰ ਜੋਗੇ ਹੋ ਹੀ ਜਾਂਦੇ।

ਤੇ ਜੀਤਾਂ ਜੋ ਬੜੀ ਭਰੀ ਭਰੀ, ਖ਼ੁਸ਼-ਖ਼ੁਸ਼ ਆਈ ਸੀ। ਉਦਾਸ ਤਾਂ ਸੀ ਕਿ ਮਾਂ ਬਾਪ, ਭੈਣ ਭਰਾਵਾਂ, ਰਿਸ਼ਤੇਦਾਰਾਂ, ਪਿੰਡ ਦੇ ਲੋਕਾਂ ਤੋਂ ਵਿਛੜ ਰਹੀ ਸੀ ਪਰ ਵਿਚਾਰੀ ਨੂੰ ਨਹੀਂ ਸੀ ਪਤਾ ਕਿ ਉਹ ਤਾਂ ਸਭ ਕੁਝ ਲੁਟਾ ਕੇ ਖ਼ਾਲੀ ਹੋ ਕੇ ਚਲੀ ਆ ਵਾਪਸ।

ਬਾਹਰ ਆਉਂਦਿਆਂ ਹੀ ਠਾਕਰ ਸਿੰਘ ਸਕੀਮਾਂ ਬਣਾਵੇ ਕਿ ਆਪਾਂ ਵਾਪਸ ਚਲੀਏ। ਇਥੇ ਬੱਚੇ ਇਥੋਂ ਦਾ ਕਲਚਰ ਸਿੱਖਣਗੇ, ਆਪਾਂ ਬੱਚੇ ਉਥੇ ਪੜ੍ਹਾਈਏ। ਆਪਾਂ ਉਥੇ ਗਾਵਾਂ



ਰੱਖਾਂਗੇ, ਦੁੱਧ ਵੇਚਾਂਗੇ, ਬਾਗ਼ ਲਾਵਾਂਗੇ, ਫਰੂਟ ਵੇਚਾਂਗੇ। ਚਾਲੀ ਤੋਂ ਅੱਸੀ ਕਿੱਲੇ ਬਣਾਵਾਂਗੇ, ਇਥੇ ਫਾਰਮ ਆਪਾਂ ਲੀਜ਼ ’ਤੇ ਦੇ ਦੇਂਦੇ ਹਾਂ। ਪਹਿਲਾਂ ਤਾਂ ਜੀਤਾਂ ਮੰਨੇ ਨਾ ਕਿਉਂਕਿ ਉਹਨੂੰ ਤੇ ਉਥੋਂ ਦਾ ਵੀ ਪਤਾ ਸੀ ਕਿ ਗੰਦ, ਮੱਖੀਆਂ, ਮੱਛਰ, ਨਿਆਣੇ ਕਿਵੇਂ ਰਹਿਣਗੇ। ਸ਼ਹਿਰ ਪਿੰਡ ਤੋਂ ਦੂਰ ਹੈ, ਕਿਵੇਂ ਪੜ੍ਹਨਗੇ ? ਜਦੋਂ ਠਾਕਰ ਸਿੰਘ ਦਾ ਤੇ ਦਸਵਾਂ ਦਵਾਰ ਸ਼ਿੰਦੋ ਨੇ ਖੋਲ੍ਹ ਦਿੱਤਾ ਹੋਵੇ। ਉਹ ਸਕੀਮ ਤੇ ਸਕੀਮ ਠੋਕੀ ਜਾਵੇ। ਇਥੇ ਤੇ ਬਾਹਰ ਧੱਕਾ ਸਟਾਰਟ ਜਿਹਾ ਤੁਰਦਾ ਮਸੀਂ ਸੀ, ਉਥੇ ਕਿਵੇਂ ਕਰੂ। ਜੀਤਾਂ ਦੇ ਦਿਮਾਗ਼ ਵਿਚ ਇਕ ਆਵੇ ਤੇ ਇਕ ਜਾਵੇ। ਅਖ਼ੀਰ ਅਪਰੈਲ ਮਈ ਵਿਚ ਕੁੜੀਆਂ ਦੇ ਸਕੂਲ ਖ਼ਤਮ ਹੋਣੇ ਨੇ ਤੇ ਮਈ-ਜੂਨ ਵਿਚ ਵਾਪਸ ਜਾਣ ਦਾ ਮਨ ਬਣਾ ਲਿਆ। ਫਰਵਰੀ ਵਿਚ ਹੀ ਫਾਰਮ ਲੀਜ਼ ’ਤੇ ਚੜ ਗਏ। ਕਈ ਪੰਜਾਬੀ ਵਿਚਾਰੇ ਚਾਹੁੰਦੇ ਹੀ ਹੁੰਦੇ ਆ ਕਿ ਕੋਈ ਫਾਰਮ ਹੀ ਮਿਲ ਜਾਵੇ। ਸੋ ਕੋਈ ਦਿੱਕਤ ਨਾ ਆਈ।

ਫਰਵਰੀ ਦੇ ਅਖ਼ੀਰ ਵਿਚ ਈ ਪੈਸੇ ਲੈ ਕੇ ਕੁਝ ਸਾਮਾਨ ਸ਼ਿਪ ਕਰਕੇ ਠਾਕਰ ਸਿੰਘ ਜਾ ਕੇ ਸੈੱਟ ਕਰਨ ਲਈ ਚਲੇ ਗਿਆ। ਜੀਤਾਂ ਨੇ ਅਪ੍ਰੈਲ ਜਾਂ ਮਈ ਵਿਚ ਜਾਣਾ ਸੀ। ਠਾਕਰ ਸਿੰਘ ਨੇ ਪਿੱਛੇ ਆ ਕੇ ਇੱਟਾਂ ਸੁਟਵਾ ਲਈਆਂ। ਪਿੰਡ ਵਾਲੇ ਹੈਰਾਨ—ਇਹ ਇਕੱਲਾ ਕਿਵੇਂ ਆ ਗਿਆ ਹੈ। ਪਰ ਉਹਨੇ ਤੇ ਆਉਂਦਿਆਂ ਹੀ ਮਰਨ ਮਿੱਟੀ ਚੁੱਕ ਲਈ। ਥੱਲੇ ਪੂਰਾ ਖੁੱਲ੍ਹਾ ਵੀਹ ਗਾਡਰਾਂ ’ਤੇ ਸ਼ੈੱਡ ਪਵਾ ਦਿੱਤਾ ਤੇ ਉਪਰ ਮੁਰਗੀ-ਖਾਨਾ, ਸ਼ੈੱਡ ਵਿਚ ਵਲਾਇਤੀ ਗਾਵਾਂ ਤੇ ਜੀਤਾਂ ਨੂੰ ਖ਼ੁਸ਼ ਕਰਨ ਲਈ ਘਰ ਵਿਚ ਨਵੇਂ ਪਰਦੇ, ਨਵੀਂ ਕਿਸਮ ਦੇ ਚੁੱਲ੍ਹੇ ਚੌਂਕੇ ਬਣਵਾ ਦਿੱਤੇ। ਸ਼ਿੰਦੋ ਦੀ ਮਾਂ ਘਰ ਕੰਮ ਕਰਨ ਆਉਂਦੀ ਤੇ ਰੱਖਣੀ ਤਾਂ ਸ਼ਿੰਦੋ ਸੀ ਪਰ ਉਹ ਹੌਲੀ-ਹੌਲੀ ਸਭ ਸਕੀਮ ਬਣਾ ਰਿਹਾ ਸੀ ਕਿ ਕਿਤੇ ਜੀਤਾਂ ਨੂੰ ਸ਼ੱਕ ਨਾ ਪੈ ਜਾਵੇ। ਅਖ਼ੀਰ ਜੀਤਾਂ ਵੀ ਬੱਚੇ ਲੈ ਕੇ ਮਈ ਵਿਚ ਆ ਗਈ। ਘਰ ਦਾ ਸਾਰਾ ਹੁਲੀਆ ਬਦਲਿਆ ਵੇਖ ਕੇ ਬੜੀ ਖ਼ੁਸ਼ੀ ਹੋਈ ਕਿ ਇਹਦੇ ਨਾਲ ਦੀ ਤਾਂ ਮੌਜ ਕਿਧਰੇ ਵੀ ਨਹੀਂ। ਅੰਦਰ ਵੜਦਿਆਂ ਨਵੇਂ ਪਰਦੇ, ਦੋਹਰੇ-ਦੋਹਰੇ ਜਾਲੀ ਵਾਲੀ ਬੂਹੇ, ਬਾਰੀਆਂ, ਨਵੀਆਂ ਟਿਊਬ ਲਾਈਟਾਂ, ਜਨਰੇਟਰ ਸਾਰੇ ਹੀ ਭੱਜੇ ਫਿਰਨ। ਜਦੋਂ ਰਸੋਈ ਵੇਖੀ ਤਾਂ ਫੁੱਲੀ ਨਾ ਸਮਾਈ। ਇਥੇ ਤਾਂ ਬਾਹਰ ਵਾਂਗੂੰ ਹੀ ਖਲੋ ਕੇ ਵੀ ਕੰਮ ਕੀਤਾ ਜਾ ਸਕਦਾ ਹੈ।

ਘਰ ਦੇ ਆਂਡੇ, ਦੁੱਧ, ਦਹੀਂ, ਮੱਖਣ, ਤਾਜ਼ੀਆਂ ਸਬਜ਼ੀਆਂ ਤੇ ਕੰਮ ਕਰਨ ਲਈ ਸ਼ਿੰਦੋ ਤੇ ਸ਼ਿੰਦੋ ਦੀ ਮਾਂ ਸਾਰਾ ਦਿਨ। ਬੱਚਿਆਂ ਨੂੰ ਸ਼ਹਿਰ ਪੜ੍ਹਨ ਪਾ ਦਿੱਤਾ। ਵੱਡੀ ਕੁੜੀ ਗਿਆਰਵੀਂ ਵਿਚ ਕਾਲਜ ਤੇ ਛੋਟੀਆਂ ਦੋਵਾਂ ਨੂੰ ਵੀ ਹੋਸਟਲ ਵਿਚ ਹੀ ਸਕੂਲ ਲੱਭ ਕੇ ਪਾ ਦਿੱਤਾ। ਗੱਡੀ ਵੀ ਰੱਖ ਲਈ—ਹਫ਼ਤੇ ਬਾਅਦ ਬੱਚਿਆਂ ਨੂੰ ਛੱਡਣ, ਲਿਆਉਣ ਲਈ। ਜੇ ਕਿਤੇ ਉਨ੍ਹਾਂ ਦੇ ਪੇਪਰ ਹੁੰਦੇ ਤੇ ਨਾ ਆਉਣ ਹੁੰਦਾ ਤਾਂ ਪਿੰਡੋਂ ਮਾਰ ਸਾਰਾ ਸਮਾਨ ਨੌਕਰਾਂ ਤੋਂ ਦੋਵੇਂ ਰਖਵਾ ਕੇ ਭਰ ਕੇ ਗੱਡੀ ਲਿਜਾਂਦੇ। ਇਕੱਲੇ ਆਪਣੇ ਬੱਚਿਆਂ ਲਈ ਹੀ ਨਹੀਂ ਸਗੋਂ ਬਾਕੀਆਂ ਲਈ ਵੀ। ਸਮਾਂ ਬਹੁਤ ਸੋਹਣਾ ਲੰਘਦਾ ਰਿਹਾ। ਬੱਚਿਆਂ ਨੇ ਵੀ ਆਪਣਾ ਕਲਚਰ ਚੰਗੀ ਸੋਹਣੀ ਪੰਜਾਬੀ ਬੋਲਣੀ, ਲਿਖਣੀ, ਪੜ੍ਹਨੀ ਸਿੱਖ ਲਈ। ਓਦਾਂ ਵੀ ਨੱਚਣਾ ਗਾਉਣਾ, ਦਿਨ ਦਿਹਾਰਾਂ ਬਾਰੇ ਵੀ ਕਿਉਂਕਿ ਜੀਤਾਂ ਨੇ ਆਪ ਵੀ

ਗਿਆਨੀ ਕੀਤੀ ਹੋਈ ਸੀ ਤੇ ਵਧੀਆ ਬੱਚਿਆਂ ਨੂੰ ਸੰਸਕਾਰ ਦਿੱਤੇ ਸੀ।

ਹੁਣ ਲਾਲ ਜੀ ਨੇ ਸਕੂਲ ਲੱਗਣਾ ਸੀ ਤੇ ਜੀਤਾਂ ਉਸ ਨੂੰ ਆਪਣੇ ਤੋਂ ਵੱਖ ਨਹੀਂ ਸੀ ਕਰ ਸਕਦੀ। ਅਜੇ ਨਿਆਣਾ ਸੀ। ਇਹ ਇਕ ਨਵੀਂ ਬਿਪਤਾ ਆ ਪਈ ਤੇ ਪਿੱਛੇ ਲੀਜ਼ ਦਾ ਵੀ ਸਮਾਂ ਪੂਰਾ ਹੋ ਚੁੱਕਾ ਸੀ। ਅੱਗੋਂ ਕੁੜੀਆਂ ਦੀ ਵੀ ਪੜ੍ਹਾਈ ਇਥੋਂ ਨਾਲੋਂ ਬਾਹਰ ਵੱਧ ਚੰਗੀ, ਸੋਚ ਕੇ ਫਿਰ ਜੀਤਾਂ ਸਲਾਹਾਂ ਦੇਣ ਲੱਗ ਪਈ ਕਿ ਆਪਾਂ ਬਾਹਰ ਚੱਲੀਏ। ਉਥੇ ਘਰ ਸ਼ਿੰਦੋ ਤੇ ਸ਼ਿੰਦੋ ਦੇ ਮਾਂ ਦੇ ਪਰਿਵਾਰ ਨੂੰ ਸੌਂਪ ਕੇ ਬਾਹਰ ਸ਼ਰੀਕੇ ਵਿਚੋਂ ਲੱਗਦੇ ਚਾਚੇ ਨੂੰ ਸੌਂਪ ਕੇ ਬੱਚੇ ਲੈ ਕੇ ਵਾਪਸ ਆਪਣੇ ਘਰ ਪਹੁੰਚ ਗਏ। ਬੱਚੇ ਦਾਖ਼ਲ ਕਰਵਾ ਦਿੱਤੇ। ਲਾਲ ਜੀ ਨੂੰ ਵੀ ਘਰ ਦੇ ਲਾਗੇ ਹੀ ਸਕੂਲ ਵਿਚ ਪਾ ਦਿੱਤਾ। ਬੱਚੇ ਵੀ ਤਬਦੀਲੀ ਚਾਹੁੰਦੇ ਨੇ ਕਿ ਚਲੋ ਇਸੇ ਬਹਾਨੇ ਫਿਰ ਤੁਰ ਲਈਦਾ ਹੈ। ਕੰਮ ਜੀਤਾਂ ਨੇ ਨਿਰੰਤਰ ਉਸੇ ਤਰ੍ਹਾਂ ਹੀ ਜਿਵੇਂ ਛੱਡ ਕੇ ਗਈ, ਓਵੇਂ ਹੀ ਤੋਰ ਲਿਆ।

ਮਹੀਨੇ ਕੁ ਬਾਅਦ ਹੀ ਠਾਕਰ ਸਿੰਘ ਕਹੇ ਕਿ ਮੈਂ ਵਾਪਸ ਜਾਣਾ ਹੈ। ਜੀਤਾਂ ਕਹੇ, ਤੇਰੀ ਮੱਤ ਮਾਰੀ ਗਈ ਆ। ਸਭ ਕੁਝ ਸੰਭਾਲ ਤੇ ਆਏ ਆਂ। ਸਾਲ ਖੰਡ ਵੇਖ ਨਹੀਂ ਤਾਂ ਮੇਰਾ ਭਰਾ ਆ ਜਾਊ, ਸੰਭਾਲ ਲਊ। ਤੂੰ ਇਥੋਂ ਨਹੀਂ ਜਾ ਸਕਦਾ ਸਾਨੂੰ ਛੱਡ ਕੇ। ਪਰ ਜੀਤਾਂ ਨੂੰ ਸਮਝ ਨਾ ਆਈ, ਉਸਦੇ ਦਿਲ ਦਿਮਾਗ਼ ਵਿਚ ਵੱਸ ਕਰ ਚੁੱਕੇ ਸ਼ੈਤਾਨ ਦੀ। ਕੁਝ ਦਿਨਾਂ ਦਾ ਬਹਾਨਾ ਲਾ ਕੇ ਠਾਕਰ ਸਿੰਘ ਬੱਚਿਆਂ ਦੀ ਕ੍ਰਿਸਮਿਸ ਦੀਆਂ ਛੁੱਟੀਆਂ ਵਿਚ ਫਿਰ ਪਿੰਡ ਆ ਗਿਆ। ਪਿੰਡ ਆਇਆ ਜਾਣ ਦਾ ਨਾਂ ਹੀ ਨਾ ਲਵੇ। ਜੀਤਾਂ ਚਿੱਠੀਆਂ 'ਤੇ ਚਿੱਠੀਆਂ ਪਾਵੇ। ਅਖ਼ੀਰ ਜੀਤਾਂ ਨੇ ਚਿੱਠੀ ਆਪਣੇ ਮਾਂ-ਪਿਉ ਨੂੰ ਪਾਈ ਕਿ ਇਹਨੂੰ ਭੇਜੋ।

ਮਾਂ ਪਿਉ ਦੇ ਜਾਂਦਿਆਂ ਹੀ ਹੋਸ਼ ਉੱਡ ਗਏ। ਘਰ ਸ਼ਿੰਦੋ ਨੂੰ ਝਾੜਦਿਆਂ ਪੂੰਝਦਿਆਂ ਇਕੱਲੀ ਠਾਕਰ ਸਿੰਘ ਦੇ ਘਰ ਹੁੰਦਿਆਂ ਵੇਖ ਕੇ। ਉਹ ਤੇ ਬੀ ਜੀ-ਬੀ ਜੀ, ਭਾਪਾ ਜੀ-ਭਾਪਾ ਜੀ ਕਰਦੀ ਫਿਰੇ। ਪਾਣੀ, ਚਾਹ, ਰੋਟੀ ਮਿੰਟਾਂ ਸਕਿੰਟਾਂ ਵਿਚ ਹੀ ਬਣਾ ਕੇ ਖਵਾ ਦਿੱਤੀ ਤੇ ਤੋਰਨ ਦੀ ਤਿਆਰੀ ਕਰੇ। ਪਰ ਮਾਪੇ ਧੀ ਦੇ ਤਾਂ ਬਰਫ਼ ਵਿਚ ਲੱਗ ਗਏ। ਕੀ ਦੱਸਣ ਕੁੜੀ ਨੂੰ ਕਿ ਇਹ ਕਿਉਂ ਆਇਆ ਤੇ ਕਿਉਂ ਨਹੀਂ ਵਾਪਸ ਜਾਂਦਾ। ਫਿਰ ਵੀ ਜੀਤਾਂ ਨੇ ਵਾਸਤੇ ਪਾਏ, ਨਿਆਣਿਆਂ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ, ਧੀਆਂ ਦੀ ਇੱਜ਼ਤ ਦਾ ਡਰ ਪਾਇਆ ਤੇ ਸਾਰੀ ਰਾਤ ਹੀ ਗੱਲਾਂ ਕਰਦੇ ਰਹੇ ਕਿ ਵਾਪਸ ਜਾ। ਠਾਕਰ ਸਿੰਘ ਦੇ ਦਿਮਾਗ਼ ਵਿਚ ਵੀ ਧੀਆਂ ਵਾਲੀ ਗੱਲ ਸਮਝ ਆ ਹੀ ਗਈ ਤੇ ਵਾਪਸ ਜਾਣ ਦੀ ਤਰੀਕ ਦੇ ਦਿੱਤੀ। ਪਰ ਮਾਪਿਆਂ ਨੇ ਕੁਝ ਸ਼ੱਕ ਜੀਤਾਂ ਨੂੰ ਪਾ ਹੀ ਦਿੱਤਾ ਤੇ ਚੁਕੰਨਿਆਂ ਰਹਿਣ ਲਈ ਚੇਤੰਨ ਕਰ ਦਿੱਤਾ। ਹੁਣ ਉਹ ਕੰਮ ਵਿਚੋਂ ਸਮਾਂ ਕੱਢ ਕੇ ਠਾਕਰ ਸਿੰਘ ਦਾ ਮਨ ਵੀ ਟੋਹਣ ਲੱਗ ਪਈ। ਇਕ ਦਿਨ ਤਾਂ ਉਹ ਹੈਰਾਨ ਹੀ ਰਹਿ ਗਈ, ਠਾਕਰ ਸਿੰਘ ਦੀ ਜੇਬ ਵਿਚੋਂ ਚਿੱਠੀ ਕੱਢ ਕੇ। ਹੈਂ, ਇਹ ਤੇ ਕੁੜੀ ਦੀ ਲਿਖਾਈ ਏ ਤੇ ਉਹਨੇ ਪਿਆਰ ਪੱਤਰ ਉੱਤੇ ਲਿਖਿਆ ਹੋਇਆ ਏ। ਓ ਮਾਈ ਗੱਡ ਥੱਲੇ ਤੁਹਾਡੀ ਪਿਆਰੀ ਸ਼ਿੰਦੋ। ਜੀਤਾਂ ਦੇ ਪੈਰਾਂ ਥੱਲਿਉਂ ਜ਼ਮੀਨ ਨਿਕਲ ਗਈ, ਧਰਤੀ ਕੰਬਦੀ, ਕੰਧਾਂ ਹਿੱਲਦੀਆਂ



ਤੇ ਅਸਮਾਨੀ ਬਿਜਲੀ ਪੈ ਗਈ ਲੱਗੀ।

ਜਦੋਂ ਸਾਹਬ ਨੂੰ ਪੁੱਛਿਆ ਤੇ ਉਹ ਸਾਫ਼ ਹੀ ਮੁੱਕਰ ਗਿਆ ਤੇ ਸੌਂਹ ਤੇ ਸੌਂਹ ਖਾਈ ਜਾਵੇ। ਕੀ ਬਣੂ ਕੁੜੀਆਂ ਦਾ, ਕੀ ਬਣੂ ਮੇਰਾ ਤੇ ਕੀ ਬਣੂ ਇਸ ਨਿੱਕੇ ਜੁਆਕ ਦਾ। ਜੀਤਾਂ ਤੇ ਰੋਈ ਪਿੱਟੀ ਜਾਵੇ। ਪਰ ਠਾਕਰ ਸਿੰਘ ਅਡੋਲ ਕਹੇ, ਮੈਂ ਜਾ ਕੇ ਵੇਖਦਾਂ ਕੁੜੀਆਂ ਲਈ ਮੁੰਡੇ। ਮੈਂ ਆਹ ਕਰਦਾਂ ਔਹ ਕਰਦਾਂ। ਤੈਨੂੰ ਗ਼ਲਤ ਸ਼ੱਕ ਹੈ। ਇਹ ਤੇ ਕਿਸੇ ਦੀ ਕਿਸੇ ਨੂੰ ਲਿਖੀ ਚਿੱਠੀ ਮੈਨੂੰ ਨਹੀਂ ਪਤਾ, ਕੀਹਨੇ ਮੇਰੀ ਜੇਬ ਵਿਚ ਪਾ ਦਿੱਤੀ ਏ। ਕੁੜੀਆਂ ਦਾ ਸੋਚ ਕੇ ਜੀਤਾਂ ਵੀ ਚੁੱਪ ਕਰ ਗਈ ਕਿ ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੁੰਦਾ ਏ। ਸਾਹਬ ਜੀ ਤੇ ਲੱਗੇ ਹੁਣ ਕੁੜੀਆਂ ਲਈ ਮੁੰਡੇ ਲੱਭਣ। ਕੁੜੀਆਂ ਸੋਹਣੀਆਂ ਸੁਨੱਖੀਆਂ, ਪੜ੍ਹੀਆਂ-ਲਿਖੀਆਂ, ਚੰਗੇ ਤਕੜੇ ਘਰ ਦੀਆਂ ਹੋਣ ਕਰਕੇ ਕੋਈ ਅੜਚਨ ਨਾ ਆਈ ਤੇ ਇਕ ਦੇ ਬਾਅਦ ਇਕ ਚੰਗੇ ਪੜ੍ਹੇ ਲਿਖੇ ਮੁੰਡੇ ਰਿਸ਼ਤੇਦਾਰਾਂ ਲੱਭ ਦਿੱਤੇ। ਜ਼ਮੀਨ ਜ਼ਮੂਨ ਦੀ ਬਾਹਰ ਦੀਆਂ ਕੁੜੀਆਂ ਨੂੰ ਬਹੁਤੀ ਲੋੜ ਨਹੀਂ ਹੁੰਦੀ। ਇਹ ਸੋਚ ਕੇ ਹੋਰ ਵੀ ਆਸਾਨ ਹੋ ਗਿਆ। ਕੁੜੀਆਂ ਵਿਆਹ ਕੇ ਤੇ ਠਾਕਰ ਸਿਹੁੰ ਪੂਰਾ ਹੀ ਪਿੰਡ ਦਾ ਹੋ ਕੇ ਰਹਿ ਗਿਆ। ਜੀਤਾਂ ਜਿਹੜੀ ਕੁੜੀਆਂ ਦੇ ਵਾਸਤੇ ਪਾਉਂਦੀ ਸੀ ਉਸਦਾ ਮਿਹਣਾ, ਉਹਨੇ ਦੁਗਣੀ ਚੁਗਣੀ ਹਿੰਮਤ ਵਿਖਾ ਕੇ ਪੂਰਾ ਕਰ ਦਿੱਤਾ। ਹੁਣ ਕੀ ਕਹੂ। ਤੇ ਆਪਣਾ ਫ਼ੈਸਲਾ ਵੀ ਸੁਣਾ ਦਿੱਤਾ ਹੈ ਕਿ ਮੈਂ ਬਾਹਰ ਨਹੀਂ ਆਉਣਾ। ਇਕ ਦੋ ਵਾਰੀ ਜੀਤਾਂ ਤੇ ਲਾਲ ਜੀ, ਲਾਲ ਜੀ ਦੀਆਂ ਛੁੱਟੀਆਂ ਵਿਚ ਆਏ ਪਰ ਇਸਦੇ ਚਾਲ-ਚਲਣ ਤੇ ਮਾੜੇ ਲੱਛਣ ਵੇਖ ਕੇ ਰੋਂਦੇ-ਧੋਂਦੇ ਖਾਲੀ ਹੀ ਵਾਪਸ ਮੁੜ ਜਾਂਦੇ ਰਹੇ।

ਇਕ ਵਾਰੀ ਜੀਤਾਂ ਇਕੱਲੀ ਆਈ ਪਰ ਉਹੀ ਘਰ ਜੋ ਸਵਰਗ ਸੀ ਜਿਥੋਂ ਮੁੜਨ ਨੂੰ ਦਿਲ ਨਹੀਂ ਸੀ ਕਰਦਾ। ਅੱਜ ਉਹਨੂੰ ਵੱਢ ਖਾਣ ਨੂੰ ਆਵੇ ਤੇ ਬੂਹਾ ਵੜਦਿਆਂ ਹੀ ਲੇਰ ਮਾਰ ਕੇ ਰੋ ਪਈ। ਅੱਗੇ ਉਹਨੂੰ ਸਾਹਨ ਨੂੰ ਇਕੱਲਿਆਂ ਸ਼ੇਰਨੀ ਨਾਲ ਵੇਖ ਕੇ ਰਾਤ ਵੀ ਨਾ ਰਹੀ ਤੇ ਪੇਕੇ ਚਲੀ ਗਈ। ਡਰਦੀ ਕਿ ਇਹ ਕਿਤੇ ਮਾਰ ਹੀ ਨਾ ਦੇਣ। ਫੇਰ ਕੀ ਬਣੂੰ ਮੇਰੇ ਬੱਚਿਆਂ ਦਾ। ਮਾਂ ਪਿਉ ਨੂੰ ਲੈ ਕੇ ਗੱਲ ਕਰਨੀ ਚਾਹੀ ਤਾਂ ਉਹ ਕਹੇ ਤੁਸੀਂ ਹੁੰਦੇ ਹੀ ਕੌਣ ਓ, ਮੇਰੇ ਘਰ ਵਿਚ ਦਖ਼ਲ ਦੇਣ ਵਾਲੇ। ਧੀਆਂ ਦੇ ਸਹੁਰਿਆਂ ਦੇ ਪਿੰਡਾਂ ਵਿਚ ਨਾਲ ਲੈ ਕੇ ਲੀੜਾ ਕੱਪੜਾ ਦੇ ਕੇ ਫਿਰ ਵਾਪਸ ਟੁੱਟਿਆ-ਖੁੱਸਿਆ ਸਰੀਰ ਲੈ ਕੇ ਬੱਚਿਆਂ ਖ਼ਾਤਰ ਆ ਗਈ।

ਬੱਚਿਆਂ ਨੂੰ ਵੀ ਸਾਰਾ ਕੁਝ ਦੱਸ ਦਿੱਤਾ ਤੇ ਪਿੰਡ ਵੀ ਵਿਚਾਰੀ ਸ਼ਰਮ ਦੀ ਮਾਰੀ ਨੇ ਜਾਣ ਤੋਂ ਬਾਈਕਾਟ ਕਰ ਲਿਆ ਤੇ ਲਾਲ ਜੀ ਦਾ ਵਿਆਹ ਕਰਨ ਆਪਣੇ ਪੇਕੇ ਹੀ ਆ ਕੇ ਤਿਆਰੀ ਸ਼ੁਰੂ ਕਰ ਦਿੱਤੀ। ਚੰਡੀਗੜ੍ਹ ਪੈਲੇਸ ਬੁੱਕ ਕਰਵਾ ਲਏ ਕਿ ਰਹਿਣਾ ਵੀ ਉਥੇ ਹੈ ਤੇ ਵਿਆਹ ਵੀ ਉਥੇ ਕਰਕੇ ਉਥੋਂ ਹੀ ਵਾਪਸ ਚਲੇ ਜਾਣਾ ਹੈ। ਨੇੜੇ-ਨੇੜੇ ਦੇ ਰਿਸ਼ਤੇਦਾਰ ਸੱਦੇ, ਪਿੰਡੋਂ ਕੋਈ ਨਾ ਸੱਦਿਆ। ਕਈਆਂ ਨੂੰ ਤੇ ਪਤਾ ਸੀ ਕਿ ਠਾਕਰ ਸਿੰਘ ਨੇ ਨਹੀਂ ਆਉਣਾ। ਉਹ ਜਿਊਂਦਾ ਹੀ ਇਨ੍ਹਾਂ ਲਈ ਮਰ ਗਿਆ ਹੈ। ਪਰ ਕਈ ਜਾਣ ਕੇ ਲਾਲ ਜੀ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਕਿ ਡੈਡੀ ਕਿਥੇ ਹੈ?

ਪਰ ਜੋ ਹਾਲਤ ਜੀਤਾਂ ਦੀ ਸੀ, ਉਸਦਾ ਅੰਦਾਜ਼ਾ ਸਿਰਫ਼ ਥੋੜਾ ਪੁੱਤ ਤੇ ਬਹੁਤਾ ਧੀਆਂ ਨੂੰ ਪਤਾ ਸੀ ਪਰ ਪੂਰਾ ਕਿਸੇ ਨੂੰ ਵੀ ਨਹੀਂ ਸੀ ਪਤਾ। ਅਖ਼ੀਰ ਫੇਰਿਆਂ ਵੇਲੇ ਭਾਈ ਆ ਕੇ ਜੀਤਾਂ ਨੂੰ ਕਹਿਣ ਲੱਗਾ—ਬੀਬਾ ਜੀ ਬੱਚੇ ਦੇ ਪਿਤਾ ਦਾ ਨਾਮ ਕੀ ਹੈ। ਤਾਂ ਜੀਤਾਂ ਨੇ ਕਾਗ਼ਜ਼ ਭਾਈ ਦੇ ਹੱਥੋਂ ਫੜ ਲਿਆ। ਆਪਣੇ ਆਪ ਨੂੰ ਪੂਰਾ ਸੰਭਾਲਦੀ ਤੇ ਕੰਬਦੇ ਹੱਥਾਂ ਨਾਂਲ ਠਾਕਰ ਸਿੰਘ ਲਿਖ ਦਿੱਤਾ। ਭਾਈ ਨੇ ਅਰਦਾਸ ਸ਼ੁਰੂ ਕੀਤੀ। ਕੁੜੀ ਦੇ ਮਾਂ-ਪਿਉ, ਮੁੰਡੇ ਦੇ ਮਾਂ ਪਿਉ ਤੇ ਮੁੰਡੇ ਕੁੜੀ ਨੂੰ ਖੜ੍ਹੇ ਹੋਣ ਲਈ ਕਿਹਾ। ਉਹ ਤੇ ਸਾਰੇ ਖੜ੍ਹੇ ਹੋ ਗਏ ਪਰ ਜੀਤਾਂ ਨੂੰ ਜੀਤਾਂ ਦੀਆਂ ਧੀਆਂ ਨੇ ਮਸਾਂ ਹੀ ਸਾਰਾ ਜ਼ੋਰ ਲਾ ਕੇ ਖੜ੍ਹਿਆਂ ਕੀਤਾ। ਸਾਰੇ ਹੀ ਸੋਚਣ ਕਿ ਇਹ ਘੜੀ ਇਹਦੇ ਲਈ ਕਿੰਨੀ ਔਖੀ ਹੈ, ਜਿਹੜੇ ਜਾਣਦੇ ਸੀ ਕਿ ਲਾਲ ਜੀ ਦੇ ਜੰਮਣ ਤੇ ਲੋਹੜੀ ’ਤੇ ਅਤੇ ਫਿਰ ਵਿਆਹ ਦੀਆਂ ਗੱਲਾਂ ਕਿ ਇਨ੍ਹਾਂ ਕੀ ਕੀ ਕਰਨਾ ਸੀ ਤੇ ਅੱਜ ਇਹੀ ਘੜੀ ਖ਼ੁਸ਼ੀਆਂ ਵਾਲੀ ਜੀਤਾਂ ਲਈ ਸੂਲੀ ਸਮਾਨ ਬਣ ਗਈ ਸੀ। ਰੱਬ ਕਦੇ ਵੀ ਕਿਸੇ ਨਾਲ ਐਵੇਂ ਨਾ ਕਰੇ—ਕਹਿ ਕੇ ਜੀਤਾਂ ਬਹਿ ਗਈ ਤੇ ਪੱਥਰ ਬਣ ਕੇ ਵਿਆਹ ਵੇਖਦੀ ਰਹੀ। ਸਾਰੀ ਉਮਰ ਭਰੀ ਹੋ ਕੇ ਵੀ ਅੱਜ ਖ਼ਾਲੀ ਸੀ।

—



# ਲਿੱਲ

ਬਾਹਰ ਜਾਣ ਲਈ ਲੋਕ ਬਹੁਤ ਹੀ ਅਜੀਬ-ਅਜੀਬ ਤਰੀਕੇ ਸਮੇਂ-ਸਮੇਂ ’ਤੇ ਕੱਢਦੇ ਰਹੇ। ਕਈ ਢੰਗ ਤਾਂ ਬਹੁਤ ਹੀ ਵਧੀਆ ਸਨ ਜਿਵੇਂ ਪੜ੍ਹਨ ਲਈ, ਕੰਮ ਕਰਨ ਲਈ ਅਤੇ ਵਿਆਹ ਕਰਵਾ ਕੇ ਜਾਣਾ। ਫਿਰ ਕਈ ਮੁਸ਼ਕਲਾਂ ਦੇ ਮਾਰੇ ਏਜੰਟਾਂ ਰਾਹੀਂ ਸਿੱਧੇ ਪੁੱਠੇ ਤਰੀਕੇ ਨਾਲ ਆਪਣਾਂ ਭਾਂਡਾ-ਟੀਂਡਾ, ਪੈਲੀ-ਬੰਨਾ ਵੇਚ ਵੱਟ ਕੇ ਜਾਂਦੇ ਰਹੇ। ਕਈ ਵਿਚਾਰੇ ਅੰਤਾਂ ਦਾ ਜ਼ੋਖ਼ਮ ਉਠਾ ਕੇ ਪਹੁੰਚ ਜਾਂਦੇ ਤੇ ਕਈ ਸਕਿਓਰਟੀ ਵਾਲਿਆਂ ਦੀਆਂ ਗੋਲੀਆਂ, ਜੇਲ੍ਹਾਂ, ਕੁੱਟ-ਕੁਟਾਪੇ ਦਾ ਸ਼ਿਕਾਰ ਹੋ ਜਾਂਦੇ। ਕਈ ਇਸ ਤੋਂ ਵੀ ਅਗਾਂਹ ਕਿਸ਼ਤੀਆਂ ਵਿਚ ਪਾਰ ਹੁੰਦੇ-ਹੁੰਦੇ ਸਮੁੰਦਰ ਦੀ ਭੇਂਟ ਚੜ੍ਹ ਜਾਂਦੇ। ਕਈ ਭੇਡਾਂ ਬੱਕਰੀਆਂ ਵਾਂਗ ਤੂੜ ਕੇ ਟਰੱਕਾਂ ਟਰਾਲਿਆਂ ਵਿਚ ਸਾਹ ਘੁੱਟ ਕੇ ਮਰ ਜਾਂਦੇ। ਕਈ ਫਰੀਜ਼ ਹੋ ਜਾਂਦੇ। ਕਈ ਬਾਹਰੋਂ ਮਾਸ ਢੋਣ ਵਾਲੇ ਵਾਹਨਾਂ ਵਿਚ, ਇਸ ਤੋਂ ਵੀ ਅਗਾਂਹ ਲਮਕ ਕੇ, ਲੁਕ ਕੇ ਕਈ ਪਾਰ ਲੱਗ ਜਾਂਦੇ ਕੁਝ ਮਰ ਜਾਂਦੇ ਤੇ ਕਈ ਫੜੇ ਜਾਂਦੇ। ਇਕ ਹੋਰ ਤਰੀਕਾ ਵਿਆਹ ਦਾ ਜਿਸ ਵਿਚ ਲੋਕਾਂ ਨੇ ਅੱਤ ਕਰ ਦਿੱਤੀ। ਸਕੇ ਭੈਣ ਭਰਾਵਾਂ ਤਕ ਨੂੰ ਵੀ ਨਹੀਂ ਬਖ਼ਸ਼ਿਆ। ਫਿਰ ਮੁਤਬੰਨੇ ਬਣਾ ਕੇ ਤੇ ਅਗਾਂਹ ਵੇਖੋ ਜੀ ਤੁਸੀਂ ਕੁੜੀ ਦਾ ਰਿਸ਼ਤਾ ਕਰਨਾ ਹੈ ਤਾਂ ਇਸ ਸ਼ਰਤ ’ਤੇ ਕਿ ਸਾਡੇ ਮੁੰਡੇ ਨੂੰ ਵੀ ਬਾਹਰ ਖੜਨਾ ਹੈ। ਜੇ ਆਹ ਰਿਸ਼ਤਾ ਕਰਨਾ ਹੈ ਤਾਂ ਵਿਦੇਸ਼ਾਂ ਵਿਚ ਇਸ ਨੂੰ ਵੀ ਲਿਜਾਣਾ ਪਵੇਗਾ, ਵਾਹ ਸਾਡੀ ਅਕਲ ਦੇ ਬਾਰੇ ਰੰਗ ਨਿਆਰੇ, ਨਵੀਆਂ ਸੋਚਾਂ, ਨਵੇਂ ਢੰਗ ਤਰੀਕੇ।

ਕੱਲ੍ਹ ਮੈਂ ਉਡੀਕ ਉਡੀਕ ਕੇ ਮੇਰੇ ਭਰਾ ਦਾ ਫ਼ੋਨ ਨਹੀਂ ਆਇਆ। ਮਨਾ ਮੈਂ ਹੀ ਕਰਾਂ। ਕਿਉਂਕਿ ਮੈਂ ਤੇ ਕਦੇ ਵੀ ਇਸ ਚੱਕਰ ਵਿਚ ਨਹੀਂ ਪਈ ਕਿ ਉਹ ਭਰਾ ਹੈ, ਭਰਜਾਈ ਹੈ, ਭਤੀਜਾ ਹੈ, ਉਹੀ ਫ਼ੋਨ ਕਰੇ ਮੈਂ ਕਿਉਂ ਕਰਾਂ ? ਕਿਉਂ ਮੇਰਾ ਅਹੁਦਾ ਭੈਣ, ਨਣਾਨ ਤੇ ਭੂਆ ਦਾ ਹੈ। ਪਰ ਮੈਂ ਤੇ ਸਦਾ ਹੀ ਇਹ ਸੋਚ ਕੇ ਕਿ ਕੁਦਰਤ ਨੇ ਸਾਨੂੰ ਇਕ ਮਾਂ-ਬਾਪ ਦੇ ਘਰ ਜਨਮ ਦਿੱਤਾ। ਅਸੀਂ ਉਸ ਬਾਪ ਦੀ ਔਲਾਦ ਹਾਂ ਜਿਸ ਨੇ ਚਾਰਾਂ ਨੂੰ ਹੀ ਬਰਾਬਰ ਸਮਝਿਆ। ਬਰਾਬਰ ਮੌਕੇ ਦਿੱਤੇ, ਬਰਾਬਰ ਦਾ ਪਿਆਰ ਦਿੱਤਾ ਤੇ ਅਸੀਂ ਇਕੋ ਹੀ ਮਾਂ ਦੀ ਗੋਦੀ ਵਿਚ ਪੈ ਕੇ ਦੁੱਧ ਚੁੰਘਿਆ ਤੇ ਅਸੀਂ ਇਕੋ ਜਿਹਾ ਹੀ ਉਸ ਨੂੰ ਸੁਖ-ਦੁਖ ਦਿੱਤਾ। ਉਹਨੇ ਇਕੋ ਜਿਹੀ ਮੁਸ਼ਕਿਲ ਵੇਖੀ, ਇਕੋ ਜਿਹਾ ਸਾਡਾ ਨਿੱਘ ਮਾਣਿਆ ਤੇ ਹੁਣ ਵੀ ਅਸੀਂ ਉਹੋ ਹਾਂ। ਸਗੋਂ ਇਹੀ ਸਮਝਣਾ ਕਿ ਉਹ ਹੋ ਸਕਦਾ ਹੈ ਕਿ ਜ਼ਿਆਦਾ ਰੁਝੇਵਿਆਂ ਵਿਚ ਹੋਵੇ ਤੇ ਉਸ ਨੂੰ ਹਰ ਹਫ਼ਤੇ ਜਾਂ ਦੂਜੇ ਤੀਜੇ ਹਫ਼ਤੇ ਫ਼ੋਨ ਜ਼ਰੂਰ ਹੀ ਕਰਕੇ

ਸੁੱਖ-ਸਾਂਦ ਪੁੱਛ ਲੈਂਦੀ। ਪਰ ਐਤਕੀਂ ਅੱਠ ਹਫ਼ਤੇ ਹੋ ਗਏ, ਮੈਂ ਹੀ ਜ਼ਿਆਦਾ ਰੁੱਝ ਗਈ। ਜਦੋਂ ਕੰਮ ਤੋਂ ਵਾਪਸ ਗਈ ਤਾਂ ਮੇਰੀ ਬੇਟੀ ਨੇ ਦੱਸਿਆ ਕਿ ਮਾਮਾ ਜੀ ਦਾ ਫ਼ੋਨ ਆਇਆ ਸੀ, ਉਨ੍ਹਾਂ ਦਾ ਘਰ ਬਦਲਣ ਕਰਕੇ ਨਵਾਂ ਨੰਬਰ ਹੈ, ਤੁਸੀਂ ਫ਼ੋਨ ਕਰ ਲਿਉ। ਮੈਂ ਫ਼ੋਨ ਕੀਤਾ ਤਾਂ ਉਹ ਵੀ ਬਹੁਤ ਖ਼ੁਸ਼ ਹੋਏ ਤੇ ਕਹਿੰਦੇ ਕਿ ਅਸੀਂ ਨਵੇਂ ਘਰ ਜਾਣ ਦੇ ਚੱਕਰ ਵਿਚ ਤੁਹਾਨੂੰ ਫ਼ੋਨ ਨਹੀਂ ਕਰ ਸਕੇ ਪਰ ਹੁਣ ਅੱਗੋਂ ਆਪਾਂ ਅਜਿਹਾ ਨਹੀਂ ਕਰਾਂਗੇ ਤੇ ਮੈਂ ਆਪਣੀਆਂ ਪੰਜਾਹ ਮਜ਼ਬੂਰੀਆਂ ਗਿਣਾ ਦਿੱਤੀਆਂ।

ਮੇਰੀ ਭਾਬੀ ਕਹਿੰਦੀ ਕਿ ਭੈਣ ਜੀ ਬੀ ਜੀ ਨਾਲ ਕਦੋਂ ਦੀ ਗੱਲ ਹੋਈ ਹੈ ? ਮੈਂ ਕਿਹਾ ਕਿ ਬੀਜੀ ਨਾਲ ਮੈਂ ਹਰ ਚੌਥੇ, ਪੰਜਵੇਂ ਦਿਨ ਗੱਲ ਜ਼ਰੂਰ ਕਰਦੀ ਹਾਂ ਤੇ ਕਦੇ ਕਦੇ ਜੇ ਉਹ ਠੀਕ ਨਾ ਹੋਣ ਜਾਂ ਮੂਡ ਠੀਕ ਨਾ ਹੋਵੇ ਤਾਂ ਰੋਜ਼ ਵੀ ਕਰ ਲੈਂਦੀ ਹਾਂ। "ਹੋਰ ਭੈਣ ਜੀ, ਪਿੰਡ ਦਾ ਕੀ ਹਾਲ ਹੈ ?" ਮੇਰੀ ਭਾਬੀ ਨੇ ਮੇਰੇ ਤੋਂ ਪੁੱਛਿਆ ਜੋ ਅਕਸਰ ਹੀ ਅਸੀਂ ਇਕ ਦੂਜੇ ਤੋਂ ਪੁੱਛਦੇ ਹਾਂ ਕਿਉਂਕਿ ਇਸਦੇ ਵਿਚ ਵੀ ਸਾਨੂੰ ਹੱਸਣ ਦਾ ਵਾਹਵਾ ਮਸਾਲਾ ਮਿਲ ਜਾਂਦਾ ਹੈ, ਜਿਹੜਾ ਇਨ੍ਹਾਂ ਦੇਸ਼ਾਂ ਵਿਚ ਚਾਹ ਕੇ ਵੀ ਕਦੇ ਨਹੀਂ ਹੋ ਸਕਦਾ। ਇਕ ਵਾਰੀ ਮੈਂ ਦੱਸਿਆ ਕਿ ਭਾਬੀ ਓਥੇ ਸੀਬੋ, ਬੰਸੋ ਸਨ ਤੇ ਮੈਂ ਬੀਜੀ ਨੂੰ ਫ਼ੋਨ ਕੀਤਾ ਤੇ ਉਹ ਪੁੱਛਣ ਲੱਗ ਪਈਆਂ ਕਿ ਕੌਣ ਹੈ ਤਾਂ ਬੀਜੀ ਕਹਿੰਦੇ—"ਮੇਰੀ ਕੁੜੀ ਹੈ।" ਵਿਚ ਹੀ ਪੁੱਛਣ—"ਛੋਟੀ ਹੈ ਕਿ ਵੱਡੀ ਹੈ।" ਕਿਉਂਕਿ ਛੋਟੀ ਇੰਗਲੈਂਡ ਤੇ ਵੱਡੀ ਅਮਰੀਕਾ ਵਿਚ ਸੀ। ਬੀਜੀ ਕਹਿੰਦੇ ਵੱਡੀ ਹੈ। ਲੈ ਜੇ ਵੱਡੀ ਹੈ ਤਾਂ ਸਾਡੀ ਵੀ ਬੀਜੀ ਗੱਲ ਕਰਵਾ ਦਿਉ। ਮੈਂ ਬੀਜੀ ਨਾਲ ਬਹੁਤ ਹੀ ਸੰਜੀਦਾ ਮਸਲੇ ਤੇ ਗੱਲ ਕਰ ਰਹੀ ਸੀ ਤੇ ਉਹਦੇ ਕਹਿਣ 'ਤੇ ਬੀਜੀ ਨੇ ਝੱਟ ਹੀ ਉਸ ਨੂੰ ਫੋਨ ਫੜਾ ਦਿੱਤਾ। "ਕਿੱਦਾਂ ਫਿਰ, ਵੱਡੀ ਬੀਬਾ ਕੀ ਹਾਲ ਹੈ। ਤੇਰਾ ਦਿਲ ਨਹੀਂ ਕਰਦਾ ਪਿਛਾਂਹ ਆਉਣ ਨੂੰ। ਮੇਰੀ ਕੁੜੀ ਤੈਨੂੰ ਬਹੁਤ ਯਾਦ ਕਰਦੀ ਹੁੰਦੀ ਆ। ਤੈਨੂੰ ਚੇਤਾ ਕਿ ਨਹੀਂ ਪਿਆਰੀ ਦਾ। ਤੁਸੀਂ ਇਕੱਠੀਆਂ ਮਿੱਟੀ ਲੈਣ ਜਾਂਦੀਆਂ ਹੁੰਦੀਆਂ ਸੀ ਘਰ ਲਿੱਪਣ ਨੂੰ।" ਉਹ ਤੇ ਜਿਉਂ ਸ਼ੁਰੂ ਹੋਈ ਕਿਥੇ ਦੀ ਕਿਥੇ—"ਚੱਲ ਪੁੱਤ ! ਆਹ ਲੈ ਬੰਸੋ ਨਾਲ ਵੀ ਗੱਲ ਕਰ ਲਾ। ਇਹ ਵੀ ਬਹੁਤ ਤੈਨੂੰ ਯਾਦ ਕਰਦੀ ਹੁੰਦੀ। ਪੁੱਤ ਹੁਣ ਉਹੋ ਜਿਹਾ ਜ਼ਮਾਨਾ ਨਹੀਂ। ਤੁਹਾਡਾ ਜ਼ਮਾਨਾ ਸੀ, ਪੁੱਤ ਤੁਹਾਡੀ ਕੀਹਨੇ ਰੀਸ ਕਰ ਲੈਣੀ। ਨਾਲੇ ਇੰਨਾ ਕੰਮ ਕਰਦੀਆਂ ਸਨ, ਨਾਲੇ ਪੜ੍ਹ ਕੇ ਮੇਰੀਆਂ ਧੀਆਂ ਬਾਹਰ ਚਲੇ ਗਈਆਂ। ਪੁੱਤ, ਸਾਨੂੰ ਗਰੀਬਾਂ ਨੂੰ ਵੀ ਯਾਦ ਕਰ ਲਿਆ ਕਰੋ ਤੇ ਇਵੇਂ ਹੀ ਫ਼ੋਨ ਕਰ ਲਿਆ ਕਰੋ।" ਤੇ ਫਿਰ ਭਾਬੀ ਨੇ ਬੰਸੋ ਨੂੰ ਫ਼ੋਨ ਫੜਾ ਦਿੱਤਾ। ਉਹ ਪੈਂਦੀ ਸੱਟੇ ਹੀ ਬੋਲੀ—"ਨੀ ਭੋਲਾਂ, ਕੀ ਹਾਲ ਹੈ ? ਬੀ ਜੀ ਬਿਲਕੁਲ ਠੀਕ ਹੈ, ਤੂੰ ਫ਼ਿਕਰ ਨਾ ਕਰਿਆ ਕਰ। ਬੀ ਜੀ ਨੂੰ ਅਸੀਂ ਫੁੱਲਾਂ ਵਾਂਗ ਸਾਂਭਦੇ ਹਾਂ। ਤੂੰ ਕਦ ਕੁ ਆਉਣਾ। ਜਦੋਂ ਆਈ ਤਾਂ ਦੱਸੀਂ ਮੈਂ ਆਪਣੇ ਲਈ ਇਕ ਸੋਹਣਾ ਜਿਹਾ ਪਰਸ ਮੰਗਾਉਣਾ। ਨਾਲੇ ਆਪਾਂ ਆਪਣੇ ਵੱਡੇ ਮੁੰਡੇ ਦਾ ਵੀ ਸੋਚਾਂਗੇ ਕਿ ਕੀ ਕਰਨਾ ? ਕਿੱਦਾਂ ਇਹ ਬਾਹਰ ਜਾ ਸਕੇ। ਮੈਂ ਤੇ ਕਿਹਾ ਕਿ ਬੀ ਜੀ ਤੁਹਾਡੇ ਨਿਆਣਿਆਂ ਨੇ ਹੀ ਸਾਡੀ ਬਾਂਹ ਫੜਨੀ ਹੈ ਗ਼ਰੀਬਾਂ ਦੀ। ਪੁੱਤ ਨੂੰ ਫ਼ਿਕਰ ਨਾ ਕਰੀਂ। ਸਾਰੇ ਠੀਕ ਠਾਕ ਆ। ਬੀ ਜੀ ਕਦੇ-ਕਦੇ ਉਦਾਸ ਹੋ ਜਾਂਦੇ ਆ



ਤੇ ਤੁਹਾਨੂੰ ਬਹੁਤ ਹੀ ਯਾਦ ਕਰਦੇ ਆਂ ਕਿ ਮੈਂ ਬੱਚੇ ਆਪ ਦੇ ਪੜ੍ਹਾਏ ਸੀ ਤੰਗ ਹੋ ਕੇ ਤੇ ਸਾਰੇ ਹੀ ਬਾਹਰ ਚਲੇ ਗਏ ਆਂ। ਚੰਗਾ ਫਿਰ ਪੁੱਤ, ਖ਼ਤ ਹੀ ਪਾ ਦਿਆ ਕਰ ਸਾਨੂੰ। ਅਸੀਂ ਬਹੁਤ ਯਾਦ ਕਰਦੇ ਹਾਂ।"

ਓ ਮਾਈ ਗਾਡ ! ਭਾਬੀ ਮੈਂ ਪੰਜਾਂ ਡਾਲਰਾਂ ਦਾ ਕਾਰਡ ਇਸ ਵਾਰੀ ਬੀ ਜੀ ਨਾਲ ਗੱਲ ਕਰਨ ਲਈ ਲਿਆਂਦਾ ਸੀ ਤੇ ਬੀ ਜੀ ਨੇ ਸਾਰਿਆਂ ਕੰਮ ਕਰਨ ਵਾਲਿਆਂ ਨਾਲ ਗੱਲ ਕਰਵਾ ਕੇ ਖ਼ਤਮ ਕਰਕੇ ਸਾਹ ਲਿਆ। ਇਵੇਂ ਹੀ ਇਕ ਵਾਰੀ ਅੰਮ੍ਰਿਤਸਰ ਵੱਲੋਂ ਦੂਰ ਦੇ ਰਿਸ਼ਤੇਦਾਰਾਂ ਦਾ ਸਾਰਾ ਪਰਿਵਾਰ ਕਿਤੇ ਆਪਣੇ ਨੇੜੇ ਦੇ ਰਿਸ਼ਤੇਦਾਰ ਦੇ ਵਿਆਹ ਗਿਆ ਤੇ ਉਥੋਂ ਫਿਰਦਾ ਤੁਰਦਾ ਬੀ ਜੀ ਕੋਲ ਆ ਗਿਆ। ਮੈਂ ਵਿਚੋਂ ਇਕ ਅੱਧੇ ਨੂੰ ਹੀ ਜਾਣਦੀ ਹੋਣੀ ਹਰ ਵੇਰਾਂ ਕੋਈ ਨਵੀਂ ਕਹਾਣੀ ਹੁੰਦੀ। ਮੈਂ ਪਿੰਡ ਫ਼ੋਨ ਕੀਤਾ ਸੀ ਤੇ ਉਥੇ ਕੀ ਹੋਇਆ। ਉਹ ਨਹੀਂ ਸਮਝਦੇ ਇਥੋਂ ਬਾਰੇ। ਐਤਕੀਂ ਫਿਰ ਭੈਣ ਜੀ ਪਿੰਡ ਵਾਲਿਆਂ ਦੀ ਬੜੀ ਵਧੀਆ ਗੱਲ ਮੇਰੇ ਬੀ ਜੀ ਨੇ ਦੱਸੀ ਕਿ ਆਪਣੇ ਪਿੰਡ ਬਿੰਦੀ ਨੀਲੋ ਦੇ ਭਤੀਜੇ ਦਾ ਵਿਆਹ ਹੈ। ਨੀਲੋ ਇੰਗਲੈਂਡ ਵਿਚੋਂ ਵਿਆਹ ਕਮਾਉਣ ਆਈ ਹੋਈ ਹੈ। ਕੁੜੀ ਐੱਮ.ਏ. ਕਰਕੇ ਪ੍ਰੋਫ਼ੈਸਰ ਲੱਗੀ ਹੋਈ ਹੈ ਤੇ ਕਹਿੰਦੇ ਕਿ ਉਹਨੇ ਬਿੰਦੀ ਨੂੰ ਆਸਟ੍ਰੇਲੀਆ ਵੀ ਲੈ ਜਾਣਾ ਹੈ, ਕਿਉਂਕਿ ਆਈ ਲਿਟ ਪਾਸ ਕੀਤਾ ਹੋਇਆ ਹੈ। ਹੈਂ ਮੈਂ ਤੇ ਸੁਣ ਕੇ ਹੈਰਾਨ ਰਹਿ ਗਈ ਕਿ ਬਿੰਦੀ ਕਾਲਾ ਕਲੂਟਾ ਬਾਹਰਵੀਂ ਫੇਲ੍ਹ ਤੇ ਪ੍ਰੋਫ਼ੈਸਰ ਕੁੜੀ। ਆਹੋ ਉਨ੍ਹਾਂ ਨੇ ਜ਼ਮੀਨ, ਘਰ, ਗੱਡੀ ਵੇਖੀ ਹੈ ਤੇ ਕਹਿੰਦੇ ਕਿ ਮੁੰਡਾ ਪਸੰਦ ਹੈ ਸਾਰਾ ਵਿਆਹ ਵੀ ਇਨ੍ਹਾਂ ਨੇ ਹੀ ਕਰਨਾ ਹੈ। ਤੇ ਆਸਟ੍ਰੇਲੀਆ ਘੱਲਣ ਦਾ ਖਰਚ ਵੀ ਤੇ ਉਥੇ ਜਾ ਕੇ ਪੱਕਿਆਂ ਹੋਣ ਲਈ ਕੁੜੀ ਪੜੂਗੀ ਤੇ ਇਹ ਕੰਮ ਕਰੂਗਾ।" ਵਾਹ ! ਬੀਜੀ ਦੀ ਗੱਲ ਸੁਣ ਕੇ ਮੈਨੂੰ ਬਹੁਤ ਹੀ ਹੈਰਾਨ ਹੋਈ। ਮੈਂ ਆਪਣੀ ਭਾਬੀ ਨੂੰ ਦੱਸੀ ਉਹ ਕਹਿੰਦੀ—"ਹਾਂ, ਭੈਣ ਜੀ ਅੱਜ ਕੱਲ੍ਹ ਇਹ ਬਹੁਤ ਹੀ ਹੋ ਰਿਹਾ ਹੈ।" ਮੈਂ ਕਿਹਾ—"ਤੈਨੂੰ ਕਿਵੇਂ ਪਤਾ ?" ਕਹਿੰਦੀ—"ਮੇਰੀ ਮੰਮੀ ਕੋਲ ਸ਼ਾਮ ਨੂੰ ਬੈੱਡ ਤੇ ਤਿੰਨੇ ਪਾਸੇ ਫ਼ੋਨਾਂ 'ਤੇ ਕਾਲਾਂ ਆਉਂਦੀਆਂ ਇਹੋ ਹੀ। ਮੈਂ ਬੜੀ ਹੈਰਾਨ ਹੋਈ ਕਿ ਇਹ ਕਿਵੇਂ ਕਹਿੰਦੀ—ਭੈਣ ਜੀ ! ਸਾਨੂੰ ਆਇਆਂ ਨੂੰ ਅੱਸੀ ਸਾਲ ਹੋ ਗਏ ਆ ਤੇ ਅਸੀਂ ਇਸ ਸਮੇਂ ਵਿਚ ਮੇਰੇ ਗਰੈਂਡ ਫਾਦਰ, ਮੰਮੀ ਪਾਪਾ ਤਕਰੀਬਨ ਆਸਟ੍ਰੇਲੀਆ ਤੇ ਅੱਠ ਵੱਡੇ-ਵੱਡੇ ਪਿੰਡਾਂ ਦੇ ਆਪਣੇ ਲੋਕਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹਾਂ ਕਿਉਂਕਿ ਉਹ ਕਿਤੇ ਦਸ ਸਾਲ, ਕਿਤੇ ਵੀਹ ਸਾਲ ਰਹੇ ਹਨ ਤੇ ਅਗਾਂਹ ਤੋਂ ਅਗਾਂਹ ਉਨ੍ਹਾਂ ਦੀ ਵਾਕਫ਼ੀਅਤ ਹੈ। ਤੇ ਇਹ ਸਾਰੇ ਸਾਰੇ ਮਸਲੇ ਮੇਰੀ ਮੰਮੀ ਕੋਲ ਆਉਂਦੇ ਹਨ। ਭੈਣ ਜੀ ਬੜੀ ਹੀ ਸੁਆਦਲੀ ਗੱਲ ਹੈ ਕਿ ਜੋ ਅੱਗੇ ਮੁੰਡੇ ਕਰਦੇ ਸੀ, ਹੁਣ ਕੁੜੀਆਂ ਕਰਦੀਆਂ ਹਨ।

ਇਕ ਦੱਸੇ ਕਿ ਇਕ ਕੁੜੀ ਇਥੋਂ ਵਿਆਹ ਕਰਾਉਣ ਗਈ ਤੇ ਵਿਆਹ ਕਰਵਾ ਕੇ ਮੁੰਡੇ ਨੂੰ ਵੀਜ਼ਾ ਲਵਾ ਕੇ ਇਕੱਠੇ ਜਹਾਜ਼ ਵਿਚ ਆ ਰਹੇ ਸੀ ਕਿ ਜਹਾਜ਼ ਵਿਚ ਹੀ ਮੁੰਡਾ ਅੜੀ ਫੜੀ ਕਰਨ ਲੱਗ ਪਿਆ ਕਿ ਜਿਵੇਂ ਬਾਹਰ ਜਾ ਕੇ ਬੱਚੂ ਤੈਨੂੰ ਦੱਸੂੰ ਇਕ ਵਾਰੀ ਤੂੰ ਲੈ ਤੇ ਜਾ ਤੇ ਕੁੜੀ ਵਿਚਾਰੀ ਚੁੱਪ ਚਾਪ ਹੀ ਸਾਰੇ ਰਾਹ ਸੁਣਦੀ ਆਈ। ਆ ਕੇ ਫਿਰ

ਸਟੈਂਪ ਲੱਗਣੀ ਹੁੰਦੀ। ਕਹਿੰਦੀ, ਜਾ ਤੁਰਿਆ ਜਾ ਜਿਹੜਾ ਬਕਵਾਸ ਜਹਾਜ਼ ਵਿਚ ਕਰਦਾ ਸੀ, ਜਾ ਕੇ ਹੁਣ ਵਾਪਸ ਆਪਣੇ ਪਿੰਡ ਕਰੀਂ। ਇਵੇਂ ਹੀ ਕੁੜੀਆਂ ਆ ਕੇ ਸੈੱਟ ਹੋ ਕੇ ਮੁੰਡਿਆਂ ਨੂੰ ਜਵਾਬ ਦੇ ਦੇਂਦੀਆਂ ਤੇ ਕਈ ਮੁੰਡੇ ਲਿਆ ਕੇ ਉਨ੍ਹਾਂ ਨੂੰ ਚੂੰ ਵੀ ਨਹੀਂ ਕਰਨ ਦੇਂਦੀਆਂ ਝੱਟ ਡਾਈਵੋਰਸ, ਪੁਲਿਸ, ਖਰਚਾ ਕਦੇ ਕੁਝ ਤੇ ਕਦੇ ਕੁਝ ਸੁਣਾ ਕੇ ਮੁੰਡਿਆਂ ਨੂੰ ਝੱਗ ਵਾਂਗੂੰ ਬਠਾ ਦੇਂਦੀਆਂ।

ਭੈਣ ਜੀ ਨਵੀਂ ਗੱਲ ਕੁੜੀਆਂ ਵੱਧ ਸਮਾਰਟ ਨੇ ਤੇ ਵੱਧ ਸਿਆਣੀਆਂ ਤੇ ਸੰਜੀਦਗੀ ਨਾਲ ਪੜ੍ਹਦੀਆਂ ਨੇ। ਅੱਜ ਕੱਲ੍ਹ ਬਾਹਰ ਆਉਣ ਲਈ ਉਹ ਬਾਹਰ ਦੇ ਟੈਸਟ ਵੀ ਬੜੀ ਤੇਜ਼ੀ ਨਾਲ ਚੰਗੇ ਨੰਬਰਾਂ ਵਿਚ ਪਾਸ ਕਰ ਰਹੀਆਂ ਨੇ ਤੇ ਮੁੰਡੇ ਵਿਚਾਰੇ ਹੁਣ ਸੌਦਾ ਕਰਦੇ ਆਪਣੇ ਘਰਾਂ ਦਾ, ਜ਼ਮੀਨਾਂ ਦਾ ਤੇ ਦਾਜ ਵੀ ਨਹੀਂ ਲੈਂਦੇ। ਸਗੋਂ ਮੁੰਡੇ ਵਾਲੇ ਹੀ ਸਾਰਾ ਵਿਆਹ ਕਰਦੇ ਨੇ ਤੇ ਬਾਹਰ ਆਉਣ ਦਾ ਦੋਹਾਂ ਦਾ ਖਰਚਾ ਵੀ। ਤੇ ਇਥੇ ਆ ਕੇ ਵੀ ਮੁੰਡੇ ਨੂੰ ਹੀ ਕੰਮ ਕਰਨਾ ਪੈਂਦਾ। ਕੁੜੀਆਂ ਪੜ੍ਹਦੀਆਂ ਨੇ ਤੇ ਅਗਲੀਆਂ ਚੂੰ ਵੀ ਨਹੀਂ ਕਰਨ ਦੇਂਦੀਆਂ। ਹੁਣ ਆਈ ਗੱਲ ਟਿਕਾਣੇ, ਇਹ ਤੇ ਵਧੀਆ ਵਪਾਰ ਹੈ। ਧੀਆਂ ਧੰਨ ਬਿਗਾਨਾ ਨਹੀਂ ਹੁਣ, ਧੀਆਂ ਧੰਨ ਆਪਣਾ ਆਪਣੇ ਆਪ ਹੋਣਗੀਆਂ।

ਮੈਂ ਸੋਚਾਂ ਕਿ ਬੁਰੀ ਕਿਸਮਤ ਮੇਰੀ ਕਿ ਮੈਂ ਆਪਣੇ ਕੰਮ ਤੋਂ ਪੰਜ ਮਿੰਟ ਫ਼ੋਨ ਕਰਨ ਲਈ ਕਾਰਡ ਮਾਰਿਆ ਤੇ ਅੱਗੋਂ ਮੇਰਾ ਭਰਾ ਉਹ ਵੀ ਹੱਦ ਤੋਂ ਵੱਧ ਸੋਸ਼ਲ ਭੈਣ ਆਹ ਭਾਜੀ ਬਿੰਦਰ ਤੇ ਉਹਦਾ ਸਾਰਾ ਪਰਿਵਾਰ ਇਥੇ ਸ਼ਿੰਦੋ ਕੇ ਘਰ ਵਿਆਹਿਆ ਆਇਆ ਹੈ। ਹੁਣ ਆਪਣੇ ਘਰ ਆ ਤੂੰ ਮਾੜੀ ਜਿਹੀ ਇਨ੍ਹਾਂ ਸਾਰਿਆਂ ਨਾਲ ਗੱਲ ਕਰ ਲਾਂ। ਮੇਰੀ ਤੇ ਇਕ ਵੀ ਨਹੀਂ ਸੁਣੀ ਕਿ ਵੀਰ ਮੈਂ ਕੰਮ 'ਤੇ ਹਾਂ। ਮੈਂ ਬੀ ਜੀ ਦਾ ਹਾਲ ਪੁੱਛਣ ਲਈ ਫ਼ੋਨ ਕੀਤਾ ਹੈ। ਕੋਈ ਨਹੀਂ ਫਿਰ ਤੂੰ ਪੁੱਛੀਂ ਬੀ ਜੀ ਦਾ ਹਾਲ ਪਹਿਲਾਂ ਗੱਲ ਕਰ ਲਾ ਤੇ ਫ਼ੋਨ ਫੜਾ ਦਿੱਤਾ ਪਹਿਲਾਂ ਭਾ ਜੀ ਨੂੰ ਉਹ ਸੋਚ ਸੋਚ ਕੇ ਕਿੱਦਾਂ ਫਿਰ ਤੁਹਾਡਾ ਭੈਣ ਜੀ ਹਾਲ, ਬੱਚਿਆਂ ਦਾ ਕਿਵੇਂ ਹੈ, ਭਾ ਜੀ ਦਾ ਕਿਵੇਂ ਹੈ ? ਦਿਲ ਜ਼ਿਆਦਾ ਹੀ ਲਾ ਲਿਆ ਜਾ ਕੇ। ਪਿੱਛੇ ਕਦੋਂ ਆਉਣਾ ਪਤਾ ਨਹੀਂ ਕਿੰਨਾ ਕੁਝ ਪੁੱਛੀ ਜਾਵੇ ਤੇ ਫਿਰ ਵਾਰੀ ਆਈ ਲੈ ਆਪਣੀ ਭਰਜਾਈ ਨਾਲ ਗੱਲ ਕਰ ਲਾ। ਕਿੱਦਾਂ ਭੈਣ ਜੀ, ਕਦੋਂ ਕੁ ਆਉਣਾ ਆਪਾਂ ਤੇ ਘਰ ਬਾਹਰ ਹੀ ਬਣਾ ਕੇ ਬਹਿ ਗਏ ਆਂ। ਪਿੱਛੇ ਦਾ ਵੀ ਸੋਚਿਆ ਜੇ। ਆਪਣੀ ਬਿੰਦਰ ਨਰਸਿੰਗ ਦਾ ਕੋਰਸ ਕਰ ਰਹੀ ਹੈ। ਇਹਨੂੰ ਆਪਣੇ ਕੋਲ ਹੀ ਲੈ ਜਾਓ। ਨਾਲੇ ਤੁਹਾਨੂੰ ਸੁਖ ਹੋ ਜਾਊ। ਤੁਹਾਡੇ ਬੀ ਜੀ ਦੱਸਦੇ ਕਿ ਤੁਹਾਨੂੰ ਇਥੋਂ ਵਾਂਗੂੰ ਹੀ ਕੰਮ ਪੈਂਦਾ ਹੈ। ਆ ਲਓ ਬਿੰਦਰ ਵੀ ਨਾਲ ਹੀ ਆਈ ਆ, ਇਹਦੇ ਨਾਲ ਵੀ ਗੱਲ ਕਰ ਲਉ। "ਸਤਿ ਸ੍ਰੀ ਅਕਾਲ ਆਂਟੀ। ਆਂਟੀ ਤੁਸੀਂ ਕਿਥੇ ਰਹਿੰਦੇ ਹੋ, ਮੇਰੀ ਇਕ ਫਰੈਂਡ ਵੀ ਫੌਰਨ ਜਾ ਰਹੀ ਹੈ। ਆਂਟੀ ਮੈਂ ਵੀ ਆਉਣਾ ਚਾਹੁੰਦੀ ਹਾਂ। ਮੈਨੂੰ ਤੁਸੀਂ ਗਾਈਡ ਕਰਨਾ, ਆਂਟੀ ਮੈਂ ਦਸਵੀਂ ਵਿਚੋਂ ਫਸਟ ਡਵੀਜ਼ਨ ਤੇ ਪਾਸ ਹੋਈ ਸੀ। ਫਿਰ ਬਾਰ੍ਹਵੀਂ ਵਿਚੋਂ ਵੀ ਹਾਈ ਸੈਕਿੰਡ ਡਵੀਜ਼ਨ ਆਈ ਸੀ ਤੇ ਫਿਰ ਆਂਟੀ ਇਥੇ ਬਾਬਿਆਂ ਦੇ ਕਾਲਜ ਵਿਚ ਪਾਪਾ ਦਾ ਇਕ ਦੋਸਤ ਐੱਸ. ਜੀ.ਪੀ.ਸੀ. ਵਿਚ ਸੀ ਤੇ ਉਹਨੇ ਦਾਖ਼ਲਾ ਲੈ ਦਿੱਤਾ। ਚੰਗਾ ਆਂਟੀ ਜੀ,



ਫਿਰ ਤੁਸੀਂ ਸੋਚਿਓ ਜ਼ਰੂਰ ਮੇਰੇ ਬਾਰੇ। ਆਹ ਲਉ, ਕਾਕੇ ਨਾਲ ਵੀ ਗੱਲ ਕਰ ਲਉ। ਇਹ ਵੀ ਮੇਰੇ ਤੋਂ ਫ਼ੋਨ ਖੋਹੀ ਜਾਂਦਾ ਜੇ। ਹੈਲੋ, ਹੈਲੋ ਆਂਟੀ ਜੀ ਸਤਿ ਸ੍ਰੀ ਅਕਾਲ। ਆਂਟੀ ਜੀ ਜਦੋਂ ਕੋਈ ਆਇਆ ਤੇ ਮੇਰੇ ਲਈ ਟੇਪ, ਵੀਡੀਓ ਗੇਮ ਤੇ ਨੈਕੀ ਦੇ ਬੂਟ ਜ਼ਰੂਰ ਭੇਜਿਓ। ਮੇਰਾ ਅੱਠ ਨੰਬਰ ਜੇ ਤੇ ਬਿੰਦਰ ਨੇ ਕਿਹਾ ਹੀ ਨਹੀਂ ਉਹਦੇ ਲਈ ਵੀ ਨੈਕੀ ਦੇ ਬੂਟ ਭੇਜਿਓ।" ਇਸ ਤਰ੍ਹਾਂ ਹਰ ਹਫ਼ਤੇ ਹੀ ਜਦੋਂ ਮੈਂ ਬੀਜੀ ਨਾਲ ਫ਼ੋਨ ਕਰਨਾ ਸ਼ੁਰੂ ਕਰਨਾ, ਸਾਰੇ ਆਂਢੀਆਂ ਗੁਆਂਢੀਆਂ ਵਾਰੀ ਵਾਰੀ ਬਾਹਰ ਲੈ ਜਾਣ ਦੀਆਂ ਤਾਕੀਦਾਂ ਕਰੀ ਜਾਣੀਆਂ ਤੇ ਮੇਰੀ ਗੱਲ ਪੂਰੀ ਨਾ ਹੋ ਸਕਣੀ।

—

# ਵਿਆਹ ਦਾ ਸੱਦਾ

ਬਰਲਿੰਗਟਨ ਕੋਟ ਫ਼ੈਕਟਰੀ ਵਿਚ ਨੱਬੇ ਪ੍ਰਤੀਸ਼ਤ ਆਪਣੇ ਏਸ਼ੀਅਨਜ਼ ਹੀ ਕੰਮ ਕਰਦੇ ਆ ਤੇ ਉਨ੍ਹਾਂ ਵਿਚ ਬਹੁਤੇ ਗੁਜਰਾਤੀ, ਪਾਕਿਸਤਾਨੀ ਤੇ ਬੰਗਲਾ ਦੇਸੀ ਕੰਮ ਕਰਦੇ। ਇਕ ਬ੍ਰਾਂਚ ਹੈ ਜਿਸ ਵਿਚ ਸੱਤਰ ਪ੍ਰਤੀਸ਼ਤ ਆਪਣੀਆਂ ਪੰਜਾਬੀ ਭੈਣਾਂ ਕੰਮ ਕਰਦੀਆਂ ਤੇ ਨਿੱਕੀ ਤੋਂ ਨਿੱਕੀ ਗੱਲ ਵੀ ਪੰਜਾਬ ਦੇ ਪਿੰਡਾਂ ਦੀ ਉਥੇ ਦਲੀ-ਮਲੀ ਜਾਂਦੀ। ਸਾਰੇ ਜ਼ਿਆਦਾ ਮਾਲਵੇ ਦੇ ਪਿੰਡ ਕੁਝ ਦੁਆਬੇ ਦੇ ਤੇ ਇੱਕੜ-ਦੁੱਕੜ ਹੀ ਮਾਝੇ ਦਾ ਹੁੰਦਾ। ਹਰ ਇਕ ਭੈਣ ਦੂਜੀ ਭੈਣ ਦੇ ਮੂੰਹ ਵੱਲ ਵੇਖ ਕੇ ਹੀ ਅੰਦਾਜ਼ਾ ਲਾ ਲੈਂਦੀ ਕਿ ਇਸ ਦੇ ਘਰ ਕੀ ਰਿੱਧਾ ਪੱਕਾ ਹੈ। ਇਸੇ ਤਰ੍ਹਾਂ ਹੀ ਰਮਿੰਦਰ ਦੇ ਅੰਦਰ ਵੜਦਿਆਂ ਹੀ ਸ਼ਿੰਦਰ ਨੇ ਪੁੱਛਿਆ—"ਸੁਖ ਤੇ ਹੈ, ਕੀ ਗੱਲ ਏ ਅੱਜ ਤੇਰਾ ਕੁਝ ਮੂਡ ਠੀਕ ਨਹੀਂ ਲੱਗਦਾ।"

"ਲੱਗਣਾ ਕੀ ਆ, ਆ ਜਾਓ ਇਹੋ ਜਿਹੇ ਤੱਤੜੇ ਦੇਸ਼ ਵਿਚ ਹਾਂ, ਜੀਹਨੇ ਕਾਸੇ ਜੋਗਾ ਛੱਡਿਆ ਹੀ ਨਹੀਂ ਆ।"

"ਕੀ ਗੱਲ ਕੋਈ ਖ਼ਾਸ ਗੱਲ ਹੋ ਗਏ ਜਾਪਦੀ ਆ।"

"ਇਥੋਂ ਦਾ ਮਾਹੌਲ ਮੈਨੂੰ ਬਹੁਤ ਹੀ ਚੰਗਾ ਲੱਗਦਾ ਕਿਉਂਕਿ ਸਿੱਧੀਆਂ ਬਣਸੋ, ਸੀਬੋ, ਜੀਤੋ ਜਿਵੇਂ ਪਹਿਲਾਂ ਪਿੰਡਾਂ ਵਿਚ ਕਪਾਹ ਚੁਗਣ ਗਈਆਂ, ਸਿੱਟੇ ਚੁਗਣ ਗਈਆਂ ਜਾਂ ਮਿੱਟੀ ਪੁੱਟਣ ਗਈਆਂ ਗੱਲਾਂ ਕਰਦੀਆਂ ਹੱਸਦੀਆਂ, ਖੇਡਦੀਆਂ, ਰੋਣ ਸਿਆਪੇ ਸਾਂਝੇ ਕਰਦੀਆਂ ਇਵੇਂ ਹੀ ਇਥੇ ਫ਼ਰਕ ਇਹ ਕੇ ਇਹ ਤਿਆਰ ਹੋ ਕੇ ਡੱਬਿਆਂ ਵਿਚ ਰੋਟੀ ਲੈ ਕੇ ਆਉਂਦੀਆਂ ਤੇ ਉਹ ਵਿਚਾਰੀਆਂ ਰੁਲੀਆਂ, ਲੀਰਾਂ ਲੱਥੇ ਕੱਪੜਿਆਂ ਵਿਚ ਹੁੰਦੀਆਂ।"

ਰਮਿੰਦਰ ਕਹਿੰਦੀ—"ਚੰਗਾ ਭੈਣ! ਲੰਚ ਟਾਈਮ 'ਤੇ ਤਾਂ ਦਸੂੰ ਹੁਣ ਕੰਮ ਕਰ ਲਈਏ।"

ਓ. ਕੇ., ਸ਼ਿੰਦਰ ਨੂੰ ਵੀ ਕਾਹਲੀ ਸੀ। ਮੈਂ ਵੀ ਕੁਝ ਨਾ ਕੁਝ ਹਿੱਸਾ ਗੱਲ ਦਾ ਸੁਣ ਹੀ ਲਿਆ ਲਾਕਰ ਵਿਚ ਪਰਸ ਰੱਖਦੀ ਨੇ। ਚਲੋ ਖ਼ੈਰ, ਲੰਚ ਟਾਈਮ ਤੇ ਤਾਂ ਸਾਰਿਆਂ ਇਕੱਠਿਆਂ ਹੀ ਹੋਣਾ। ਚਲੋ ਪਾਉਂਦਿਆਂ ਲਾਉਂਦਿਆਂ ਨੂੰ ਬਾਰਾਂ ਵੱਜ ਈ ਗਏ ਤੇ ਮੈਂ ਵੀ ਰਸੋਈ ਵਿਚ ਆ ਗਈ ਤੇ ਓਧਰੋਂ ਰਮਿੰਦਰ ਵੀ। "ਹੋਰ ਭੈਣਾਂ ਕੀ ਹਾਲ ਹੈ। ਰੋਟੀ ਹੈਗੀ ਕਿ ਮੈਂ ਵੱਧ ਗਰਮ ਕਰ ਲਵਾਂ ?" ਇਥੇ ਇਹ ਵੀ ਹੈ ਕਿ ਸਾਰਿਆਂ ਨੇ ਹੀ ਇਕ ਘਰੋਂ ਲਿਆਂਦੀ ਰੋਟੀ ਤੇ ਕੁਝ ਮਾਈਕ੍ਰੋਵੇਵ ਵਿਚ ਬਣਾ ਕੇ ਖਾਣ ਵਾਲਾ ਸਾਮਾਨ ਰੱਖਿਆ ਹੁੰਦਾ। "ਹੈਗੀ ਆ ਭੈਣ, ਚੱਲ ਫਿਰ ਗਰਮ ਕਰਕੇ ਇਕੱਠੇ ਹੀ ਬੈਠ ਕੇ ਖਾਂਦੇ ਆ।" ਓਧਰੋਂ ਭੈਣ



ਸ਼ਿੰਦਰ ਵੀ ਆ ਗਈ। ਚਲੋ ਤੁਸੀਂ ਉਥੇ ਚਲੋ, ਮੈਂ ਵੀ ਆਉਂਦੀ ਹਾਂ ਤੇ ਅਸੀਂ ਇਕ ਪਾਸੇ ਚਹੁੰ ਕੁਰਸੀਆਂ ਵਾਲੇ ਮੇਜ਼ 'ਤੇ ਬੈਠ ਗਈਆਂ। ਰਮਿੰਦਰ ਤਾਂ ਸ਼ਿੰਦਰ ਨੂੰ ਉਡੀਕ ਰਹੀ ਸੀ ਤਾਂ ਹੀ ਗੱਲ ਸ਼ੁਰੂ ਕਰੂ। ਚਲੋ ਜੀ, ਉਹ ਵੀ ਆ ਗਈ ਪਹਿਲਾਂ ਤਾਂ ਚੁੱਪ ਰਹੀਆਂ। ਪਰ ਛੇਤੀ ਹੀ ਉਹ ਸ਼ੁਰੂ ਹੋ ਗਈ—"ਭੈਣ! ਤੈਨੂੰ ਪਤਾ ਕਿ ਦੀਪਾ ਭੈਣ ਦੀ ਕੁੜੀ ਦਾ ਵਿਆਹ ਹੈ ਤੇ ਮੇਰਾ ਘਰ ਵਾਲਾ ਸਿਆਪਾ ਪਾ ਕੇ ਬੈਠਾ ਕਿ ਜਾਣ ਨਹੀਂ ਦੇਣਾ।"

"ਕਿਉਂ ਕੀ ਗੱਲ ਆ, ਮੰਦੀ ਪੈ ਗਈ ਟਿਕਟ ਲੈਣ ਨੂੰ।"

"ਨਹੀਂ ਨੀ ਭੈਣ, ਮੈਂ ਹੀ ਆਪਣੇ ਪੈਰ 'ਤੇ ਆਪ ਹੀ ਕੁਹਾੜਾ ਮਾਰ ਬੈਠੀ ਹਾਂ। ਜਦੋਂ ਭੈਣ ਦਾ ਫ਼ੋਨ ਆਇਆ ਕਿ ਰੀਤੂ ਦਾ ਵਿਆਹ ਪੰਦਰਾਂ ਦਿਨਾਂ ਨੂੰ ਹੈ ਤੇ ਮੈਂ ਪੁੱਛ ਬੈਠੀ ਕਿ ਭੈਣ ਨੂੰ ਏਡੀ ਛੇਤੀ ਕੱਛ 'ਚੋਂ ਮੂੰਗਲੀ ਕਿੱਦਾਂ ਕੱਢ ਮਾਰੀ। ਕੱਲ੍ਹ ਤਕ ਤਾਂ ਤੂੰ ਮੈਨੂੰ ਦੱਸਿਆ ਨਹੀ ਸੀ।" ਰਮਿੰਦਰ ਇਕੋ ਸਾਹੇ ਸਾਰੀ ਕਹਾਣੀ ਸੁਣਾ ਦੇਣਾ ਚਾਹੁੰਦੀ ਸੀ ਤੇ ਅਸੀਂ ਵੀ ਉਹਨੂੰ ਸ਼ੋਅ 'ਤੇ ਨਹੀਂ ਸੀ ਕਰ ਰਹੀਆਂ ਪਰ ਸੁਣਨ ਨੂੰ ਡਾਢੀਆਂ ਹੀ ਉਤਾਵਲੀਆਂ ਸਾਂ। ਰਮਿੰਦਰ ਆਪਣੀ ਭੈਣ ਨੂੰ ਸੱਤ ਸਾਲ ਹੋ ਗਏ ਆਈ ਨੂੰ, ਜਿਸ ਨੂੰ ਇਨ੍ਹਾਂ ਦੀਆਂ ਪਟੀਸ਼ਨਾਂ ਕਰਕੇ ਸੱਦਿਆ ਸੀ। ਅਜੇ ਤਕ ਮਿਲਣ ਵੀ ਨਹੀਂ ਗਈ। ਨਾ ਹੀ ਉਹ ਨਿਆਣਿਆਂ ਵਿਚ ਫਸੀ ਜੋ ਨਿਆਣੀ ਉਮਰੇ ਇਸੇ ਕਰਕੇ ਬਾਹਰ ਵਿਆਹੀ ਸੀ ਕਿ ਬਾਕੀ ਭੈਣਾਂ ਭਰਾਵਾਂ ਦੀ ਪਟੀਸ਼ਨ ਕਰਕੇ ਸੱਦੂਗੀ।

ਪਹਿਲਾਂ ਵੀ ਰਮਿੰਦਰ ਨੇ ਰੋ-ਰੋ ਕੇ ਭੈਣ ਦੀ ਕਹਾਣੀ ਸੁਣਾਈ ਸੀ ਕਿ ਭੈਣ ਉਨੀਵੇਂ ਸਾਲ ਵਿਚ ਅਮਰੀਕਾ ਆਪਣੇ ਤੋਂ ਦੁਗਣੀ ਉਮਰ ਦੇ ਬੰਦੇ ਨਾਲ ਵਿਆਹੀ ਆ ਗਈ ਸੀ। ਆਉਂਦਿਆਂ ਅੱਗੇ ਵੱਡਾ ਪਰਿਵਾਰ, ਸ਼ਿਫ਼ਟਾਂ ਕੰਮ ਦੀਆਂ ਲਾਵੇ। ਇਕ ਆਵੇ ਇਕ ਜਾਵੇ ਤੇ ਇਹ ਵਿਚਾਰੀ ਸਾਰਿਆਂ ਨੂੰ ਰੋਟੀ ਪਾਣੀ ਪਕਾ ਕੇ ਖਵਾਵੇ ਤੇ ਉੱਤੋਂ ਥਲੀ ਚਾਰ ਨਿਆਣੇ। ਫਿਰ ਆਪਣੀ ਮਾਂ ਨੂੰ ਸੱਦਿਆ। ਮਾਂ ਤੇ ਪੂਰੀ ਸਰਦਾਰਨੀ, ਅੱਗੋਂ ਟੱਬਰ ਵਿਚ ਉਹਨੂੰ ਫਸੀ ਵੇਖ ਕੇ ਘਰ ਚਾਹ ਪੀਂਦਿਆਂ ਹੀ ਕਹੇ ਕਿ ਪਿਛਾਂਹ ਮੁੜ ਜਾਵਾਂ। ਕਹੇ ਦੀਪ—"ਮੈਨੂੰ ਬੀਬੀ ਧੀ ਬਣ ਕੇ ਭੇਜ ਦੇ, ਮੇਰਾ ਪਿੱਛੇ ਨਹੀਂ ਸਰਦਾ। ਤੇਰਾ ਬਾਪੂ ਬਿਮਾਰ ਹੋ ਜਾਊ। ਉਹਨੇ ਕਿਸੇ ਤੋਂ ਰੋਟੀ ਨਹੀਂ ਮੰਗਣੀ। ਤੇਰਾ ਭਰਾ ਪਿੱਛੋਂ ਲੜੂ, ਤੇਰੀ ਭੈਣ ਆ ਕਰੂ, ਤੇਰੀ ਭਾਬੀ ਆ ਕਰੂ। ਬਸ ਰੋਜ਼ ਹੀ ਨਿੱਤ ਨਵਾਂ ਸਿਆਪਾ।" ਬੀਬੀ ਨੇ ਤੇ ਰੋ-ਰੋ ਘਰ ਭਰਨਾ ਸ਼ੁਰੂ ਕਰ ਦਿੱਤਾ। ਭੈਣ ਦੀਪ ਦੱਸੇ ਕਿ ਉਹਨੇ ਤੇ ਸੋਚਿਆ ਸੀ ਕਿ ਬੀਬੀ ਆਊ ਤੇ ਮੈਨੂੰ ਆਸਰਾ ਹੋਊ ਤੇ ਮੈਂ ਬਾਹਰ ਕੰਮ ਕਰੂੰ ਤੇ ਬੀਬੀ ਤੇ ਹੋਰ ਵੀ ਸਰਾਪ ਚੰਬੜ ਗਿਆ।

ਬਹੁਤ ਹੀ ਭੈਣ ਨੇ ਸਮਝਾਇਆ ਕਿ ਬੀਬੀ ਤੇਰੇ ਪਰਿਵਾਰ ਦਾ ਤਾਂ ਹੀ ਕੁਝ ਬਣਨਾ ਜੇ ਮੈਂ ਕੁਝ ਕਰੂੰ। ਬੀਬੀ ਦੇ ਖਾਨੇ ਭੋਰਾ ਵੀ ਸਮਝ ਨਾ ਪਵੇ ਕਿ ਦੀਪਾਂ ਕੀ ਕਹਿੰਦੀ ਹੈ। ਬੀਬੀ ਕਹੇ—"ਮੈਨੂੰ ਤੇਰੇ ਸਹੁਰੇ ਤੋਂ ਸੰਗ ਆਉਂਦੀ। ਤੇਰੀ ਸੱਸ ਦੇ ਸਾਹਮਣੇ ਖਾਵਾਂ ਕਿਵੇਂ ? ਤੇਰੇ ਦਿਉਰ, ਤੇਰੇ ਜੇਠ।" ਬਸ ਇਹੀ ਅਲਾਪ ਦਿਨ ਰਾਤ ਅਲਾਪੇ। ਅਖ਼ੀਰ ਦੂਜੇ ਹਫ਼ਤੇ ਹੀ ਦੀਪ ਭੈਣ ਨੇ ਸਰਦਾਰਨੀ ਨੂੰ ਚੜ੍ਹਾ ਤਾ ਜਹਾਜ਼ੇ ਕਿ ਸਾਂਭੋ ਆਪਣੀ ਸੁਗਾਤ ਨੂੰ। ਇਹਨੂੰ ਬਸ ਮਾਸਾ ਵੀ ਸਮਝ ਨਹੀਂ ਕਿ ਕਿਵੇਂ ਸਾਰਾ ਕੁਝ ਕਰਨਾ ਹੈ ਤੇ ਭਾਪੇ ਨੂੰ ਭੇਜ

ਦਿਉ। ਉਹਨੂੰ ਤੇ ਸਮਝ ਹੈ। ਬੀਬੀ ਨੇ ਬੱਸ ਸਰਦਾਰਨੀ ਜੀ ਹੀ ਕਹਾਇਆ ਹੈ ਤੇ ਬਾਹਰੋਂ ਆਇਆ ਸਾਂਭਿਆ ਹੈ ਇਹਨੂੰ ਤੇ ਇਲਮ ਹੀ ਨਹੀਂ ਕਿ ਬਾਹਰੋਂ ਆਉਂਦਾ ਕਿਵੇਂ ਹੈ ?

ਰਮਿੰਦਰ ਦੱਸਦੀ ਕਿ ਛੇ ਮਹੀਨਿਆਂ ਦੇ ਵਿਚ ਵਿਚ ਹੀ ਭਾਪਾ ਆ ਗਿਆ। ਜਿਹੜਾ ਉਥੇ ਚਾਦਰ ਬੰਨਦਾ ਸੀ ਪਰ ਮੇਰੇ ਕਹਿਣ 'ਤੇ ਪਜਾਮਾ ਕਮੀਜ਼ ਪਾ ਕੇ ਆਇਆ। ਦੀਪ ਭੈਣ ਦੱਸੇ ਕਿ ਉਹਦੇ ਘਰ ਦੇ ਏਅਰਪੋਰਟ 'ਤੇ ਲੈਣ ਗਏ ਤੇ ਭਾਪਾ ਰਾਹ ਵਿਚ ਹੀ ਹਿਸਾਬ ਕਿਤਾਬ ਲਾਵੇ ਕਿ ਉਹਨੂੰ ਕੰਮ ਕਿਹੜਾ ਮਿਲ ਸਕਦਾ ਹੈ। ਘਰ ਵੜ ਕੇ ਤੇ ਤਾੜ ਤਾੜ ਦੋ ਅਟੈਚੀ ਮਾਰਦਿਆਂ ਜਤਿੰਦਰ ਦੀਪ ਦਾ ਘਰ ਵਾਲਾ ਕਹੇ ਕਿ ਚਲੋ ਲੱਭੋ ਭਾਪੇ ਲਈ ਪਹਿਲਾਂ ਕੰਮ। ਭੈਣ ਕਹਿੰਦੀ ਕਿ ਮੈਂ ਸਮਝ ਗਈ ਕਿ ਬੀਬੀ ਜਿੰਨੀ ਪਿਛਾਂਹ ਤੇ ਭਾਪਾ ਓਨਾ ਹੀ 'ਗਾਂਹ। ਖ਼ੈਰ ਮਿਲ ਮਿਲਾ ਕੇ ਚਾਹ ਪਾਣੀ ਪੀ ਕੇ ਦੀਪ ਭਾਪੇ ਨੂੰ ਉਪਰ ਲੈ ਗਈ ਤੇ ਹੌਲੀ ਹੌਲੀ ਕਹੇ—"ਭਾਪਾ! ਚੁੱਪ ਰਹੀਂ ਰੌਲਾ ਨਾ ਪਾਵੀਂ ਤੇ ਭਾਪਾ ਉੱਚੀ-ਉੱਚੀ ਕਹਿੰਦਾ—ਕਿਉਂ ਇਥੇ ਕੋਈ ਮਰ ਗਿਆ ਆ ਕਿ ਮੈਨੂੰ ਤੰਦੂਆ ਪਿਆ, ਮੈਂ ਬੋਲਾ ਨਾ।" ਚਲੋ ਖ਼ੈਰ, ਦੋ ਚਾਰ ਦਿਨਾਂ ਵਿਚ ਅੱਗੇ ਪਿੱਛੇ ਹੋ ਕੇ ਦੱਬ ਨੱਪ ਕੇ ਭੈਣ ਨੇ ਭਾਪੇ ਦੇ ਗੱਲ ਦਿਮਾਗ਼ ਵਿਚ ਪਾ ਹੀ ਦਿੱਤੀ ਕਿ ਪਟੀਸ਼ਨਾਂ ਤਾਂ ਹੀ ਹੋਣੀਆਂ ਜੇ ਤੂੰ ਰਹੇਂਗਾ। ਬੀਬੀ ਤੇ ਸਮਝੀ ਹੀ ਨਹੀਂ। ਪਹਿਲਾਂ ਮੈਨੂੰ ਬਾਹਰ ਕੱਢਣ ਦੀ ਤੁਹਾਨੂੰ ਕਾਹਲੀ ਸੀ। ਹੁਣ ਪਤਾ ਲੱਗਾ ਆ ਕੇ ਬਾਹਰ ਦਾ, ਫਿਰ ਕਹੇ ਮੈਨੂੰ ਚੜਾ ਵਾਪਸੀ। ਪਰ ਭਾਪਾ ਸਿਆਣਾ ਨਿਕਲਿਆ। ਵਿਚਾਰੇ ਨੇ ਭੈਣ ਦੀਪ ਦੇ ਨਿਆਣਿਆਂ ਦੀ ਜ਼ਿੰਮੇਵਾਰੀ ਚੁੱਕ ਲਈ। ਤੇ ਭੈਣ ਬਾਹਰ ਕੰਮ ਕਰਨ ਲੱਗ ਪਈ। ਅੱਜ ਕੱਲ੍ਹ ਆਈ.ਆਰ.ਐੱਸ. ਵਿਚ ਕੰਮ ਕਰਦੀ ਹੈ।

ਭਾਪਾ ਨਿਆਣਿਆਂ ਨੂੰ ਤਿਆਰ ਕਰਕੇ ਲਾਗੇ ਗੁਆਂਢ ਸਕੂਲ ਛੱਡ ਆਉਂਦਾ ਹੈ, ਲੈ ਆਉਂਦਾ ਹੈ ਤੇ ਆ ਕੇ ਬਸ ਪਿੱਛੇ ਲਾਅਨ ਵਿਚ ਸਬਜ਼ੀਆਂ ਬੀਜ ਛੱਡਦਾ। ਓਦੋਂ ਤੇ ਕਾਨੂੰਨ ਬਣ ਗਿਆ ਤੇ ਭਾਪੇ ਨੂੰ ਪੈਨਸ਼ਨ ਵੀ ਲੱਗ ਗਈ। ਤੇ ਭਾਪੇ ਦਾ ਪਰਿਵਾਰ ਵੀ ਆ ਗਿਆ। ਜੀਹਦੇ ਵਿਚ ਰਮਿੰਦਰ ਦੀ ਕੁਆਰੀ ਭੈਣ ਦੇ ਦੋ ਭਰਾ ਆ ਗਏ ਤੇ ਰਮਿੰਦਰ ਵਿਆਹੀ ਹੋਣ ਕਰਕੇ ਪਟੀਸ਼ਨ ਕਰਨੀ ਪਈ। ਬਾਕੀ ਆ ਕੇ ਸਾਰੇ ਥਾਓਂ-ਥਾਈਂ ਸੈਟ ਹੋ ਗਏ। ਜਿਹੜੇ ਵਾਪਸ ਦੇਸ਼ ਵੀ ਜਾਂਦੇ, ਪੈਸਾ ਵੀ ਖਰਚਦੇ, ਰਿਸ਼ਤੇਦਾਰਾਂ ਨੂੰ ਵੀ ਮਿਲਦੇ ਪਰ ਭੈਣ ਦੀਪ ਤਾਂ ਸੜ ਕੇ ਸੁਆਹ ਹੀ ਹੋ ਗਈ। ਨਾ ਕੋਈ ਜ਼ਿੰਦਗੀ ਦਾ ਚਾਅ, ਨਾ ਉਮੰਗ, ਨਾ ਪਿੱਛੇ ਨਾ ਅੱਗੇ। ਬਸ ਇਥੋਂ ਦੀ ਹੀ ਹੋ ਕੇ ਰਹਿ ਗਈ ਸਦਾ ਲਈ।

ਸਮਾਂ ਪਾ ਕੇ ਰਮਿੰਦਰ ਜੋ ਉਥੇ ਪੂਰੀ ਸੈੱਟ ਸੀ। ਇਹ ਤੇ ਇਹਦਾ ਪਰਿਵਾਰ ਵੀ ਆ ਗਿਆ। ਰਮਿੰਦਰ ਦੱਸਦੀ ਕਿ ਮੇਰੇ ਘਰ ਵਾਲੇ ਨੂੰ ਪੂਰੀ ਸੂਹ ਭੈਣ ਦੇ ਪਰਿਵਾਰ ਦੀ ਮੇਰੀ ਦੂਜੀ ਭੈਣ ਦਾ ਪ੍ਰਾਹੁਣਾ ਦਿੰਦਾ। ਪਹਿਲਾਂ ਤਾਂ ਇਹ ਕਹੇ ਕਿ ਕਿਹੜਾ ਸਮਾਂ ਹੋਵੇ ਪਟੀਸ਼ਨ ਨਿਕਲੇ ਤੇ ਅਸੀਂ ਜਾਈਏ। ਕਹੇ ਅਸੀਂ ਤਾਂ ਭੈਣ ਦਾ ਦੇਣ ਨਹੀਂ ਦੇ ਸਕਦੇ, ਅਸੀਂ ਤਾਂ ਕਦੇ ਵੀ ਉਹਨੂੰ ਨਹੀਂ ਭੁੱਲਾਂਗੇ। ਲੋਕੀ ਇੰਨੇ ਇੰਨੇ ਲੱਖ ਲਾ ਕੇ ਜਾਂਦੇ, ਲੋਕੀ ਮੁੜ ਆਉਂਦੇ, ਤੰਗ ਹੁੰਦੇ ਅਸੀਂ ਤਾਂ ਕਾਗ਼ਜ਼ੀ ਪੱਤਰੀ ਹੀ ਚਲੇ ਜਾਣਾ। ਪਰ ਇਥੇ ਆ ਕੇ ਬਿਲਕੁਲ



ਹੀ ਬਦਲ ਗਿਆ ਕਹੇ ਕਿ ਉਹਦੇ ਨਿਆਣੇ ਵਿਗੜੇ ਹੋਏ ਆ, ਅਸੀਂ ਨਹੀਂ ਜਾਣਾ। ਉਹਨੂੰ ਕਹਿ ਆ ਕੇ ਆਪ ਹੀ ਮਿਲ ਜਾਵੇ, ਬੱਚੇ ਲੈ ਕੇ ਨਾ ਆਵੇ। ਨਵਾਂ ਸਿਆਪਾ ਮੇਰੀ ਭੈਣ ਮੇਰੇ ਭਣੇਵੇਂ, ਭਣੇਵੀਆਂ ਕੀ ਕਰਾਂ ਪਰ ਇਹ ਵੀ ਸ਼ੇਰ ਬਣ ਗਿਆ। ਬਿਗਾਨੀ ਧਰਤੀ 'ਤੇ ਇਹਦੇ ਦੋਸਤ ਨੇ ਆਪਣੇ ਗੈਸ ਸਟੇਸ਼ਨ 'ਤੇ ਕੰਮ ਦੇ ਦਿੱਤਾ ਤੇ ਇਹਨੂੰ ਪਤਾ ਸੀ ਕਿ ਹੁਣ ਕਿਥੇ ਜਾਣਗੇ। ਕਦੇ ਇਨ੍ਹਾਂ ਨਿਆਣਿਆਂ ਨੂੰ ਮਾਸੀ ਗੱਲ ਕਰਨ ਲਈ ਕਹਿੰਦੀ ਤਾਂ ਇਹਨੇ ਰੋਕਿਆਂ ਹੋਣ ਕਰਕੇ ਉਹ ਕਹਿੰਦੇ ਅਸੀਂ ਵੇਖੀ ਨਹੀਂ ਹੈ, ਕਿਹੜੀ ਮਾਸੀ। ਇੰਜ ਹੀ ਸੱਤ ਅੱਠ ਸਾਲ ਲੰਘ ਗਏ।

ਤੇ ਕੱਲ੍ਹ ਇਕ ਨਵੀਂ ਆਫ਼ਤ ਉਹਨੇ ਵਿਆਹ ਦਾ ਫ਼ੋਨ ਕੀਤਾ ਤੇ ਮੈਂ ਪੁੱਛ ਲਿਆ— "ਭੈਣ, ਮੁੰਡਾ ਕਦੋਂ ਆਇਆ ਹੈ ਕਿ ਇਥੋਂ ਦਾ ਜੰਮਪਲ ਹੈ।" ਕਹਿੰਦੀ—ਇਥੋਂ ਦਾ ਹੀ ਹੈ। ਮੈਂ ਫਿਰ ਸ਼ੱਕ ਦੂਰ ਕਰਨ ਲਈ ਝਕਦੀ ਝਕਦੀ ਨੇ ਪੁੱਛਿਆ ਭੈਣ ਪਿੱਛੋਂ ਕਿਹੜਾ ਪਿੰਡ ਹੈ। ਕਹਿੰਦੀ—ਤੈਨੂੰ ਕਿਹਾ ਇਥੋਂ ਦਾ ਹੀ ਹੈ। ਫਿਰ ਭੈਣ ਦੱਸ ਤਾਂ ਸਹੀ, ਇਥੇ ਆਪਣਾ ਹੀ ਆ ਨਾ। ਭੈਣ ਕਹਿੰਦੀ—ਨਹੀਂ ਇਥੋਂ ਦਾ ਆਪਣਾ ਕਿਵੇਂ ਹੋ ਗਿਆ। ਰਮਿੰਦਰ ਕਹਿੰਦੀ ਨਾਲੇ ਤੇ ਮੈਂ ਗੱਲ ਕਰਾਂ ਤੇ ਨਾਲ ਹੀ ਲੱਤਾਂ ਕੰਬੀ ਜਾਣ। ਫਿਰ ਭੈਣ ਨੂੰ ਕਿਹਾ—ਭੈਣ ਇਥੋਂ ਦਾ ਹੁਣ ਇਹ ਦੱਸ ਕਿ ਗੋਰਾ ਹੀ ਆ। ਹੋਰ ਕਾਲਾ ਹੋਣਾ ਸੀ ਤੇ ਭੈਣ ਨੇ ਫ਼ੋਨ ਬੰਦ ਕਰ ਦਿੱਤਾ। ਰਮਿੰਦਰ ਕਹਿੰਦੀ ਕਿ ਮੈਂ ਆਪਣੇ ਘਰ ਵਾਲੇ ਨੂੰ ਇਹੀ ਸ਼ੋਅ ਕੀਤਾ ਕਿ ਮੈਨੂੰ ਰਿਸ਼ਤੇ ਦਾ ਤੇ ਪਤਾ ਨਹੀਂ ਪਰ ਭੈਣ ਦੀਪ ਦੀ ਬੇਟੀ ਜੋ ਯੂਨੀਵਰਸਿਟੀ ਵਿਚ ਪੜ੍ਹਾਉਂਦੀ ਹੈ, ਉਹਦਾ ਵਿਆਹ ਹੈ ਅਗਲੇ ਐਤਵਾਰ ਤੇ ਉਹ ਕਹਿੰਦੀ ਸੀ ਆਇਓ। ਉਹ ਕਿਹੜਾ ਅੱਗੋਂ ਘੱਟ ਸੀ। ਕਹਿੰਦਾ—ਪੁੱਛ ਲੈਣਾ ਸੀ ਕਿ ਮੁੰਡਾ ਕੀ ਕਰਦਾ ਹੈ, ਕਿਥੋਂ ਦਾ ਹੈ। ਰਮਿੰਦਰ ਅੱਗੇ ਵੀ ਰੋਣੇ ਰੋਂਦੀ ਹੁੰਦੀ ਸੀ ਕਿ ਇਹ ਭੈਣ ਦਾ ਨਾਂ ਨਹੀਂ ਲੈਣ ਦਿੰਦਾ ਤੇ ਇਹਨੇ ਜਾਣ ਕਿਥੋਂ ਦੇਣਾ। ਸੋ ਰਮਿੰਦਰ ਵਿਚਾਰੀ ਰੋਈ ਜਾਵੇ, ਨਾਲੇ ਸਾਨੂੰ ਪੁੱਛੇ ਕਿ ਕੀ ਕਰਾਂ ?

ਇਹ ਭੈਣਾਂ ਭਰਾ ਇਕੋ ਹੀ ਮਾਂ-ਬਾਪ ਦੇ ਜਾਏ ਹੁੰਦੇ ਪਰ ਕਈਆਂ ਦੀ ਝੋਲੀ ਵਿਚ ਦੁੱਖ ਦੀ ਦੁੱਖ ਹਿੱਸੇ ਆਉਂਦੇ ਹਨ। ਉਹ ਵਿਚਾਰੀ ਪਹਿਲਾਂ ਨਿਆਣੀ ਵੱਡੇ ਟੱਬਰ ਵਿਚ ਵਿਆਹ ਕੇ ਬਾਹਰ ਕੱਢ ਦਿੱਤੀ ਤੇ ਫਿਰ ਵਿਚਾਰੀ ਨੇ ਔਖੇ ਹੋ ਕੇ ਇਹ ਨਿਆਣੇ ਪਾਲੇ, ਪੜ੍ਹਾਏ ਲਿਖਾਏ ਪਰ ਹੁਣ ਫਿਰ ਉਸ ਤੋਂ ਵੀ ਵੱਧ ਦੁਖੀ। ਪਹਿਲਾਂ ਮਾਂ-ਬਾਪ ਦੇ ਘਰੋਂ ਉਹ ਸੁਖ ਆਰਾਮ, ਪਿਆਰ ਨਾ ਮਿਲਿਆ ਪਰ ਇਕ ਸੌਦਾਬਾਜ਼ੀ ਹੀ ਹੋਈ ਵਿਆਹ ਵੀ, ਜਿਹੜਾ ਹੋਇਆ ਤੇ ਫਿਰ ਅੱਗੇ ਜਿਸ ਦਿਨ ਦੀ ਔਲਾਦ ਹੋਈ ਦੁੱਖ ਵਧਦੇ ਹੀ ਗਏ। ਕੁੜੀ ਪੜ੍ਹ ਤੇ ਗਈ ਪਰ ਪਿੱਛੇ ਨਹੀਂ ਗਈ। ਇਥੇ ਜੰਮੀ ਪਲੀ, ਇਥੋਂ ਵਾਂਗ ਹੀ ਇਸੇ ਪਾਣੀ ਨੂੰ ਰਗਾਂ ਵਿਚ ਵਸਾ ਲਿਆ ਤੇ ਜਿਵੇਂ ਇਹ ਕਹਿੰਦੇ ਉਵੇਂ ਹੀ ਕੀਤਾ। ਪੜ੍ਹੀ ਲਿਖੀ ਸੀ। ਭੈਣ ਦੱਸਦੀ ਸੀ ਕਿ ਮੈਥ ਵਿਚ ਪੀ-ਐੱਚ.ਡੀ. ਕੀਤੀ ਹੈ। ਪਰ ਇਕ ਗੱਲ ਦੀਪ ਭੈਣ ਦੱਸਦੀ ਕਿ ਜਦੋਂ ਵੀ ਵਿਆਹ ਦਾ ਨਾਂ ਲੈਣਾ ਤੇ ਇਹੀ ਕਹਿੰਦੀ ਮੰਮੀ ਤੁਸੀਂ ਬਹੁਤ ਸੌਖੇ ਜੇ, ਮੈਂ ਵਿਆਹ ਕਰਾਵਾਂ। ਸੋ ਮਾਂ ਨੂੰ ਵੀ ਸਮਝ ਨਾ ਆਈ ਤੇ ਹੁਣ ਉਹ ਵਿਚਾਰੀ

ਵੀ ਪਤਾ ਨਹੀਂ ਕਿਵੇਂ ਕਿਸਮਤ ਦੀ ਹਾਰੀ ਵਿਆਹ ਦਾ ਸੌਦਾ ਦਿੰਦੀ ਹੈ ਤੇ ਅੱਗੋਂ ਅਸੀਂ ਵਿਆਹ ਦੇ ਸੌਦੇ ਲੈਣ ਵਾਲੇ ਵੀ ਕਿੰਨਾ ਕੁ ਉਹਨੂੰ ਵਿਚਾਰੀ ਨੂੰ ਸਮਝਦੇ ਹਾਂ। ਮੈਨੂੰ ਲੱਗਦਾ ਕਿ ਜਿਵੇਂ ਦੀ ਬਾਕੀ ਪਰਿਵਾਰ ਦੀ ਸੋਚ ਹੈ, ਕੋਈ ਵੀ ਵਿਆਹੀ ਜਾਵੇ। ਕਿਸੇ ਨੇ ਨਹੀਂ ਸਮਝਣਾ ਮੇਰੀ ਭੈਣ ਵਿਚਾਰੀ ਦਾ ਦੁੱਖ ਕਿਉਂਕਿ ਜੇ ਮੈਂ ਹੀ ਨਹੀਂ ਕਰ ਸਕਦੀ, ਜਿਸਦੀ ਉਹਨੇ ਵਿਚਾਰੀ ਨੇ ਇੰਨੀ ਮਦਦ ਕੀਤੀ।

—



# ਇਲਾਜ

ਜਦੋਂ ਵੀ ਰੋਜ਼ੀ ਦੀ ਮੰਮੀ ਰੋਜ਼ੀ ਨੂੰ ਵਿਆਹ ਲਈ ਪੁੱਛਦੀ ਤਾਂ ਰੋਜ਼ੀ ਇਹੀ ਪ੍ਰਸ਼ਨ ਕਰਦੀ—"ਮੰਮੀ! ਤੂੰ ਆਪ ਕਿੰਨੀ ਕੁ ਸੌਖੀ ਹੈਂ ? ਮੰਮੀ! ਤੂੰ ਆਪ ਕਿੰਨੀ ਕੁ ਖ਼ੁਸ਼ ਹੈਂ ? ਜਾਂ ਮੰਮੀ ਤੂੰ ਵਿਆਹ ਕਰਵਾ ਕੇ ਕੀ ਖੱਟਿਆ।" ਕਿਉਂਕਿ ਰੋਜ਼ੀ ਨੇ ਜਦੋਂ ਤੋਂ ਸੁਰਤ ਸੰਭਾਲੀ, ਆਪਣੇ ਡੈਡੀ ਨੂੰ ਨਸ਼ੇ ਵਿਚ ਧੁੱਤ ਹੀ ਵੇਖਿਆ। ਨਸ਼ੇ ਵਿਚ ਕਦੇ ਮੰਮੀ ਨੂੰ ਮਾਰ, ਕਦੇ ਬੱਚਿਆਂ ਨੂੰ ਝਿੜਕਾਂ ਤੇ ਕਦੇ ਪਿੰਡ ਵਿਚ ਲਲਕਾਰੇ ਨਿਕਲ ਬਾਹਰ ਗਾਲ੍ਹਾਂ ਗਲੋਚ ਜਿਸ ਕਰਕੇ ਪਿੰਡ ਦੇ ਸਕੂਲ ਪੜ੍ਹਦਿਆਂ ਵੀ ਰੋਜ਼ੀ ਨੇ ਪਤਾ ਨਹੀਂ ਕਿੰਨ੍ਹਿਆਂ ਨੂੰ ਜਵਾਬ ਦੇਵੇ। ਕਦੇ ਗੁਆਢੀਆਂ ਨੇ ਪੁੱਛਣਾ—ਅੱਜ ਤੇਰੀ ਮਾਂ ਨੂੰ ਕਿੰਨੀ ਮਾਰ ਪਈ ? ਕਿਥੇ ਕਿਥੇ ਪਈ ? ਕਦੇ ਬਾਪੂ ਨਾਲ ਲੜਾਈ, ਕਿਉਂ ਲੜਿਆ ਸੀ, ਕੀ ਕਹਿੰਦਾ ਸੀ ?

ਸਭ ਤੋਂ ਵੱਧ ਨਮੋਸ਼ੀ ਉਦੋਂ ਹੋਈ ਜਦੋਂ ਇਕ ਦਿਨ ਜਮਾਤ ਵਿਚ ਭੈਣ ਜੀ ਨੇ ਪੜ੍ਹਾਉਂਦਿਆਂ-ਪੜ੍ਹਾਉਂਦਿਆਂ ਭੂਤ ਦੀ ਉਦਾਹਰਣ ਰੋਜ਼ੀ ਦੇ ਡੈਡੀ ਦੀ ਦੇ ਦਿੱਤੀ। ਸਾਰੀ ਜਮਾਤ ਹੀ ਜ਼ੋਰ ਜ਼ੋਰ ਦੀ ਹੱਸਣ ਲੱਗ ਪਈ ਤੇ ਰੋਜ਼ੀ ਉੱਚੀ-ਉੱਚੀ ਉੱਭੇ ਸਾਹ ਲੈ-ਲੈ ਕੇ ਰੋਣ ਲੱਗ ਪਈ। ਫਿਰ ਸ਼ਾਇਦ ਭੈਣ ਜੀ ਨੇ ਗ਼ਲਤੀ ਤੇ ਪਛਤਾਵਾ ਜ਼ਾਹਿਰ ਕਰਨ ਲਈ ਉਸ ਨੂੰ ਚੁੱਪ ਕਰਾਇਆ। ਘਰ ਆਉਣਾ ਤਾਂ ਰੋਜ਼ ਓਹੀ ਰੰਡੀ ਰੋਣਾ। ਮਾਂ ਨੇ ਪੱਠੇ ਕੁਤਰਦੀ ਹੋਣਾ ਤੇ ਉਹਨੇ ਮੰਜੇ 'ਤੇ ਪਏ ਹੋਣਾ। ਉੱਠ ਕੇ ਬੂਆ-ਬੂਆ, ਮਾਂ ਦੇ ਦਵਾਲੇ। ਮਾਂ ਵਿਚਾਰੀ ਨੇ ਕੰਮ ਤੋਂ ਵਿਹਲੇ ਹੋ ਕੇ ਮਸ਼ੀਨ ਡਾਹ ਲੈਣੀ ਤੇ ਲੋਕਾਂ ਦੇ ਕੱਪੜੇ ਸਿਉਂ ਕੇ ਖਰਚੇ ਲਈ ਪੈਸੇ ਪੂਰੇ ਕਰਨੇ। ਉਹ ਵੀ ਲੋਕਾਂ ਤੋਂ ਚੋਰੀ ਲੈਣੇ ਕਿ ਕਿਤੇ ਵਹੀ ਨੂੰ ਪਤਾ ਲੱਗ ਜਾਵੇ। ਨਹੀਂ ਤਾਂ ਇਹ ਵੀ ਪੋਰਿਆਂ ਦੀ ਕਮਾਈ ਨਸ਼ੇ ਵਿਚ ਹੀ ਜਾਊ। ਇਸੇ ਲਈ ਤਾਂ ਉਹਨੇ ਭੂਤਰਨਾ ਕਿ ਕੰਮ ਇੰਨਾ ਕਰਦੀ ਆ, ਪੈਸੇ ਕਿਧਰ ਜਾਂਦੇ। ਕਿਹੜੀ ਮਾਂ ਨੂੰ ਦਿੱਤੇ ਈ, ਕਿਹੜੇ ਯਾਰ ਨੂੰ ਦਿੱਤੇ ਈ ਤੇ ਜੇ ਮਾਂ ਨੇ ਬੋਲਣਾ ਤੇ ਕੁਟਾਪਾ। ਰੋਜ਼ੀ ਨੇ ਹੋਸ਼ ਸੰਭਾਲੀ ਤਾਂ ਆਪਣੇ ਮਾਮੇ ਨੂੰ ਚਿੱਠੀ ਲਿਖੀ ਜਿਸ ਵਿਚ ਸਾਰਾ ਕੁਝ ਖੋਲ੍ਹ ਕੇ ਲਿਖਿਆ—ਡੈਡੀ ਦੀ ਕਰਤੂਤ ਬਾਰੇ। ਮਾਮਾ ਬਾਹਰ ਅਮਰੀਕਾ ਵਿਚ ਸੀ। ਸੁਣ ਕੇ ਬਹੁਤ ਹੀ ਪਰੇਸ਼ਾਨ ਹੋਇਆ ਕਿ ਪੰਮੀ ਨੇ ਤੇ ਕਦੇ ਦੱਸਿਆ ਹੀ ਨਹੀਂ ਕਿ ਉਸ ਦੀ ਹਾਲਤ ਏਨੀ ਮਾੜੀ ਹੈ। ਚਿੱਠੀ ਪੜ੍ਹ ਕੇ ਮਾਮੇ ਨੇ ਜਵਾਬ ਦਿੱਤਾ ਕਿ ਛੇਤੀ ਹੀ ਆ ਰਿਹਾ ਹਾਂ ਤੇ ਤੁਹਾਨੂੰ ਕਿਸੇ ਵੀ ਤਰੀਕੇ ਬਾਹਰ ਕੱਢ ਲਊਂਗਾ।

ਦੋ ਮਹੀਨਿਆਂ ਬਾਅਦ ਮਾਮਾ ਜੀ ਆ ਗਏ ਤੇ ਪੰਮੀ ਨੂੰ ਦੱਸੇ ਬਿਨਾਂ ਹੀ ਜਾ ਛਾਪਾ

ਮਾਰਿਆ। ਅੱਗੇ ਪੰਮੀ ਵਿਚਾਰੀ ਰਾਤ ਦੀ ਪਈ ਕੁੱਟ ਦੇ ਨੀਲਾਂ ’ਤੇ ਇੱਟਾ ਤੱਤਾ ਕਰਕੇ ਕੱਪੜੇ ਵਿਚ ਲਪੇਟ ਕੇ ਸੇਕ ਦੇਣ ਡਹੀ ਸੀ। ਭਰਾ ਨੂੰ ਵੇਖਦਿਆਂ ਸਾਰ ਹੀ ਉਹਦੀ ਨਜ਼ਰ ਚਕਰਾ ਗਈ ਤੇ ਜ਼ੋਰ ਦੀ ਉੱਠਣ ਲੱਗੀ ਧੜੰਮ ਕਰਕੇ ਡਿੱਗ ਪਈ। ਕੁੜੀਆਂ ਅੰਦਰੋਂ ਭੱਜੀਆਂ ਆਈਆਂ ਤੇ ਸਾਹਮਣੇ ਦਾ ਦ੍ਰਿਸ਼ ਦੇਖ ਕੇ ਠਿਠੰਬਰ ਗਈਆਂ। ਵੀਰਾ ਵਿਚਾਰਾ ਕੀ ਕਰੇ, ਪਹਿਲਾਂ ਭੈਣ ਨੂੰ ਚੁੱਕੇ। ਸਹਿਮੀਆਂ ਪੀਲੀਆਂ ਭੂਕ ਹੋਈਆਂ ਭਣੇਵੀਆਂ ਨੂੰ ਗਲ ਨਾਲ ਲਾਵੇ ਕਿ ਮੰਜੇ ’ਤੇ ਪਏ ਚੋਬਰ ਨੂੰ ਦਬੋਚੇ।

ਦੋ ਕੰਮ ਤਾਂ ਮਾਮੇ ਨੇ ਆਸਾਨੀ ਨਾਲ ਬੜੇ ਹੌਂਸਲੇ ਨਾਲ ਕਰ ਲਏ। ਭੈਣ ਨੂੰ ਵੀ ਉਠਾ ਲਿਆ ਤੇ ਭਣੇਵੀਆਂ ਨੂੰ ਵੀ ਸੰਭਾਲ ਲਿਆ। ਤੀਜਾ ਕੰਮ ਰਿਸ਼ਤਾ ਨਾਜ਼ੁਕ ਸੀ ਤੇ ਥਾਂ ਮਿਥ ਲਿਆ ਅਮਰੀਕਾ। ਚੱਲ ਭਾਈਆ ਤੈਨੂੰ ਵੇਖੂੰ ਓਥੇ ਕਿਵੇਂ ਨਸ਼ਾ ਲਹਿੰਦਾ ਤੇਰਾ। ਮਨ ਹੀ ਮਨ ਵਿਚ ਮਾਮੇ ਨੇ ਪੱਕਾ ਕਰ ਲਿਆ। ਪੰਮੀ ਨੂੰ ਤੇ ਭਣੇਵੀਆਂ ਨੂੰ ਆਪਨੇ ਨਾਲ ਹੀ ਪਿੰਡ ਲੈ ਗਿਆ। ਜਾ ਕੇ ਅੰਦਰ ਵੜ ਗਏ ਕਿ ਸ਼ਰੀਕਾਂ ਨੂੰ ਭਿਣਕ ਨਾ ਲੱਗ ਜਾਵੇ। ਬਸ ਜੇ ਦੱਸਿਆ ਤਾਂ ਆਪਨੇ ਇਕ ਪੱਗ ਵੱਟ ਭਰਾ ਨੂੰ ਕਿਉਂਕਿ ਕੰਮ ਕਰਨ ਲਈ ਕਿਸੇ ਦੀ ਮਦਦ ਚਾਹੀਦੀ ਸੀ। ਕਾਗ਼ਜ਼ ਭਰ ਕੇ, ਫੋਟੋਆਂ ਖਿਚਵਾ ਕੇ ਪਾਸਪੋਰਟ ਬਣਨੇ ਦੇ ਦਿੱਤੇ। ਦੋ ਮਹੀਨੇ ਆਪ ਦਿਨ ਰਾਤ ਇਕ ਕਰਕੇ ਅੰਦਰ ਹੀ ਅੰਦਰ ਰੋਂਦਿਆਂ, ਵਿਸ ਘੋਲਦਿਆਂ, ਹੌਂਸਲਾ ਦੇਂਦਿਆਂ ਲੰਘ ਗਏ।

ਵੈਲੀ ਨੂੰ ਵੀ ਬਾਹਰੋਂ ਅੰਦਰੋਂ ਪਤਾ ਲੱਗ ਹੀ ਰਿਹਾ ਸੀ ਕਿ ਕੁਝ ਹੋ ਰਿਹਾ ਹੈ। ਪੰਮੀ ਨੂੰ ਤਾਂ ਪੁੱਛੇ ਨਾ। ਕੁੜੀਆਂ ਨੂੰ ਪੁੱਛੇ—ਕੁੜੇ ਤੁਹਾਡਾ ਮਾਮਾ ਕੀ ਕਹਿੰਦਾ ਸੀ। ਕਿਥੇ ਲੈ ਕੇ ਗਿਆ ਸੀ, ਕੀ ਦੇ ਕੇ ਗਿਆ। ਕੁੜੀਆਂ ਵੀ ਪੱਕੀਆਂ ਪੀਠੀਆਂ ਕਿ ਕਿਤੇ ਮਾਸਾ ਵੀ ਭੇਦ ਨਾ ਦਿੰਦੀਆਂ, ਚਪੇੜਾਂ ਭਾਵੇਂ ਖਾ ਲੈਂਦੀਆਂ। ਪੰਮੀ ਨੇ ਤਰਲੇ ਤੇ ਬਹੁਤ ਕੀਤੇ, ਵੇਖੀਂ ਵੀਰ ਮੇਰਾ ਘਰ ਨਾ ਬਰਬਾਦ ਹੋ ਜਾਵੇ ਤੇ ਵੀਰ ਅੱਗੋਂ ਝਵੀ ਲੈ ਕੇ ਪੈਂਦਾ—"ਕਿਹੜਾ ਤੇਰਾ ਆਬਾਦ ਘਰ ਆ, ਜਿਹੜਾ ਬਰਬਾਦ ਹੋ ਜਾਊ। ਕੁੜੀਆਂ ਦਾ ਸੋਚ, ਤੇਰੀ ਪੰਮੀ ਮੱਤ ਮਾਰ ਤੀ ਅਮਲੀ ਨੇ। ਮੈਨੂੰ ਜੇ ਕੁੜੀ ਨਾ ਦੱਸਦੀ ਤਾਂ ਸੁਪਨਾ ਥੋੜਾ ਆਉਣਾ ਸੀ।"

ਮਾਮਾ ਵੀ ਬਾਰਾਂ ਸਾਲ ਬਾਅਦ ਕਿਤੇ ਆਇਆ ਸੀ। ਰੋਜ਼ੀ ਨੂੰ ਤਾਂ ਸ਼ਕਲ ਵੀ ਨਹੀਂ ਸੀ ਪਤਾ। ਇਕ ਪੁਰਾਣੀ ਚਿੱਠੀ ਕੱਢ ਕੇ ਐਡਰੈਸ ਲੱਭ ਲਿਆ। ਅੱਜ ਉਸੇ ਸਦਕੇ ਉਨ੍ਹਾਂ ਦੀ ਇੰਟਰਵਿਊ ਹੋ ਗਈ, ਮੈਡੀਕਲ ਹੋ ਗਿਆ ਤੇ ਟਿਕਟਾਂ ਵੀ ਉਹੀ ਮਾਮੇ ਦਾ ਬਣਿਆ ਭਰਾ ਦੇ ਗਿਆ। ਸਣੇ ਅਮਲੀ ਭਾਈਏ ਦੇ ਟੱਬਰ ਜਾ ਲੱਥਾ ਸੇਨ ਫਰਾਂਸਿਸਕੋ। ਅੱਗੋਂ ਵੀਰਾ ਤੇ ਵੀਰੇ ਦਾ ਟੱਬਰ ਗੱਡੀ ਲੈ ਕੇ ਆਏ ਤੇ ਘਰ ਲੈ ਆਏ। ਘਰ ਮਾਮੀ ਦੀਆਂ ਭਤੀਜੀਆਂ ਰੋਜ਼ੀ ਤੇ ਰੋਜ਼ੀ ਦੀ ਭੈਣ ਦੀਆਂ ਹਾਨਣਾਂ ਸੀ, ਜਿਨ੍ਹ ਜਾਂਦਿਆਂ ਹੀ ਸਾਰਾ ਕੁਝ ਸਮਝਾ ਦਿੱਤਾ ਕਿ ਕੀ ਕਰਨਾ ਹੈ। ਭੈਣ ਜੀ ਨੂੰ ਲਾਗੇ ਹੀ ਕੱਪੜੇ ਸਿਊਣ ਵਾਲੀ ਫ਼ੈਕਟਰੀ ਵਿਚ ਲਵਾ ਦਿੱਤਾ। ਕੁੜੀਆਂ ਸਕੂਲ ਲੱਗ ਗਈਆਂ ਤੇ ਅਮਲੀ ਪਹਿਲਾਂ ਤਾਂ ਕੁਝ ਦਿਨ ਘਰ ਰਿਹਾ। ਵੀਰੇ ਨੇ ਬਾਹਰ ਦੀਆਂ ਸਾਰੀਆਂ ਸ਼ਰਾਬਾਂ ਦਾ ਸੁਆਦ ਚਖਾ ਦਿੱਤਾ। ਹੁਣ ਵਾਰੀ ਸੀ ਕੰਮ ਦੀ, ਵਿਹਲੜ ਰਹਿਣ ਦੀ ਉਸਦੀ ਆਦਤ ਸੀ। ਸ਼ਾਮ ਨੂੰ ਕੰਮ ਤੋਂ



ਆ ਕੇ ਜਦੋਂ ਨਾਲ ਲੈ ਕੇ ਜਾਣਾ ਤਾਂ ਰਾਹ ਵਿਚ ਇਹੀ ਸੁਆਲ ਕਰਨਾ ਕੀ ਕੰਮ ਹੋਊ, ਕਿੰਨਾ ਕੁ ਔਖਾ ਹੋਊ। ਮੇਰੇ ਤੋਂ ਨੀ ਹੋਣਾ, ਪਰ ਵੀਰੇ ਨੇ ਤੇ ਅਮਰੀਕਾ ਵਿਖਾਉਣੀ ਸੀ। ਪਹਿਲਾਂ ਤਾਂ ਇਹੀ ਲੱਗਾ ਕਿ ਕੰਮ ਮਿਲਣਾ ਹੀ ਨਹੀਂ ਤੇ ਵਿਚੋਂ ਅਮਲੀ ਵਾਹਵਾ ਖ਼ੁਸ਼ ਹੁੰਦਾ।

ਕਰਦਿਆਂ ਕਰਾਉਂਦਿਆਂ ਕੰਮ ਲੱਭ ਹੀ ਪਿਆ। ਰੈਸਟੋਰੈਂਟ ’ਤੇ ਡਿਸ਼ ਵਾਸ਼ਰ ਦਾ। ਕਿਉਂਕਿ ਪੜ੍ਹਿਆ ਤੇ ਉਹ ਹੈ ਨਹੀਂ ਸੀ। ਨਾ ਬੋਲਣਾ ਨਾ ਸਮਝਣਾ ਆਉਂਦਾ ਸੀ। ਗੁੰਗਾ ਤੇ ਬੋਲਾ ਆਦਮੀ ਕੀ ਕਰ ਸਕਦਾ, ਜਦੋਂ ਦਿਮਾਗ਼ ਵੀ ਕੰਮ ਨਾ ਕਰਦਾ ਹੋਵੇ। ਪਹਿਲੇ ਦਿਨ ਤਾਂ ਕੁਝ ਕੰਮ ਹਲਕਾ ਸੀ, ਵੀਕ ਡੇਅ ਸੀ ਤੇ ਵੀਕ-ਐਂਡ ਤੇ ਅਮਲੀ ਦੇ ਆਪਨੇ ਕੱਦ ਤੋਂ ਵੱਡਾ ਪਲੇਟਾਂ ਦਾ ਢੇਰ। ਇਹ ਸਾਫ਼ ਕਰਕੇ ਫਿਰ ਵੱਡੇ ਭਾਂਡੇ ਤੇ ਫਿਰ ਸਾਰੀ ਸਫ਼ਾਈ। ਕੀ ਕਰੇ ਤੇ ਕੀ ਨਾ ਕਰੇ। ਵੇਖ ਕੇ ਹੀ ਪਰ੍ਹਾਂ ਹੋ ਕੇ ਬਹਿ ਗਿਆ। ਉਹ ਬਥੇਰਾ ਇਸ਼ਾਰਿਆਂ ਨਾਲ ਪੁੱਛਣ, ਕੁਝ ਦੱਸੇ ਹੀ ਨਾ। ਤੇ ਹਾਰ ਕੇ ਉਨ੍ਹਾਂ ਵੀਰ ਦਾ ਰੈਫਰੈਂਸ ਸੀ, ਉਹਨੂੰ ਫ਼ੋਨ ਕਰ ਦਿੱਤਾ। ਵੀਰ ਕਹਿੰਦਾ, ਫ਼ੋਨ ਉਹਨੂੰ ਦਿਉ। ਹਾਂ, ਕੀ ਗੱਲ ਹੈ ? "ਇਥੇ ਤੇ ਕੰਮ ਬਹੁਤ ਹੈ, ਮੈਥੋਂ ਨਹੀਂ ਹੋਣਾ। ਆ ਕੇ ਲੈ ਜਾ।" "ਕੰਮ ਤੇ ਭਾਈਆ ਕਰਨਾ ਪੈਣਾ, ਪਰ ਇਨ੍ਹਾਂ ਵੀ ਤੈਥੋਂ ਨਹੀਂ ਕਰਵਾਉਣਾ ਹੁਣ। ਤੂੰ ਕਿਉਂ ਕਹਿੰਦਾ, ਲੈ ਜਾ ਇਨ੍ਹਾਂ ਤੈਨੂੰ ਕੱਢ ਦਿੱਤਾ। ਹੈਂ ਉਹ ਕਿੱਦਾਂ ? ਇਹ ਇੰਡੀਆ ਨਹੀਂ, ਪੰਮੀ ਕਰੂ ਤੇ ਤੂੰ ਖਾਵੇਂਗਾ। ਇਥੇ ਤੇ ਸਭ ਨੂੰ ਕਰਨਾ ਹੀ ਪੈਣਾ।" ਸ਼ਾਮ ਨੂੰ ਵਾਹਵਾ ਸਮਝਾਇਆ ਤੇ ਕਿਹਾ ਕਿ ਇਥੇ ਨਹੀਂ ਸਰਨਾ। ਕੀ ਕਰਨਾ ਹੁਣ। ਉਹ ਕਹੇ, ਮੈਨੂੰ ਵਾਪਸ ਭੇਜ ਦਿਉ। ਵੀਰਾ ਕਹੇ ਵਾਪਸ ਨਹੀਂ ਤੂੰ ਜਾ ਸਕਦਾ, ਟਿਕਟ ਲੱਗਣੀ ਆ। ਉਹ ਕੌਣ ਦਊ। ਚਲੋ ਮੈਂ ਟਿਕਟ ਜੋਗੇ ਪੈਸੇ ਬਣਾ ਲੈਂਦਾ ਆਂ, ਫਿਰ ਭੇਜ ਦਿਉ।

ਵੀਰ ਨੇ ਦੂਜਾ ਕੰਮ ਲੱਭਿਆ ਜੋ ਕਿ ਸਲਾਦ ਫੈਕਟਰੀ ਵਿਚ ਸੀ। ਉਹ ਟ੍ਰੇਨਿੰਗ ਦੇਣਗੇ ਸਲਾਦ ਮਸ਼ੀਨਾਂ ਨਾਲ ਕੱਟਣ ਦੀ। ਪੈਕਿੰਗ ਦੀ। ਅਮਲੀ ਨੂੰ ਲੱਗਾ ਕਿ ਇਹ ਤੇ ਕੰਮ ਸੌਖਾ ਹੀ ਹੋਊ। ਰਾਤ ਦਾ ਕੰਮ ਸੀ। ਉਥੋਂ ਹੀ ਵੀਰੇ ਨੇ ਫ਼ੋਨ ਕਰ ’ਤਾ ਕਿ ਤਿਆਰ ਰਹੀਂ ਮੇਰੇ ਆਉਂਦੇ ਨੂੰ। ਵੀਰੇ ਨੇ ਆਪਣੀ ਪੁਰਾਣੀ ਮੋਟੀ ਜੈਕਟ ਫੜਾ ਦਿੱਤੀ ਕਿ ਉਥੇ ਪਾ ਲਵੀਂ। ਜੈਕਟ ਫੜਦਿਆਂ ਹੀ ਅਮਲੀ ਦਾ ਦਸਮ ਦੁਆਰ ਖੁੱਲ੍ਹ ਗਿਆ—ਹੈਂ ! ਜੈਕਟ। ਗਰਮੀਆਂ ਵਿਚ। ਹਾਂ, ਭਾਈਆ। ਇਕ ਦਿਨ, ਦੋ ਦਿਨ ਤੇ ਤੀਜੇ ਦਿਨ ਕੰਮ ਖ਼ਤਮ, ਜਵਾਬ।

ਚੱਲ ਫਿਰ ਝਿੜਕਾਂ ਵੀਰੇ ਤੋਂ—"ਮੈਂ ਤੇਰਾ ਨੌਕਰ ਹਾਂ। ਤੈਨੂੰ ਕੰਮ ਲੱਭ ਕੇ ਦੇਂਦਾ, ਤੂੰ ਕਰਦਾ ਨਹੀਂ। ਇਥੇ ਭਾਈਆ ਕਰਨਾ ਹੀ ਪੈਣਾ। ਕਰਨਾ ਇਹ ਪੈਣਾ।" ਕੋਈ ਸੁਆਦ ਦਾ ਕੰਮ ਹੋਵੇ ਸੌਖਾ। ਐਨੀ ਠੰਡ, ਬਰਫ਼ ਵਿਚ ਮੈਂ ਮਰਨਾ। ਚੱਲ ਫਿਰ ਬਾਹਰ ਦਾ, ਉਹ ਵੀ ਵੀਰੇ ਦੇ ਯਾਰਾਂ ਦੇ ਯਾਰਾਂ ਦੇ ਖੇਤ ਹੈਗੇ ਸੀ। ਛੱਡ ਤਾ ਉਥੇ ਤੇ ਨਾਲੇ ਉਨ੍ਹਾਂ ਨੂੰ ਦੱਸ ’ਤਾ ਕਿ ਕੰਮ ਕਰਾਇਓ, ਭਜਾਇਓ ਨਾ। ਉਹ ਵੀ ਜੱਟ ਨਬਜ਼ਾਂ ਤੋਂ ਵਾਕਫ਼। ਵੰਨ, ਟੂ, ਥ੍ਰੀ, ਚਲ ਜਾ ਧੱਕੇ ਸਪਰਿੰਕਲਾਂ ਨੂੰ ਤੇ ਚਿੱਕੜ ਵਿਚ ਆਊ ਮਾਂ ਚੇਤੇ। ਜੇ ਨਾ ਕਰਦਾ ਤੇ ਅਗਲੇ ਬਲਦਾਂ ਵਾਂਗੂੰ ਆਰਾਂ ਲਾਉਂਦੇ। ਇਕ ਦਿਨ, ਦੋ ਦਿਨ, ਤੀਜੇ ਦਿਨ ਬਹਿ ਗਿਆ

ਅੜ ਕੇ ਮੈਂ ਨਹੀਂ ਖੇਤਾਂ ਵਿਚ ਜਾਣਾ। ਉਹ ਕਹਿਣ ਨਹੀਂ, ਅੱਜ ਸੌਖਾ ਕੰਮ ਦੇਵਾਂਗੇ। ਚੱਲ ਏਦਾਂ ਨਹੀਂ ਸਰਨਾ। ਏਦਾਂ ਸਾਡੀ ਵੀ ਬਦਨਾਮੀ ਹੋਣੀ ਆਂ। ਇਥੇ ਤੇ ਜਿਹੜਾ ਵੀ ਪਾਹੜਾ ਆਪਣਾ ਰਿਸ਼ਤੇਦਾਰ ਛੱਡ ਕੇ ਗਿਆ। ਅਸੀਂ ਨਹੀਂ ਜਾਣ ਦਿੱਤਾ ਵਾਪਸ।

ਮਹੀਨੇ ਬਾਅਦ ਵੀਰਾ ਸਾਰੇ ਟੱਬਰ ਨੂੰ ਲੈ ਕੇ ਮਿਲਣ ਆਇਆ। ਆਉਂਦਿਆਂ ਹੀ ਉਨ੍ਹਾਂ ਦੇ ਸੁਪਰਵਾਈਜ਼ਰ ਨੇ ਏ ਟੂ ਜ਼ੈੱਡ ਕਹਾਣੀ ਸੁਣਾ ਦਿੱਤੀ। ਕਹਿੰਦਾ ਹੁਣ ਠੀਕ ਹੁੰਦਾ ਜਾਂਦਾ। ਤੁਸੀਂ ਮਿਲੋ ਨਾ, ਨਹੀਂ ਤੇ ਉਹਨੇ ਸਾਨੂੰ ਤੰਗ ਕਰਨਾ। ਉਹ ਤੇ ਅੱਗੇ ਹੀ ਰੋਜ਼ ਰੋਂਦਾ ਕਿ ਵਾਪਸ ਭੇਜ ਦਿਉ। ਪਰ ਯਕੀਨ ਕਰੋ, ਅਸੀਂ ਠੀਕ ਕਰ ਦੇਣਾ। ਤੇ ਫਿਰ ਨਹੀਂ ਲਈਦਾ। ਮਿਲੇ ਤੋਂ ਬਿਨਾਂ ਹੀ ਸਾਰੇ ਵਾਪਸ ਆ ਗਏ। ਰੋਜ਼ੀ ਤੇ ਖ਼ੁਸ਼ ਸੀ ਪਰ ਪੰਮੀ ਵਿਚਾਰੀ ਉਦਾਸ ਹੋ ਗਈ ਕਿ ਕੀ ਬੀਤਦੀ ਹੋਊ। ਸਾਰੇ ਹੀ ਉਸ ਨੂੰ ਮਖ਼ੌਲ ਕਰਦੇ ਕਿ ਬੀਤਣੀ ਕੀ ਹੈ। ਇਹ ਅਮਰੀਕਾ ਹੀ ਵਿਗੜਿਆਂ ਤਿਗੜਿਆਂ ਨੂੰ ਬੰਦੇ ਬਣਾਉਂਦੀ ਹੈ। ਆਇਆ ਕਿ ਨਹੀਂ ਭਾਈਆ ਕਾਬੂ। ਪੰਮੀ ਤਕੜੀ ਹੋ ਜਾ ਹੁਣ। ਹੱਡਾਂ ਨੂੰ ਸ਼ਾਮ ਨੂੰ ਆ ਕੇ ਜ਼ਰੂਰ ਸੇਕ ਦੇਂਦਾ ਹੋਊ।

—



# ਅਮਰੀਕਾ

ਚੜ੍ਹਦੀ ਪੱਤੀ ਵਾਲਾ ਟੱਬਰ ਹੀ ਮਾਸੀ ਦੀ ਜ਼ਿੰਦਗੀ ਦਾ ਮਿਸ਼ਨ ਬਣ ਗਿਆ। ਜਦੋਂ ਵੀ ਗੱਲ ਕਰਦੀ, ਜਿਹਦੇ ਨਾਲ ਵੀ ਗੱਲ ਕਰਦੀ—ਬਸ ਬਾਹਰ ਬਾਹਰ। ਕਦੋਂ ਜਾਊ ਮੇਰਾ ਪੁੱਤ ਬਾਹਰ, ਕਦੋਂ ਜਾਊ ਮੇਰੀ ਧੀ ਬਾਹਰ। ਚਰਨ ਸਿੰਘ ਬਥੇਰਾ ਸਮਝਾਉਂਦਾ ਕਿ ਆਪਣੇ ਕੋਲ ਸਭ ਕੁਝ ਹੈ। ਰੱਬ ਦੇ ਆਸਰੇ ਜ਼ਮੀਨ ਵੀ ਹੈ। ਮਾਲ, ਡੰਗਰ, ਨੌਕਰੀ ਸਭ ਕੁਝ ਹੀ ਹੈ। ਪਰ ਮਾਸੀ ਨੇ ਗੁਰੋ ਤੋਂ ਗੁਰਿੰਦਰ ਕੌਰ ਬਣੀ ਚੜਦੀ ਪੱਤੀ ਵਾਲਿਆਂ ਦੀ ਆਪਣੀ ਜਠਾਣੀ ਨੂੰ ਜੁ ਵੇਖਿਆ। ਜੀਹਨੂੰ ਕੋਈ ਬੁਲਾਉਂਦਾ ਨਹੀਂ ਸੀ। ਕਾਲਾ ਰੰਗ, ਮੱਧਰਾ ਜਿਹਾ ਕੱਦ। ਮਾਸੀ ਤੇ ਮਾਸੀ ਦੀ ਸੱਸ ਤਾਂ ਵੇਖਦੀਆਂ ਵੀ ਨਹੀਂ ਸੀ ਵਿਚਾਰੀ ਨੂੰ। ਸੱਸ ਮਾਸੀ ਦੀ ਜੋ ਗੁਰੋ ਦੀ ਪਤੀਸ ਲੱਗਦੀ ਸੀ ਸ਼ਰੀਕੇ ਵਿਚੋਂ ਸਦਾ ਹੀ 'ਗੁਰੋ ਗਿੱਠੀ' ਹੀ ਕਹਿੰਦੇ ਉਹਨੂੰ। ਮਾਸੀ 'ਗੁਰੋ ਗੰਢੀ' ਕਹਿੰਦੀ ਉਸ ਨੂੰ।

ਗੁਰਿੰਦਰ ਦੇ ਚਾਰ ਮੁੰਡੇ ਤੇ ਇਕ ਕੁੜੀ ਹੋਣ ਕਰਕੇ ਵੱਡਾ ਪਰਿਵਾਰ ਤੇ ਵੱਡੀਆਂ ਹੀ ਜ਼ਿੰਮੇਵਾਰੀਆਂ ਪੈ ਗਈਆਂ। ਪਰ ਬਾਬਾ ਜ਼ਨਾਨੀ ਵੀ ਤੱਕੜੀ ਸੀ ਉਹ। ਪਹਿਲਾਂ ਨਣਾਨਾਂ, ਦਿਉਰਾਂ ਦੇ ਹੱਥ ਆਖਰਾਂ ਦਾ ਕੰਮ ਕਰਕੇ ਵਿਆਹ ਕੀਤੇ। ਸੱਸ ਤਾਂ ਵਿਚਾਰੀ ਦੀ ਵਿਆਹ ਤੋਂ ਪਹਿਲਾਂ ਹੀ ਪੂਰੀ ਹੋ ਗਈ ਸੀ। ਸਹੁਰਾ ਰੱਬ ਵਰਗਾ, ਸਦਾ ਹੀ ਅਸੀਸਾਂ ਦਿੰਦਾ ਕਿ ਜਿਵੇਂ ਤੂੰ ਮੇਰੇ ਪਰਿਵਾਰ ਨੂੰ ਸੰਭਾਲਿਆ ਹੈ। ਰੱਬ ਤੇਰਾ ਵੀ ਇਸੇ ਤਰ੍ਹਾਂ ਸਾਂਭੇ ? ਸਦਾ ਹੀ ਖਿੜਿਆ ਮੱਥਾ, ਮਿੱਠਾ ਸੁਭਾਅ, ਅਣਥੱਕ ਸਰੀਰ। ਸਭ ਨੂੰ ਜੀਅ ਆਇਆਂ ਹੀ ਕਹਿੰਦੀ। ਮਾਸੀ ਕਾ ਟੱਬਰ ਤਾਂ ਉਨ੍ਹਾਂ ਨੂੰ ਪੱਲੇ ਹੀ ਨਹੀਂ ਸੀ ਬੰਨਦਾ। ਸਦਾ ਹੀ ਟਿੱਚਰਾਂ, ਮਖ਼ੌਲ ਤੇ ਥੱਲੇ ਲਾਉਣ ਵਾਲੀਆਂ ਹੀ ਗੱਲਾਂ ਕਰਨੀਆਂ। ਜੀਹਨੂੰ ਗੁਰਿੰਦਰ ਸਤਿਕਾਰ ਨਾਲ ਬਾਪੂ ਜੀ ਕਹਿੰਦੀ। ਉਹਨੂੰ ਸਾਰਾ ਟੱਬਰ 'ਬੁੜਿਆ' ਕਹਿੰਦਾ। ਸੁਣਾ ਬੁੜਿਆ ! ਕਿੱਦਾਂ ਆਂ ਤੂੰ, ਕਿੱਦਾਂ ਤੇਰਾ ਟੱਬਰ, ਤੈਨੂੰ ਪੁੱਛਦਾ ਕਿ ਨਹੀਂ। ਤੇ ਬਾਪੂ ਵਿਚਾਰਾ ਚੁੱਪ ਹੀ ਰਹਿੰਦਾ। ਮਾੜਾ ਮੋਟਾ ਹੁੰਗਾਰਾ ਭਰ ਛੱਡਦਾ।

ਗੁਰਿੰਦਰ ਨੇ ਤੇ ਗੱਜਣ ਸਿੰਘ ਨੇ ਸਾਰਿਆਂ ਬੱਚਿਆਂ ਨੂੰ ਪਹਿਲਾਂ ਪਿੰਡ ਦੇ ਸਕੂਲ ਵਿਚ ਪੜ੍ਹਨੇ ਪਾਇਆ। ਪੰਜ ਦਿਨ ਬੱਚਿਆਂ ਨੇ ਸਵੇਰ ਤੋਂ ਸ਼ਾਮ ਤਕ ਪੜ੍ਹਨਾ ਤੇ ਬਾਕੀ ਦੋ ਦਿਨ ਘਰ ਦੇ ਕੰਮਾਂ ਵਿਚ ਮਾਂ, ਬਾਪ ਦੀ ਮਦਦ ਕਰਨੀ। ਜਿਹੜੇ ਉਨ੍ਹਾਂ ਪਹਿਲਾਂ ਹੀ ਸੋਚੇ ਹੋਣੇ, ਐਸ ਹਫ਼ਤੇ ਗੁੜ ਬਣਾਉਣਾ, ਸਬਜ਼ੀ ਲਾਉਣੀਆਂ, ਛੱਲੀਆਂ ਕੱਢਣੀਆਂ, ਕੁੱਟੀਆਂ, ਗੰਨੇ ਛਿੱਲਣੇ, ਕਪਾਹ ਚੁਣਨੀ। ਸਾਰੇ ਕੰਮ ਪਹਿਲਾਂ ਹੀ ਛੁੱਟੀ ਦੀ ਉਡੀਕ

ਕਰ ਰਹੇ ਹੁੰਦੇ। ਛੁੱਟੀ ਵਾਲੇ ਦਿਨ ਨਾਲੇ ਇਕੱਠਿਆਂ ਕੰਮ ਕਰਨਾ, ਨਾਲੇ ਗੱਲਾਂ ਬਾਤਾਂ ਕਰਨੀਆਂ। ਗੁਰੋ ਨੇ ਇਹੀ ਕਹਿਣਾ—"ਦੱਬ ਕੇ ਪੜ੍ਹ ਲਉ, ਆਹ ਕਰ ਲਉ, ਔਹ ਕਰ ਲਉ। ਬਸ ਤੁਸੀਂ ਕੰਮ ਕਰੀ ਜਾਓ ਤੇ ਮੈਂ ਤੁਹਾਨੂੰ ਜੋ ਕਹੋ, ਉਹੀ ਬਣਾ ਕੇ ਦਊਂ।"

ਦੂਜੇ ਪਾਸੇ ਮਾਸੀ ਦੇ ਟੱਬਰ ਨੇ ਕੋਠੇ 'ਤੇ ਛੁੱਟੀ ਵਾਲੇ ਦਿਨ ਗੁੱਡੀਆਂ ਉਡਾਉਣ ਚੜ੍ਹ ਜਾਣਾ ਜਾਂ ਸਵੇਰੇ ਹੀ ਤਿਆਰ-ਬਰ-ਤਿਆਰ ਹੋ ਕੇ ਵਾਂਢੇ ਤੁਰ ਪੈਣਾ ਤੇ ਵਿਹਲਿਆਂ ਹੀ ਸਮਾਂ ਕੱਢਣਾ। ਕਈ ਵਾਰੀ ਗੁਰਿੰਦਰ ਦੇ ਮਨ ਵਿਚ ਆਉਣਾ ਕਿ ਜਦੋਂ ਅਸੀਂ ਵਿਹਲੇ ਹੋਵਾਂਗੇ ਤੇ ਇਸ ਤਰ੍ਹਾਂ ਤਿਆਰ ਹੋ ਕੇ ਕਿਤੇ ਜਾਵਾਂਗੇ।

ਨਿਆਣੇ ਸਕੂਲੋਂ ਕਾਲਜ ਤੇ ਕਾਲਜ ਤੋਂ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਲੈ ਕੇ ਬਾਹਰਲੇ ਦੇਸ਼ਾਂ ਵਿਚ ਚਲੇ ਗਏ। ਵੱਡਾ ਇੰਜੀਨੀਅਰ ਸੀ। ਸੱਤਰ ਤੋਂ ਪੰਝੱਤਰ ਵਿਚ ਅਮਰੀਕਾ ਨੇ ਧੜਾ-ਧੜ ਇੰਜੀਨੀਅਰ ਸੱਦ ਕੇ ਚੰਗੀਆਂ ਨੌਕਰੀਆਂ ਦਿੱਤੀਆਂ ਤੇ ਦਸਾਂ ਸਾਲਾਂ ਦੇ ਵਿਚ ਹੀ ਸਾਰੇ ਦਾ ਸਾਰਾ ਟੱਬਰ, ਸਣੇ ਬਾਪੂ ਕੈਲੀਫੋਰਨੀਆ ਵਿਚ ਆ ਗਿਆ। ਹਰ ਦੂਜੇ ਤੀਜੇ ਸਾਲ ਹੀ ਇਕ ਜਣਾ ਪਿੰਡ ਜਾਂਦਾ ਤੇ ਨਾਲ ਇਕ ਵਾਰੀ ਗੁਰਿੰਦਰ ਕੌਰ ਤੇ ਇਕ ਵਾਰੀ ਗੱਜਣ ਸਿੰਘ ਜਾਂਦਾ। ਜਾ ਕੇ ਬੂਹਾ ਚੰਨਾ ਖੋਲ੍ਹ ਕੇ ਸਫ਼ਾਈ ਕਰਵਾਉਂਦੇ, ਘਰ ਨੂੰ ਪੇਂਟ ਕਰਵਾਉਂਦੇ। ਫਿਰ ਅਖੰਡ ਪਾਠ ਰਖਵਾਉਂਦੇ। ਚੰਗਾ ਤਕੜਾ ਇਕੱਠ ਕਰਕੇ ਆਏ ਰਿਸ਼ਤੇਦਾਰਾਂ ਨੂੰ ਡੱਬੇ ਲੱਡੂਆਂ ਦੇ ਤੇ ਨਾਲ ਕੱਪੜੇ ਦਿੰਦੇ। ਬਰਾਂਡੇ ਵਿਚ ਮੰਜੇ ਡੱਠੇ ਹੁੰਦੇ। ਪਹਿਲਾਂ ਇਕ ਟੱਬਰ, ਫਿਰ ਦੂਸਰਾ ਤੇ ਤੀਸਰਾ ਇਕ ਇਕ ਨੂੰ ਉਸਦਾ ਸਰਦਾ ਬਣਦਾ ਦੇ ਕੇ ਤੋਰੀ ਜਾਂਦੇ। ਕਈ ਰਿਸ਼ਤੇਦਾਰ ਰਾਤ ਨੂੰ ਰਹਿ ਵੀ ਜਾਂਦੇ, ਜਿਨ੍ਹਾਂ ਲਈ ਵਧੀਆ ਰੋਟੀ ਪਾਣੀ ਬਣਵਾਉਂਦੇ। ਸ਼ਰਾਬ ਵਾਲਿਆਂ ਨੂੰ ਬਾਹਰੋਂ ਆਂਦੀ ਸ਼ਰਾਬ ਦਾ ਮਜ਼ਾ ਚਖਾਉਂਦੇ। ਬਾਹਰੋਂ ਲਿਆਂਦਾ ਸਟਰੀਉ ਲਾ ਕੇ ਨੱਚਣ ਗਾਉਣ ਦੇ ਸ਼ੌਕੀਨਾਂ ਨੂੰ ਇਕ ਪਾਸੇ ਆਹਰੇ ਲਾ ਦੇਂਦੇ।

ਪਿੰਡ ਵਾਲਿਆਂ ਨੂੰ ਵੀ ਹਰ ਵਾਰੀ ਕੋਈ ਨਾ ਕੋਈ ਵਧੀਆ ਪਿੰਡ ਦੇ ਸੁਧਾਰ ਦੀ ਸੁਗਾਤ ਦੇ ਜਾਂਦੇ। ਗੁਰਦੁਆਰੇ ਵਿਚ ਭਾਂਡੇ, ਪੱਖੇ, ਪਾਣੀ ਦਾ ਪ੍ਰਬੰਧ, ਸਕੂਲੇ ਪੱਖੇ, ਸਕੂਲ ਦੇ ਦੋ-ਚਾਰ ਕਮਰੇ। ਸਾਰੇ ਪਾਸੇ ਗੱਜਣ ਸਿੰਘ ਗੱਜਣ ਸਿੰਘ ਹੁੰਦੀ। ਪਿੰਡ ਦੇ ਗੇਟ 'ਤੇ ਸ਼ੈੱਡ ਬਣਵਾ ਕੇ ਬਾਪੂ ਜੀ ਦਸੌਂਦਾ ਸਿੰਘ ਦਾ ਨਾਮ ਉਕਰਾ ਦਿੱਤਾ। ਬੈਠਣ ਲਈ ਸੀਮੈਂਟ ਦੇ ਥੜੇ ਬਣਵਾ ਦਿੱਤੇ। ਸਾਰੇ ਪਿੰਡ ਵਾਲੇ ਚੰਗਾ ਚੰਗਾ, ਬੱਲੇ ਬੱਲੇ ਕਰਦੇ। ਲਹਿੰਦੀ ਪੱਤੀ ਵਾਲਿਆਂ ਦੀ ਵੀ ਪੈਸੇ ਧੇਲੇ ਦੀ ਮਦਦ ਕਰਦੇ ਰਹਿੰਦੇ। ਜੇ ਕਿਸੇ ਨੇ ਮਸ਼ੀਨ, ਨਲਕਾ, ਟੋਕਾ, ਕੁੜੀ ਦਾ ਵਿਆਹ, ਕਿਸੇ ਸਮੇਂ ਵੀ ਮਦਦ ਲਈ ਕਿਹਾ, ਇਨ੍ਹਾਂ ਮਾਂ ਦਿਆਂ ਪੁੱਤਾਂ ਨੇ ਨਾਂਹ ਨਹੀਂ ਕੀਤੀ।

ਜਦੋਂ ਪਿੰਡ ਆਉਂਦੇ ਤੇ ਮਾਸੀ ਲੋਕਾਂ ਨੂੰ ਗੱਲਾਂ ਸੁਣਾ ਸੁਣਾ ਕੇ ਹੀ ਔਖੀ ਸੌਖੀ ਹੁੰਦੀ ਰਹਿੰਦੀ। ਕਦੋਂ ਤਕ ਦੇਣਗੇ, ਵੇਖਾਂਗੇ। ਕੁੜੇ ਇੰਨਾ ਕਰ ਗਏ, ਓਨਾ ਕਰ ਗਏ। ਵਿਚੋਂ ਹੁਣ ਮਾਸੀ ਸਾਰਿਆਂ ਰਿਸ਼ਤੇਦਾਰਾਂ ਨੂੰ, ਜੀਹਨੂੰ ਵੀ ਮਿਲਦੀ ਬਸ ਇਹੀ ਕਿ ਮੇਰਾ ਕਿਤੇ ਬਿੰਦਰ ਬਾਹਰ ਚਲੇ ਜਾਵੇ, ਮੇਰੀ ਰਾਣੀ ਬਾਹਰ ਚਲੇ ਜਾਵੇ।



ਹੁਣ ਸਾਰੇ ਰਿਸ਼ਤੇਦਾਰਾਂ ਦੇ ਇਸ ਕਰਕੇ ਜਾਂਦੀ। ਫਲਾਣੀ ਦਾ ਆਹ ਬਾਹਰ ਆ, ਢੀਂਗੜੀ ਦਾ ਓਹ ਬਾਹਰ ਹੈ। ਮਾਸੀ ਨੇ ਸਾਰਾ ਮਾਝਾ, ਦੁਆਬਾ ਤੇ ਰਹਿੰਦੇ ਮਾਲਵੇ ਵਿਚ ਵੀ ਆਪਣੇ ਰਿਸ਼ਤੇਦਾਰ ਨਾ ਛੱਡੇ। ਅਖ਼ੀਰ ਦੁਆਲੇ ਵਿਚੋਂ ਹੀ ਇਕ ਰਿਸ਼ਤੇਦਾਰ ਨੇ ਦੱਸ ਪਾ ਦਿੱਤੀ ਕਿ ਕੁੜੀ ਦਾ ਮਾਮਾ ਬਾਹਰ ਹੈ। ਉਸ ਵਕਤ ਬਾਹਰ ਜਾਣਾ ਸੌਖਾ ਸੀ। ਕੁਝ ਸਮੇਂ ਵਿਚ ਹੀ ਸਾਰੇ ਨਜ਼ਦੀਕੀ ਖ਼ੂਨ ਦੇ ਰਿਸ਼ਤੇਦਾਰ ਬਾਹਰ ਚਲੇ ਜਾਂਦੇ ਸੀ। ਸੋ ਮਾਸੀ ਨੇ ਨਾ ਕੁੜੀ ਵੇਖੀ, ਨਾ ਘਰ। ਬਸ ਵੇਖੀ ਅਮਰੀਕਾ ਤੇ ਹਾਂ ਕਰ ਦਿੱਤੀ। ਕੁੜੀ ਵਾਲਿਆਂ ਨੇ ਹੀ ਜ਼ੋਰ ਪਾਇਆ ਕਿ ਕੱਲ੍ਹ ਨੂੰ ਕਹਿਣ ਨਾ ਕਿ ਕੁੜੀ ਵਿਚ ਨੁਕਸ ਹੈ। ਕੁੜੀ ਦੀ ਮਾਂ, ਭੈਣ, ਨਾਨੀ, ਦਾਦੀ ਜਿਸ ਉੱਤੇ ਵੀ ਵਿਸ਼ਵਾਸ ਹੈ, ਮੁੰਡੇ ਨੂੰ ਭਾਈ ਕੁੜੀ ਵੇਖ ਲਵੋ।

ਅਖ਼ੀਰ ਸੁਲਤਾਨਪੁਰ ਵਾਲਾ ਗੁਰਦੁਆਰਾ ਤਹਿ ਹੋ ਗਿਆ ਕਿ ਐਸ ਵਾਰੀ ਏਨੇ ਵਜੇ ਤਕ ਕੁੜੀ ਨੂੰ ਲੈ ਕੇ ਆ ਜਾਇਓ। ਮੁੰਡੇ ਦੀ ਮਾਂ, ਨਾਨੀ ਤੇ ਮਾਸੀ ਆਉਣਗੀਆਂ। ਕੁੜੀ ਦਾ ਰੰਗ ਕਣਕਭਿੰਨਾ ਸੀ, ਕੱਦ ਠੀਕ ਠਾਕ ਤੇ ਸਰੀਰ ਗੰਢਿਆ। ਜਿਹੜੀ ਮਾਸੀ ਮੁਤਾਬਕ ਗੰਢੋ ਹੀ ਸੀ। ਪਰ ਅਮਰੀਕਾ ਕੁੜੀ ਦਾ ਮਾਮਾ ਤੇ ਮਾਮੇ ਨੇ ਸੱਦਣੀ ਮਾਂ ਤੇ ਮਾਂ ਨੇ ਕੁੜੀ। ਸੋ ਹਾਂ ਹੀ ਸੀ। ਨਾਨੀ ਬਥੇਰੀਆਂ ਕੂਣੀਆਂ ਮਾਰੇ, ਇਸ਼ਾਰੇ ਕਰੇ, ਨੱਕ ਵੱਟੇ ਪਰ ਮਾਸੀ ਤੇ ਮਾਂ ਵੱਲ ਵੇਖੇ ਹੀ ਨਾ। ਮੁੰਡੇ ਦੀ ਮਾਸੀ ਨੇ ਵੀ ਕਿਹਾ ਕਿ ਭਾਈ ਮੈਨੂੰ ਤੇ ਕੁੜੀ ਠੀਕ ਹੀ ਲੱਗਦੀ ਆ ਤੇਰੇ ਬਿੰਦਰ ਮੁਤਾਬਕ। ਨਾਲੇ ਤੁਹਾਡੀ ਜ਼ਮੀਨ ਜਾਇਦਾਦ ਵੀ ਚੰਗੀ ਆ। ਸੋਚ ਲਾ, ਫੇਰ ਨਾ ਪਛਤਾਵੀਂ।" "ਨਹੀਂ ਭੈਣ, ਠੀਕ ਆ ਆਪੇ ਅਮਰੀਕਾ ਜਾ ਕੇ ਗੋਰੀ ਹੋ ਜੂ।"

ਅਗਲੇ ਮਹੀਨੇ ਛੁਹਾਰਾ ਪਾਉਣਾ ਤਹਿ ਹੋ ਗਿਆ। ਉਹ ਕੰਮ ਵੀ ਸੋਹਣਾ ਨਿਭ ਗਿਆ। ਮਾਸੀ ਨੇ ਵੀ ਜਿਵੇਂ ਪਿੰਡ ਵਿਚ ਤਾਸ਼ ਖੇਡਦੇ ਖਿਡਾਰੀਆਂ ਦੇ ਪੱਤੇ ਤੇ ਭਾਰਾ ਪੱਤਾ ਤੇ ਉਸ ਤੋਂ ਵੀ ਭਾਰਾ, ਇਵੇਂ ਹੀ ਸਮਝਿਆ ਕਿ ਹੁਣ ਮੇਰਾ ਵੀ ਮੁਕਾਬਲਾ ਹੋਊ।

ਇਕ ਸਾਲ, ਦੋ ਸਾਲ, ਤਿੰਨ ਸਾਲ। ਮਾਸੀ ਖਾਵੇ ਵਿਚੋਲਿਆਂ ਦੇ ਕੰਨ। ਭਾਈ ਦੱਸੋ ਕਦੋਂ ਜਾਣਾ, ਕਦੋਂ ਜਾਣਾ। ਉਹ ਕਹਿਣ—ਵਿਆਹ ਲਵੋ। ਮਾਸੀ ਕਹੇ—ਨਾ ਪਹਿਲਾਂ ਮਾਮਾ ਅਮਰੀਕਾ ਸੱਦੇ। ਕੋਈ ਨਹੀਂ ਉਡੀਕ ਲੈਂਦੇ ਹਾਂ। ਖ਼ੌਰੇ ਕਾਗ਼ਜ਼ ਪੱਤਰ ਬਣ ਹੀ ਜਾਣ। ਕੁੜੀ ਵਾਲੇ ਵੀ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ। ਬਥੇਰੇ ਤਰਲੇ ਕਰਨ ਮਾਮੇ ਦੇ ਤੇ ਮਾਮਾ ਤਾਂ ਜਵਾਬ ਪਹਿਲਾਂ ਵੀ ਘੱਟ ਦੇਂਦਾ ਸੀ ਤੇ ਸਾਲ ਤੋਂ ਤਾਂ ਚਿੱਠੀ ਪੱਤਰ ਵੀ ਬੰਦ। ਨਾ ਓਹ ਵਿਚਾਰੇ ਦੱਸਣ ਕਿ ਕੀ ਕਰੀਏ, ਰਿਸ਼ਤਾ ਤੇ ਅਮਰੀਕਾ ਨੂੰ ਹੋਇਆ ਸੀ।

ਦਿਲ 'ਤੇ ਪੱਥਰ ਰੱਖ ਕੇ ਕੁੜੀ ਵਾਲਿਆਂ ਨੇ ਵਿਚੋਲੇ ਨੂੰ ਦੱਸ ਹੀ ਦਿੱਤਾ ਕਿ ਕੁੜੀ ਦੀ ਉਮਰ ਵਧਦੀ ਜਾਂਦੀ ਹੈ। ਉਨ੍ਹਾਂ ਨੂੰ ਪੁੱਛ ਕੇ ਐਤਕੀਂ ਅੱਸੂ ਦਾ ਵਿਆਹ ਲੈ ਲੈਣ। ਅਮਰੀਕਾ ਵੇਖੀ ਜਾਊ ਬਾਅਦ ਵਿਚ। ਉਹ ਤੇ ਸਾਰਿਆਂ ਨੂੰ ਛੱਡ ਗਿਆ। ਜਾਪਦਾ ਕੋਈ ਚਿੱਠੀ ਚਪੱਠੀ ਵੀ ਨਹੀਂ ਪਾਉਂਦਾ। ਮਾਸੀ ਨੂੰ ਇਵੇਂ ਹੀ ਆ ਕੇ ਵਿਚੋਲੇ ਨੇ ਕੁਝ ਓਹਲਾ ਛਿੱਪਾ ਰੱਖ ਕੇ ਦੱਸ ਦਿੱਤਾ। ਮਾਸੀ ਦੇ ਘਰ ਤੇ ਚੁੱਪ ਛਾ ਗਈ। "ਕਹਿੰਦੀ ਨਾ ਭਾਈ ਅੱਸੂ ਦਾ ਅਸੀਂ ਵਿਆਹ ਨਹੀਂ ਕਰਨਾ। ਜਿਥੇ ਅੱਗੇ ਉਡੀਕਿਆ, ਹੋਰ ਉਡੀਕ

ਲਵਾਂਗੇ ਪਰ ਅਮਰੀਕਾ ਦੇ ਜਾਣ ਉਹ ਪਹਿਲਾਂ।" ਕਰਦਿਆਂ ਕਰਾਉਂਦਿਆਂ ਸਾਲ ਹੋਰ ਲੰਘ ਗਿਆ। ਮਾਸੀ ਦੀ ਆਸ ਲੱਥ ਗਈ ਕਿ ਇਹ ਨਹੀਂ ਬਣਨਾ। ਬਥੇਰਾ ਉਡੀਕ ਲਿਆ। ਹੁਣ ਤੇ ਬਿੰਦਰ ਦੀ ਦਾਹੜੀ ਵਿਚ ਵੀ ਬੱਗੇ ਲਿਸ਼ਕਣ ਲੱਗ ਪਏ। ਚਲੋ ਦਿਉ ਜਵਾਬ। ਵਿਚੋਲੇ ਆਏ ਫਿਰ ਵਿਆਹ ਪੱਕਾ ਕਰਨ ਤੇ ਮਾਸੀ ਜੋ ਪਹਿਲਾਂ ਹੀ ਤੋਪ ਤਾਣੀਂ ਬੈਠੀ ਸੀ, ਕਹਿੰਦੀ—"ਨਾ ਭੈਣ, ਕੁੜੀ ਕਾਲੀ ਆ। ਮਧਰੀ ਵੀ ਆ, ਮੋਟੀ ਵੀ ਆ। ਅਸੀਂ ਨਹੀਂ ਲੈਣਾ ਇਹ ਰਿਸ਼ਤਾ। ਅਸੀਂ ਤੇ ਕੀਤਾ ਸੀ ਅਮਰੀਕਾ ਕਰਕੇ ਤੇ ਅਮਰੀਕਾ ਗਈ ਨਾਲੋਂ ਲੱਥ ਤੇ ਸਾਡੀ ਮਰਜ਼ੀ ਨਹੀਂ, ਓਥੇ ਮੁੰਡਾ ਵਿਆਹੁਣ ਦੀ।" ਵਿਚੋਲੇ ਵਿਚਾਰੇ ਲਹਿ ਗਏ ਸੀਤ ਵਿਚ। ਕੁੜੀ ਵਾਲਿਆਂ ਨੂੰ ਤੇ ਮਾਂ ਦੀ ਹਾਂ, ਅਮਰੀਕਾ ਨੂੰ ਪਹਿਲੇ ਦਿਨ ਤੋਂ ਹੀ ਲੱਗਦੀ ਸੀ। ਫਿਰ ਵੀ ਮੁੰਡੇ ਵਾਲਿਆਂ ਦਾ ਦਿਲ ਤੋੜਨ ਦੀ ਜੁਰਅਤ ਨਹੀਂ ਸੀ ਕਰਦੇ।

—



# ਉਜਾੜਾ

ਸਾਡੀ ਮਾਂ ਕ੍ਰਿਪਾਲ ਕੌਰ ਜਿਹਨੂੰ ਅਸੀਂ ਵੀ ਦੂਸਰਿਆਂ ਦੀ ਰੀਸੇ ਭਾਬੀ ਹੀ ਕਹਿੰਦੇ ਸਾਂ, ਭਾਵੇਂ ਇਨ੍ਹਾਂ ਕੁੜੀਆਂ ਨਾਲੋਂ ਦਸ ਬਾਰਾਂ ਸਾਲ ਵੱਡੀ ਸੀ ਪਰ ਖ਼ੁਸ਼ਦਿਲ ਤੇ ਖੁੱਲ੍ਹੇ ਸੁਭਾਅ ਦੀ ਹੋਣ ਕਰਕੇ ਲੰਮੀ ਵੀਹ ਦੀਆਂ ਸਾਰੀਆਂ ਕੁੜੀਆਂ ਉਹਦੇ ਘਰ ਹੀ ਜਮਘਟਾ ਪਾ ਕੇ ਬੈਠੀਆਂ ਰਹਿੰਦੀਆਂ। ਮੇਰੀਆਂ ਤਿੰਨੇ ਭੂਆ ਉਪਰ ਥਲੀ ਹੋਣ ਕਰਕੇ ਇਨ੍ਹਾਂ ਸਹੇਲੀਆਂ ਨਾਲ ਰਲ ਕੇ ਰੱਜ ਕੇ ਹੱਸਦੀਆਂ, ਖੇਡਦੀਆਂ ਤੇ ਹਾਸਾ-ਠੱਠਾ ਕਰ ਲੈਂਦੀਆਂ। ਉਧਰੋਂ ਅਸੀਂ ਨਿੱਕੇ ਨਿਆਣੇ ਇਸ ਰੌਣਕ ਮੇਲੇ ਵਿਚ ਉਧੜ-ਧੁੰਮੀ ਮਚਾਈ ਰੱਖਦੇ। ਇਨ੍ਹਾਂ ਕੋਈ ਨਾ ਕੋਈ ਸਾਂਝਾ ਕੰਮ ਛੋਹਿਆ ਹੁੰਦਾ। ਕਦੀ ਕੱਤਣ ਦਾ ਕੰਮ, ਕਦੀ ਕਪਾਹ ਵੇਲਣ ਦਾ ਕੰਮ ਕਰਦੀਆਂ ਤੇ ਜਦੋਂ ਵਿਹਲੀਆਂ ਹੁੰਦੀਆਂ, ਗਾਉਣ ਨੱਚਣ ਡਹਿ ਪੈਂਦੀਆਂ। ਆਂਹਦੀਆਂ ਭਾਬੀਆਂ—ਸਾਡਾ ਤਾਂ ਤੇਰੇ ਘਰ ਜੀ ਲੱਗਦਾ। ਬੰਦੇ ਤੇ ਸਾਰੇ ਮੁਰੱਬੀਂ ਗਏ ਹੁੰਦੇ ਸਾਨੂੰ ਕੋਈ ਰੋਕ-ਟੋਕ ਨਹੀਂ ਹੁੰਦਾ। ਤੂੰ ਵੀ ਸਾਡੇ ਸੌ ਭਾ ਭਰਦੀ ਏਂ, ਜੀਵੇਂ ਰੱਜ ਅਸੀਂ ਹੱਸਦੀਆਂ ਰਹੀਏ।"

ਸਾਡੀਆਂ ਚਾਚੀਆਂ ਤੇ ਸਾਡੀ ਮਾਂ ਹਾਸੇ-ਠੱਠੇ ਵੇਲੇ ਇਨ੍ਹਾਂ ਵਿਚ ਹੀ ਰਲ ਜਾਂਦੀਆਂ ਤੇ ਅਸੀਂ ਨਿਆਣੇ ਵਾਧੂ ਮੱਛਰ ਜਾਂਦੇ। ਸਾਡੇ ਘਰਦਿਆਂ ਦਾ ਮਨ ਇਨ੍ਹਾਂ ਵੱਡੀਆਂ ਛੋਟੀਆਂ ਵਿਚ ਏਨਾ ਭਿੱਜ ਗਿਆ ਸੀ ਕਿ ਜਦੋਂ ਕਪਾਹ ਚੁਗਣੀ ਹੋਵੇ, ਸੇਵੀਆਂ ਵੱਟਣੀਆਂ ਹੋਣ, ਇਨ੍ਹਾਂ ਨੂੰ ਹੀ ਸੱਦ ਭੇਜਦੇ। ਬੀਬੀ ਨੇ ਵਾਜਾਂ ਮਾਰਦੀ ਰਹਿਣਾ ਪਰ ਇਨ੍ਹਾਂ ਪਹਿਲਾਂ ਚਿਥੜ ਤੋੜ ਕੇ ਭੰਨ ਭੰਨ ਖਾਣੇ, ਗਾਜਰਾਂ, ਗੋਂਗਲੂ ਪੁੱਟ ਕੇ ਆਡਾਂ ਵਿਚ ਧੋਣੇ, ਖਾ ਕੇ ਫਿਰ ਕਪਾਹ ਵੱਲ ਹੋਣਾ ਪਰ ਕੰਮ ਪਛੜਣ ਨਾ ਦੇਣਾ, ਪਲਾਂ ਵਿਚ ਚੁਗ ਚੁਗ ਝੋਲੀਆਂ ਭਰ ਲੈਣੀਆਂ। ਹਾਸਾ ਠੱਠਾ ਵੀ ਕਰੀ ਜਾਣਾ। ਲੌਢੇ ਪਹਿਰ ਘਰ ਨੂੰ ਮੁੜਣਾ। ਬੀਬੀ ਨੇ, ਚਾਚੀਆਂ ਨੇ ਚੌਂਕੇ ਵੱਲ ਹੋ ਜਾਣਾ ਤੇ ਸਾਡੀ ਦਾਦੀ ਨੇ ਢੇਰੀਆਂ ਬਣਾ ਬਣਾ ਕੇ ਸਾਰੀਆਂ ਚੋਗਣਾਂ ਨੂੰ ਬਣਦਾ ਹਿੱਸਾ ਦੇ ਕੇ ਘਰੀਂ ਤੋਰਨਾ। ਅਸੀਂ ਮੈਂ ਤੇ ਮੇਰੇ ਵੀਰਾਂ ਨੇ ਆਪਣੀਆਂ ਢੇਰੀਆਂ ਦੇ ਬਦਲੇ ਆਪਣਾ ਹਿੱਸਾ ਲੈਣਾ।

ਜੇ ਸਾਰੀਆਂ ਦੁਪਹਿਰੇ ਇਧਰ ਬੈਠੇ ਹੋਣਾ ਤਾਂ ਘਰ ਦੇ ਜੀ ਚਾਚੇ, ਚਾਚੀਆਂ ਸਾਰੇ ਪਾ ਕੇ ਪੈਂਤੀ ਜਣਿਆਂ ਦੀਆਂ ਰੋਟੀਆਂ ਪਲੋ ਪਲੀ ਲਾਹ ਲੈਣੀਆਂ। ਮੇਰੇ ਦਾਦੇ ਦੇ ਸੁਭਾਅ ਕਰਕੇ ਪਹਿਲਾਂ ਸਾਡੀ ਅੱਲ 'ਸੂਮਾਂ' ਦੀ ਪਈ ਹੁੰਦੀ ਸੀ। ਮੁੜ ਤੰਦੂਰ ਵਿਚੋਂ ਰੋਟੀਆਂ ਲਾਹੁਣ ਲਈ ਵਰਤੀ ਜਾਂਦੀ ਸੀਖ ਕਰਕੇ 'ਸੀਖ ਵਾਲੇ' ਪੈ ਗਈ।

ਇਧਰੋਂ ਬਾਰ ਵਿਚ ਜਾ ਕੇ ਵੱਸਿਆਂ ਸਾਰਿਆਂ ਦੀਆਂ ਜ਼ਮੀਨਾਂ ਖੁੱਲ੍ਹੀਆਂ, ਨਹਿਰੀ ਪਾਣੀ, ਮਾਲ ਡੰਗਰ ਵਾਧੂ, ਦੁੱਧ ਘਿਉ ਕੋਈ ਵੇਚਦਾ ਨਹੀਂ ਸੀ। ਦਾਣਿਆਂ ਨੂੰ ਸੁਸਰੀ ਲੱਗ ਜਾਣੀ, ਵੇਚਣੇ ਨਾ। ਵੱਡਾ ਬਾਪੂ ਜ਼ਿਲ੍ਹੇ ਸਰਗੋਧੇ ਚੱਕ 26 ਦਾ ਸਰਦਾਰ ਅਖਵਾਉਂਦਾ ਸੀ। ਉਹਦਾ ਹੀ ਪੂਰਾ ਕੰਟਰੋਲ ਹੁੰਦਾ ਸੀ। ਉਹ ਉਦੋਂ ਵੇਚਦਾ ਸੀ ਜਦੋਂ ਨਵੇਂ ਮੁਰੱਬਿਆਂ ਦੀ ਰਜਿਸਟਰੀ ਕਰਾਉਣੀ ਹੋਵੇ। ਪੈਸਾ ਕਿਸੇ ਨੂੰ ਨਹੀਂ ਸੀ ਵਿਖਾਉਂਦਾ। ਬਸ ਗੁੱਥੀਆਂ ਭਰ ਕੇ ਤਹਿਸੀਲੇ ਜਾ ਕੇ ਹੀ ਖੋਲ੍ਹਦਾ ਸੀ।

ਬਾਰਾਂ ਵਿਚ ਗਏ ਲੋਕੀ ਬਹੁਤ ਸੌਖੇ ਸਨ। ਜ਼ਨਾਨੀਆਂ ਨੇ ਪੀਪਿਆਂ ਦੇ ਪੀਪੇ ਘਿਉ ਜੋੜੀ ਜਾਣੇ। ਦਿਨ ਦਿਹਾਰ ਦਿਵਾਲੀ ਵਿਸਾਖੀ ਘਰ ਈ ਖੋਇਆ, ਲੱਡੂ, ਜਲੇਬ ਕੱਢ ਲੈਣੇ। ਹੱਟੀਆਂ ਤੇ ਮਿਲਦਾ ਵੀ ਕੀ ਸੀ। ਪ੍ਰਾਹੁਣੇ ਆਉਣੇ, ਘਰ ਦੀਆਂ ਵੱਟੀਆਂ ਸੇਵੀਆਂ ਉਬਾਲ ਕੇ ਸਬਰਕੱਤਾ ਘਿਉ ਤੇ ਖੰਡ ਪਾ ਕੇ ਥਾਲੀ ਵਿਚ ਪਾ ਕੇ ਪ੍ਰਾਹੁਣੇ ਦਾ ਆਦਰ ਮਾਣ ਕਰ ਦੇਣਾ।

ਸਾਡੇ ਘਰ ਜਿੱਦਣ ਸੇਵੀਆਂ ਵੱਟਣ ਦਾ ਕੰਮ ਹੋਣਾ, ਅਸੀਂ ਨਿਆਣਿਆਂ ਪੜ੍ਹਨੋਂ ਕਰਨੀ ਛੁੱਟੀ ਤੇ ਵਿਚ ਵਿਚ ਕੰਮ ਕਰਕੇ ਖ਼ੁਸ਼ ਹੁੰਦੇ ਰਹਿਣਾ। ਕਦੀ ਕਦੀ ਆਲਿਉਂ-ਦੁਆਲਿਉਂ ਪਿਆਰ ਮੁਹੱਬਤ ਵਾਲੇ ਵੱਡੇ ਸਿਆਣੇ ਆ ਜਾਣੇ। ਕਦੇ ਬੀਬੀ, ਚਾਚੀਆਂ, ਭੂਆ ਦੀਆਂ ਹਾਨਣਾਂ ਤੇ ਕਦੀ ਸਾਡੀ ਉਮਰ ਦੇ ਨਿਆਣੇ। ਸਾਰਾ ਦਿਨ ਗੱਲਾਂ-ਬਾਤਾਂ, ਹਾਸਾ-ਠੱਠਾ ਤੇ ਸਾਂਝਾ ਖਾਣ-ਪੀਣ ਤੁਰਿਆ ਰਹਿੰਦਾ।

ਗੱਲ ਹੋਰ ਹੀ ਵਾਪਰ ਗਈ, ਜਿਹਦਾ ਚਿਤ ਚੇਤਾ ਵੀ ਨਹੀਂ ਸੀ। ਬਾਪੂ ਜੀ ਦੇ ਚਾਚਿਉਂ ਤਾਇਉਂ ਭਰਾ ਮੇਰੇ ਤਾਇਆ ਜੀ ਜਸਵੰਤ ਸਿੰਘ ਤਹਿਸੀਲਦਾਰ ਸਨ। ਉਨ੍ਹਾਂ ਨੂੰ ਕੁਝ ਚਿਰ ਪਹਿਲਾਂ ਇਤਲਾਹ ਮਿਲੀ ਕਿ ਸਰਕਾਰੇ ਦਰਬਾਰੇ ਕੁਝ ਗੱਲਾਂ ਚੱਲ ਰਹੀਆਂ ਹਨ। ਉਨ੍ਹਾਂ ਨੇ ਮਾਂ ਜੀ ਤੋਂ ਬਿਨਾਂ ਪੁੱਛੇ ਸਲਾਹ ਕਰਕੇ ਇਕ ਦਿਨ ਤਿੰਨੇ ਭਰਾ ਇਕ, ਆਪਣਾ ਵੱਡਾ ਮੁੰਡਾ ਤੇ ਇਕ ਪ੍ਰਿੰਸੀਪਲ ਸੁੱਚਾ ਸਿੰਘ ਮੁੰਡਾ ਲੈ ਕੇ ਗੰਗਾਨਗਰ ਜਾ ਕੇ ਪ੍ਰਿੰਸੀਪਲ ਸਾਹਿਬ ਸਿੰਘ ਜਿਸ ਨੂੰ ਮੇਰੇ ਪਿਤਾ ਜੀ ਚਾਚਾ ਜੀ ਕਹਿੰਦੇ ਸੀ, ਦੇ ਸਪੁਰਦ ਕਰ ਆਏ। ਤਾਇਆ ਜੀ ਨੇ ਪਿਤਾ ਜੀ ਨੂੰ ਸਾਫ਼ ਦੱਸ ਦਿੱਤਾ ਸੀ ਕਿ ਵੰਡ ਹੋ ਜਾਣੀ ਹੈ ਤੇ ਸਾਨੂੰ ਇਥੋਂ ਨਿਕਲਣਾ ਪੈਣਾ ਹੈ। ਛੋਟੇ-ਵੱਡੇ ਮਾਂ ਜੀ ਦੋਵੇਂ ਦੁਖੀ ਸੀ, ਜਵਾਕਾਂ ਨੂੰ ਘਰੋਂ ਕੱਢ ਆਇਆ ਹੈ।

ਜ਼ਿੰਦਗੀ ਬਹੁਤ ਵਧੀਆ ਚੱਲ ਰਹੀ ਸੀ। ਇਕ ਦਿਨ ਮੇਰੀ ਮਾਂ ਨੂੰ ਮੇਰੀ ਦਾਦੀ ਦੀ ਗੱਲ ਯਾਦ ਆਈ ਕਿ ਸੇਵੀਆਂ ਦੇ ਭਾਂਡੇ ਥੱਲੇ ਲੱਗ ਗਏ ਆ, ਸੇਵੀਆਂ ਵੱਟ ਲਉ। ਭੂਆ ਹੋਰੀਂ ਦੋ ਘੋੜੀਆਂ ਮੰਜੇ ’ਤੇ ਬੰਨ੍ਹ ਕੇ ਬਹਿ ਗਈਆਂ। ਭਾਬੀ ਤੇ ਚਾਚੀਆਂ ਮੈਦਾ ਗੋ ਗੋ ਤੁੰਨੀ ਜਾਣ ਤੇ ਉਹ ਲੰਮੇ-ਲੰਮੇ ਸੇਵੀਆਂ ਦੇ ਲੱਛੇ ਘੋੜੀ ਨਾਲ ਬਣਾਈ ਜਾਣ। ਸਾਡੀ ਨਿਆਣਿਆਂ ਦੀ ਵਾਰੀ ਲੱਗੀ ਕਿ ਮੰਜੇ ਪੁੱਠੇ ਜ਼ਮੀਨ ’ਤੇ ਡਾਹਣੇ, ਪਾਵਿਆਂ ਨਾਲ ਰੱਸੀਆਂ ਬੰਨ੍ਹ ਕੇ ਉਨ੍ਹਾਂ ਉੱਤੇ ਸੇਵੀਆਂ ਦੇ ਲੱਛੇ ਸੁੱਕਣੇ ਪਾਉਣ ਦੀ। ਅਸੀਂ ਇਕ ਪਾ ਕੇ ਦੂਜੇ ਲਈ ਭੱਜੇ ਆਇਆ ਕਰੀਏ। ਵਾਹਵਾ ਦਿਲ ਲੱਗਦਾ ਸੀ ਇਸ ਕੰਮ ਵਿਚ।



ਇਕ ਜਣੀ ਕੋਈ ਗੱਲ ਸੁਣਾ ਦਿੰਦੀ। ਬਾਕੀ ਸਾਰੇ ਖਿੜ-ਖਿੜਾ ਕੇ ਹੱਸ ਪੈਂਦੇ। ਦੂਐ-ਦੂਅ ਕੰਮੀਂ ਲੱਗੇ ਸਾਂ ਕਿ ਅਚਾਨਕ ਸਭ ਕੇ ਕੰਨਾਂ ਵਿਚ ਢੋਲ ਦੀ ਆਵਾਜ਼ ਪਈ ਤੇ ਨਾਲ ਹੀ ਸਾਰੇ ਚੱਕ ਛੱਬੀ ਵਿਚ ਲਾ-ਲਾ, ਲਾ-ਲਾ ਦੀ ਆਵਾਜ਼ ਸੁਣੀ—“ਓ ਭੱਜੋ ਭਾਈ! ਭੱਜੋ, ਆ ਪਏ, ਆ ਪਏ। ਅਸੀਂ ਵੀ ਸਾਰੇ ਜੀਅ ਸਭ ਕੁਝ ਵਿਚੇ ਛੱਡ ਕੇ, ਬਿਨਾਂ ਕੁਝ ਸੰਭਾਲਿਆਂ ਓਧਰ ਨੂੰ ਤੁਰ ਪਏ। ਸਾਰੀ ਛੱਬੀ ਇਕੱਠੀ ਹੋਈ ਸੀ। ਏਨੇ ਨੂੰ ਢੋਲ ਵੱਜਣਾ ਬੰਦ ਹੋ ਗਿਆ। ਸਾਰੇ ਘਰੋ-ਘਰੀ ਮੁੜ ਗਏ। ਸਾਰਿਆਂ ਨੂੰ ਜਾਪਿਆ ਜਿਵੇਂ ਕੋਈ ਭੁਲੇਖਾ ਜਿਹਾ ਲੱਗਾ। ਅਸੀਂ ਘਰ ਮੁੜੇ ਤਾਂ ਅੱਗੇ ਕੁੱਤੇ ਸੇਵੀਆਂ ਖਾਣ ਡਹੇ। ਵਾਹਵਾ ਹਾਸਾ ਮੱਚਿਆ।

ਉਸ ਦਿਨ ਸਭ ਲੋਕੀ ਘਰੀਂ ਤਾਂ ਚਲੇ ਗਏ ਪਰ ਚੈਨ ਨਾ ਆਵੇ। ਜਾਪੇ ਇਹ ਸ਼ੱਕ ਨਹੀਂ, ਸੱਚ ਈ ਹੋਵੇਗਾ। ਲਾਗਲੇ ਚੱਕਾਂ ਦੇ ਲੋਕ ਇਕੱਠੇ ਹੋ ਕੇ ਸਲਾਹਾਂ ਕਰਨ ਲੱਗ ਪਏ ਕਿ ਸੁਣਨ ਵਿਚ ਆਉਂਦਾ ਹੈ ਗੜਬੜ ਹੋ ਜਾਣੀ ਹੈ। ਇਧਰੋਂ ਉਧਰ ਤੇ ਓਧਰੋਂ ਇਧਰ ਹਲਚਲ ਹੋਣੀ ਹੈ, ਤਿਆਰੀ ਰੱਖਣੀ ਚਾਹੀਦੀ ਹੈ। ਸਾਰੇ ਮਨੋਂ ਦੁਖੀ ਵੀ ਸਨ ਤੇ ਪਰੇਸ਼ਾਨ ਵੀ। ਯੱਕੋ-ਤੱਕੀ ਵਿਚ ਸੀ। ਸਾਰੇ ਆਖਣ ਤਿਆਰੀ ਰੱਖੋ। ਸਾਨੂੰ ਵੀ ਬਾਪੂ ਜੀ ਨੇ, ਭਾਊ ਨੇ, ਚਾਚਿਆਂ ਨੇ ਕਹਿ ਦਿੱਤਾ ਕਿ ਕੀਮਤੀ ਸਮਾਨ ਬੰਨ੍ਹ ਕੇ ਰੱਖ ਲਵੋ। ਜੇ ਇਹ ਅਣਹੋਣੀ ਹੋ ਈ ਗਈ ਤਾਂ ਲੈ ਕੇ ਤੁਰ ਤਾਂ ਪਵਾਂਗੇ। ਹੱਥ ਦੀਆਂ ਬਣੀਆਂ ਦਰੀਆਂ, ਜਿਨ੍ਹਾਂ ਵਿਚ ਸੈਦਾਂ ਤੇ ਹਮੀਦਾਂ ਨੇ ਵੀ ਨਲੀਆਂ ਵਗਾਈਆਂ ਸਨ, ਬਾਗ-ਫੁਲਕਾਰੀਆਂ, ਕੋਰੇ ਖੱਦਰ ਦੇ ਥਾਨ, ਸਭ ਕੁਝ ਬੰਨ੍ਹ ਲਿਆ। ਦਬਾਉ ਵਧਦਾ ਜਾਂਦਾ ਸੀ। ਅਖ਼ੀਰ ਉਹ ਮਾੜਾ ਦਿਨ ਆ ਗਿਆ, ਪਿੱਛੋਂ ਕਾਫ਼ਲੇ ਆਉਣੇ ਸ਼ੁਰੂ ਹੋ ਗਏ।

ਅਸੀਂ ਵੀ ਛੱਬੀ ਵਾਲਿਆਂ ਨੇ ਆਪਣਾ ਕਾਫ਼ਲਾ ਬਣਾ ਲਿਆ। ਇਹ ਉਨ੍ਹਾਂ ਵਿਚ ਰਲਣਾ ਸੀ। ਸਾਰਾ ਸਾਮਾਨ ਗੱਡਿਆਂ ਉੱਤੇ ਲੱਦ ਲਿਆ। ਨਾਲ ਹੀ ਚੌਲ, ਆਟਾ, ਗੁੜ ਤੇ ਪਤੀਲੇ ਭਾਂਡੇ ਆਦਿ। ਬੰਦਿਆਂ ਨੇ ਚੋਣਵਾਂ ਚੋਣਵਾਂ ਮਾਲ ਹਿੱਕ ਲਿਆ। ਪਿੱਛੋਂ ਹੋਰ ਕਾਫ਼ਲੇ ਆਉਂਦੇ ਜਾਣ। ਉਧਰ ਕੁੱਤੇ ਭੌਂਕਣ ਤੇ ਡੰਗਰ ਅੜਾਉਣ। ਹਰ ਪਾਸੇ ਹਾਲ ਪਾਹਰਿਆ ਹੋ ਗਈ। ਭਾਬੀ ਦੀਆਂ ਹਮਜੋਲਣਾਂ ਫਾਤਮਾ, ਸੈਦਾਂ, ਹਮੀਦਾਂ, ਡਾਡਾਂ ਮਾਰਨ—“ਅਸੀਂ ਨਹੀਂ ਜਾਣ ਦੇਣਾ। ਸਾਨੂੰ ਛੱਡ ਕੇ ਕਿਥੇ ਚਲੇ ਓ?” ਉਹ ਚਾਚੀਆਂ, ਭੂਆ ਨਾਲ ਚੰਬੜ ਗਈਆਂ। ਸਾਡੀ ਮਾਂ ਦੇ ਗਲ ਨਾਲੋਂ ਨਾ ਲੱਥਣ। ਸਿਆਣਿਆਂ ਸਮਝਾਇਆ—ਅਸੀਂ ਇਥੇ ਹੀ ਮੁੜ ਆਉਣਾ ਏ। ਘਰ-ਬਾਹਰ, ਜ਼ਮੀਨਾਂ ਇਥੇ ਹਨ। ਸਾਰੀਆਂ ਸਾਂਝਾਂ ਪਿਆਰ ਏਦਾਂ ਹੀ ਰਹਿਣਗੇ, ਆਹ ਔਖਾ ਵੇਲਾ ਲੰਘਾ ਲਈਏ।”

ਸਾਡੇ ਬਾਬੇ ਨੇ ਪੈਸਿਆਂ ਵਾਲੀਆਂ ਗੁੱਥੀਆਂ ਇਕ ਸੰਦੂਕ ਵਿਚ ਪਾ ਕੇ ਉੱਤੇ ਦਰੀਆਂ ਖੇਸ ਰੱਖ ਦਿੱਤੇ। ਇਕ ਗੁੱਥੀ ਰਾਹ ਵਿਚ ਖਰਚਣ ਲਈ ਬਾਹਰ ਰੱਖ ਲਈ। ਬਾਬਾ ਚੱਕ ਛੱਬੀ ਦਾ ਸਰਦਾਰ, ਪਰ ਸਾਡੇ ਬੀਜੀ ਜਿਨ੍ਹਾਂ ਨੂੰ ਭਾਬੀ ਆਖਦੇ ਸਨ, ਦੀ ਨਿਆਣੀ ਉਮਰ ਸੀ। ਉਨ੍ਹਾਂ ਨੂੰ ਚੰਗਾ ਲੱਗਦਾ ਸੀ ਅੱਜ ਬਾਹਰ ਨਿਕਲੇ ਹਾਂ। ਓਦਾਂ ਤਾਂ ਜ਼ਨਾਨੀਆਂ ਨੂੰ ਬਾਹਰ ਨਹੀਂ ਸੀ ਨਿਕਲਣ ਦੇਂਦੇ। ਬਸ ਮੁਰੱਬਿਆਂ ਦਾ ਪਤਾ ਸੀ ਜਦੋਂ ਕਪਾਹ ਚੁਗਵਾਉਣ

ਜਾਣਾ ਜਾਂ ਘਰ ਦਾ ਪਤਾ। ਰਸਤੇ ਵਿਚ ਖਾਂਦੇ-ਪੀਂਦੇ ਗੱਡਿਆਂ 'ਤੇ ਜਾ ਰਹੇ ਸਾਂ। ਗੱਡੇ ਡੱਕ ਕੇ ਧਾਰਾਂ ਕੱਢ ਕੇ ਖੀਰਾਂ ਬਣਾ ਲੈਣੀਆਂ, ਅੰਨ ਪਾਣੀ ਤਿਆਰ ਕਰਕੇ ਖਾ ਲੈਣਾ। ਉਧਰੋਂ ਤਾਇਆ ਜੀ ਨੇ ਟਰੱਕ ਭੇਜ ਦਿੱਤਾ ਕਿ ਇਹਦੇ ਵਿਚ ਸਾਮਾਨ ਰੱਖ ਕੇ ਸਾਰੇ ਬੈਠ ਜਾਉ। ਮਹਿੰਦਰ ਸਿੰਘ ਨਾਲ ਹੈ, ਜ਼ਿੰਮੇਵਾਰੀ ਲੈ ਲਵੇਗਾ। ਹੋਰ ਵੀ ਦੋ-ਚਾਰ ਗੱਡਿਆਂ ਤੋਂ ਉਠਾ ਕੇ ਨਾਲ ਬਿਠਾਅ ਲਏ। ਕਾਫ਼ਲੇ ਜਾ ਰਹੇ ਸੀ ਕਿ ਇਕ ਗੱਡੀ ਵੱਢਿਆਂ ਟੁੱਕਿਆਂ ਦੀ ਇਧਰੋਂ ਓਧਰ ਜਾਂ ਓਧਰੋਂ ਇਧਰ ਲੋਕਾਂ ਨੇ ਵੇਖੀ ਜਾਂ ਨਹੀਂ, ਸੁਣਿਆ ਲੰਘੀ। ਬਸ ਵੱਢ-ਟੁੱਕ, ਮਾਰ-ਧਾੜ ਸ਼ੁਰੂ ਹੋ ਗਈ। ਚੀਕਾਂ, ਰੋਣ ਦੀਆਂ ਆਵਾਜ਼ਾਂ ਆਉਣ ਲੱਗੀਆਂ, ਤਾਰ ਕਾ ਬਾਗ ਆ ਕੇ ਲੋਕਾਂ ਪਸ਼ੂਆਂ ਨੂੰ ਖੁੱਲ੍ਹਾ ਛੱਡ ਦਿੱਤਾ। ਗੱਡਿਆਂ ਦਾ ਵਾਧੂ ਸਾਮਾਨ ਸੁੱਟ ਦਿੱਤਾ। ਗੱਡਿਆਂ ਵਾਲਿਆਂ ਘਰ ਦੀਆਂ ਜ਼ਨਾਨੀਆਂ ਨੂੰ ਗੱਡਿਆਂ 'ਤੇ ਬਿਠਾ ਕੇ ਉਪਰ ਪਾਟੇ ਪੁਰਾਣੇ ਕੱਪੜੇ ਪਾ ਦਿੱਤੇ। ਕਾਮਿਆਂ ਨੂੰ ਹਿੱਕਣ ਲਾ ਦਿੱਤਾ ਕਿ ਸ਼ੱਕ ਨਾ ਪਵੇ ਵਿਚ ਕੀ ਹੈ। ਜਿਹੜਾ ਦਿਲ ਕਰਦਾ, ਗੱਡਾ ਲੰਘ ਲੈਣ ਦੇਂਦੇ, ਨਹੀਂ ਤੇ ਪਾਸੇ ਲਵਾਹ ਲੈਂਦੇ। ਕਈਆਂ ਦੇ ਜਵਾਨ ਮੁੰਡੇ, ਕਈਆਂ ਦੀਆਂ ਕੁੜੀਆਂ ਲਾਪਤਾ ਹੋ ਗਈਆਂ। ਸਾਰਿਆਂ ਨੂੰ ਲੁੱਟ ਲਿਆ। ਨਾਲ ਚਲਦੇ ਕਾਫ਼ਲੇ ਵਿਚੋਂ ਇਕ ਜਵਾਨ ਕੁੜੀ ਲੈ ਗਏ। ਉਹਦਾ ਪਿਉ ਜ਼ਮੀਨ ਉੱਤੇ ਲਿਟੇ। ਸਿਰ ਵਿਚ ਧੂੜਾਂ ਪਾ ਲਈਆਂ, ਵਾਲ ਪੁੱਟੇ। ਪੱਗ ਕਿਤੇ ਆਪ ਕਿਤੇ। ਜ਼ਨਾਨੀਆਂ ਨੂੰ ਬੰਦੇ ਬਾਹਰ ਝਾਕਣ ਵੀ ਨਾ ਦੇਣ। ਕੱਪੜਿਆਂ ਵਿਚ ਘੁੱਟੀਆਂ ਸਾਹ ਵੀ ਨਾ ਲੈਣ। ਕਹਿਣ ਇਹੋ ਜਾਪੇ ਕਿ ਇਹ ਟਰੱਕ ਕੋਈ ਟੁੱਟਾ-ਭੱਜਾ ਸਮਾਨ ਲੈ ਜਾ ਰਿਹਾ ਹੈ। ਪਰ ਹੋਣੀ ਮਗਰ-ਮਗਰ ਆਈ ਨੂੰ ਕੌਣ ਟਾਲੇ। ਚੰਦਰਿਆਂ ਨੇ ਟਰੱਕ ਰੋਕ ਲਿਆ। ਏਨੀ ਜ਼ੋਰ ਦੀ ਬਰਛਾ ਮਾਰਿਆ ਕਿ ਚਾਚੇ ਮਹਿੰਦਰ ਸਿੰਘ ਦਾ ਜਿਸ ਨੂੰ ਤਾਇਆ ਨੇ ਸਾਡੀ ਰੱਖਿਆ ਲਈ ਨਾਲ ਭੇਜਿਆ ਸੀ, ਸੀਨਾ ਚੀਰ ਕੇ ਲੰਘ ਗਿਆ। ਡਰਾਈਵਰ ਉਸੇ ਤਰ੍ਹਾਂ ਟਰੱਕ ਚਲਾਈ ਗਿਆ। ਜਦੋਂ ਹਨੇਰਾ ਹੋਇਆ ਤਾਂ ਇਕ ਕਾਫ਼ਲੇ ਕੋਲ ਰੋਕ ਕੇ ਬਾਪੂ ਜੀ ਹੋਰਾਂ ਨੂੰ ਉਤਾਰਿਆ ਤੇ ਦੱਸਿਆ ਕਿ ਇਥੇ ਰੋਕਾਂ ਹਨ। ਅਗਾਂਹ ਜਾ ਕੇ ਦੂਸਰੇ ਕਾਫ਼ਲੇ ਕੋਲ ਉਤਰਾਂਗੇ। ਮਾਂ ਜੀ, ਭੂਆ ਜੀ ਹੋਰਾਂ ਨੂੰ ਟਰੱਕ ਦੇ ਵਿਚ ਹੀ ਰਹਿਣ ਦਿੱਤਾ। ਦਵਾ-ਦਵ ਲਾਗੇ ਬੰਨੇ ਤੋਂ ਛਮਿੱਟੀਆਂ ਦਾ ਢੇਰ ਵੇਖ ਕੇ ਪੰਜ ਚਾਰ ਜਣਿਆਂ ਬਿਨਾਂ ਨਵਾਤਿਆਂ ਧੋਤਿਆਂ ਕੱਪੜੇ ਪਾਇਆਂ ਉਸੇ ਤਰ੍ਹਾਂ ਦੱਬ-ਘੁੱਟ ਕੇ ਸਸਕਾਰ ਕਰ ਦਿੱਤਾ।

ਤਾਇਆ ਜੀ ਜਸਵੰਤ ਸਿੰਘ ਦਾ ਇਕੋ ਇਕ ਵੀਰ ਸੀ, ਨਾ ਮਿਲਿਆ ਇਥੇ ਆ ਕੇ ਉਸਦੀ ਮੌਤ ਦਾ ਪਤਾ ਲੱਗਾ। ਉਨ੍ਹਾਂ ਇਹ ਦੁੱਖ ਵਿਚੋ ਵਿਚ ਜਰਿਆ ਪਰ ਲੋਕਾਂ ਨਾਲ ਇਸ ਉਜਾੜੇ ਵਿਚ ਵਾਪਰੇ ਅਸਹਿ ਦੁੱਖਾਂ ਦੀਆਂ ਮਿਸਾਲਾਂ ਦੇ ਕੇ ਸਾਰਿਆਂ ਨੂੰ ਹੌਸਲਾ ਬੰਨਾਇਆ। ਟੱਬਰਾਂ ਨੇ ਲੁੱਟ ਪੁੱਟ ਹੋ ਕੇ ਉੱਜੜ ਕੇ ਮੁੜ ਆ ਵਸੇਬਾ ਕੀਤਾ ਤਹਿਸੀਲ ਨਕੋਦਰ ਵਿਚ। ਪੈਸੇ ਮੁੱਕ ਮੁਕਾਅ ਗਏ। ਪੈਲੀਆਂ ਵਿਚੋਂ ਸ਼ਕਰਕੰਦੀ ਪੱਟ ਲਿਆਉਣੀ ਤੇ ਉਬਾਲ ਕੇ ਖਾ ਲੈਣੀ। ਜਦੋਂ ਬੱਚਿਆਂ ਨੇ ਰਿਆੜ ਕਰਨੀ, ਮੇਰੀ ਦਾਦੀ ਤੇ ਮਾਂ ਨੇ ਕਹਿਣਾ ਪਹਿਲਾਂ ਅਸੀਂ ਇਧਰੋਂ ਉਜਾੜਾ ਕਰਕੇ ਆਪਣੇ ਸੁੱਖਾਂ ਲਈ ਬਾਰ ਵਿਚ ਜਾ



ਵੱਸੇ। ਹੁਣ ਓਧਰੋਂ ਐਸੇ ਉਜੜੇ, ਮੁੜ ਕਿਤੇ ਛੇਤੀ ਪੈਰ ਨਹੀਂ ਲੱਗਣੇ। ਹੌਲੀ ਹੌਲੀ ਵੱਸਦੇ ਗਏ ਪਰ ਉਨ੍ਹਾਂ ਜਦੋਂ ਕਿਤੇ ਸਾਕ ਸੰਬੰਧ ਕਰਨਾ, ਇਹ ਜ਼ਰੂਰ ਪੁੱਛਣਾ—"ਤੁਸੀਂ ਵੀ ਉਜੜ ਕੇ ਆਏ ਹੋ ? ਸਾਡੀ ਇਹ ਹੀ ਪੱਕੀ ਪਛਾਣ, ਪੱਕੀ ਸਾਂਝ ਤੇ ਪਿਆਰ ਦਾ ਰਿਸ਼ਤਾ ਬਣਦਾ। ਫਿਰ ਪੁੱਛਣਾ ਤੁਸੀਂ ਕਿਹੜੇ ਨੰਬਰ ਚੱਕ ਤੋਂ ਆਏ ਹੋ ? ਗੱਲਾਂ ਬਾਤਾਂ ਵਿਚ ਯਾਦਾਂ ਉੱਘੜ ਪੈਣੀਆਂ। ਉਥੇ ਦੇ ਸਰਦਾਰ, ਜ਼ਮੀਨਦਾਰ ਅਸੀਂ ਇਥੇ ਪਨਾਹਗੀਰ ਜਾਣੇ ਗਏ, ਅੱਜ ਵੀ ਇਸੇ ਨਾਂ ਨਾਲ ਜਾਣੇ ਜਾਂਦੇ ਹਾਂ। ਮੇਰੀ ਧੀ ਜੋ ਯੂਨੀਵਰਸਿਟੀ ਪਟਰ-ਪਟਰ ਅੰਗਰੇਜ਼ੀ ਬੋਲਦੀ ਹੈ, ਨੇ ਆਪਣੇ ਵੀਰ ਦੇ ਰਿਸ਼ਤੇ ਦੀ ਗੱਲ ਸੁਣ ਕੇ ਪਹਿਲੀ ਗੱਲ ਇਹੋ ਪੁੱਛੀ— "ਮੰਮੀ ਭਾਬੀ ਦੇ ਪੇਕੇ ਵੀ ਉੱਜੜ ਕੇ ਆਏ ਆ।" ਉਜਾੜੇ ਦਾ ਵਰਤਾਰਾ ਸਾਡੀ ਰਗ ਰਗ ਵਿਚ ਬਹਿ ਗਿਆ ਹੈ।

—

# ਜ਼ਮੀਰ

ਉਸਦੀ ਕਹਾਣੀ ਨਾ ਮੁੱਕੀ ਰਾਤ ਮੁੱਕ ਗਈ। ਉਹ ਕਰਦੀ ਗਈ, ਕਹਿੰਦੀ ਗਈ ਤੇ ਮੈਂ ਸੁਣਦੀ ਰਹੀ। ਅਖ਼ੀਰ ਉਹ ਬਾਹਰ ਚਲੇ ਗਈ ਤੇ ਵਾਪਸ ਆ ਕੇ ਉਸ ਤੋਂ ਵੀ ਔਖੀ। ਫਿਰ ਮੈਂ ਅੱਧ ਵਿਚਾਲਿਓਂ ਛੱਡ ਬਾਹਰ ਆ ਗਈ ਤੇ ਕਹਾਣੀ ਫਿਰ ਸ਼ੁਰੂ ਹੋ ਗਈ ਤੇ ਲੱਗਦਾ ਕਿ ਅੰਤ ਨਹੀਂ ਹੋਣਾ। ਸੁਣਾਉਂਦੀ ਸੁਣਾਉਂਦੀ ਰੋ ਪੈਂਦੀ, ਹੱਸ ਪੈਂਦੀ ਤੇ ਕਦੇ ਚੁੱਪ ਹੀ ਹੋ ਜਾਂਦੀ। ਮੈਂ ਕਹਿੰਦੀ 'ਹਾਂ' ਤੇ ਕਹਿੰਦੀ 'ਹਾਂ ਕੀ, ਬਸ ਫਿਰ।' ਤੇ ਫਿਰ ਬਸ ਨਾ ਹੁੰਦੀ।

ਸ਼ੁਰੂ ਬਚਪਨ ਤੋਂ ਹੁੰਦੀ। ਬਚਪਨ ਵੀ ਬਚਪਨ ਨਾ ਆਇਆ ਪਰ ਫਿਰ ਵੀ ਖ਼ੁਸ਼ ਸੀ। ਪੱਠੇ ਵੱਢ ਕੇ ਕੁਤਰ ਕੇ ਵੀ ਨਾ ਥੱਕਦੀ, ਕਦੇ ਖੂਹ ਵੀ ਹਿੱਕਣਾ ਪਿਆ, ਫਲ੍ਹਿਆਂ ਤੇ, ਭਾਵੇਂ ਝੂਟੇ ਲੈਣ ਦੇ ਹੀ ਬਹਾਨੇ ਉੜ੍ਹੀ-ਥੁੜ੍ਹੀ ਵੇਲੇ ਉਹ ਵੀ ਵਾਹੇ। ਕਮਾਦ ਵੀ ਛਿੱਲਿਆ, ਛਲੀਆਂ ਵੀ ਕੱਢੀਆਂ, ਕਪਾਹਾਂ ਵੀ ਚੁਣੀਆਂ। ਘਰ ਮਾਂ ਨਾਲ ਲਿਪਣ, ਪੋਚਣ, ਸਿਉਣ, ਪਰੋਣ ਤੋਂ ਲੈ ਕੇ ਪੜ੍ਹਾਈ ਵੀ ਡਟ ਕੇ ਕੀਤੀ। ਕਦੇ ਹੀਣ ਭਾਵਨਾ ਨਾ ਆਈ। ਹਾਂ, ਇਕ ਵਾਰ ਉਸ ਨੂੰ ਚੇਤੇ ਸੀ ਪਿੰਡ ਵਿਚੋਂ ਇਕ ਜ਼ਨਾਨੀ ਨੇ ਆ ਕੇ ਮਾਂ ਨੂੰ ਕਿਹਾ— "ਮਿੰਦਰ ਕੌਰੇ ਕੁੜੀ ਤੋਂ ਇੰਨਾ ਕੰਮ ਨਾ ਕਰਵਾਇਆ ਕਰੋ। ਕੱਲ੍ਹ ਮੈਂ ਵੇਖਦੀ ਸਾਂ ਕਿ ਕਿਵੇਂ ਹਵੇਲੀ ਵਿਚ ਮੱਝਾਂ ਚੋਵੇ, ਇਕ ਉਧਰੋਂ ਗਜ ਗਜ ਲੰਮੇ ਵਾਲ, ਉਹ ਨਾ ਸਾਂਭੇ ਜਾਣ, ਇਕ ਕਾਵਾਂ ਨੇ ਬੁਰਾ ਸਤਾਇਆ। ਉਹ ਡਰੰਮੀਂ ਤੋਂ ਢੱਕਣ ਲਾਹੁਣ ਤੇ ਇਹ ਕਟੜੂਆਂ ਨੂੰ ਧੂੰਹਦਿਆਂ ਮੈਂ ਵੇਖੀ ਤੇ ਮੈਨੂੰ ਬੜਾ ਹੀ ਤਰਸ ਆਇਆ। ਮੇਰੀਆਂ ਕੁੜੀਆਂ ਤੇ ਕੱਖ ਭੰਨ ਕੇ ਵੀ ਦੂਹਰਾ ਨਹੀਂ ਕਰਦੀਆਂ। ਮੈਂ ਰੋਟੀ ਵੀ ਡੱਬੀਆਂ ਵਿਚ ਪਾ ਕੇ ਦਿੰਦੀ ਹਾਂ। ਉਹ ਵੀ ਆਪ ਨਹੀਂ ਪਾਉਂਦੀਆਂ।" ਤੇ ਉਹ ਕਹਿੰਦੀ "ਕਿ ਇਹ ਗੱਲ ਸੁਣ ਕੇ ਉਹ ਅੰਦਰ ਜਾ ਕੇ ਉੱਚੀ-ਉੱਚੀ ਰੋਈ ਕਿ ਮੈਨੂੰ ਏਨਾ ਕਿਉਂ ਕਰਨਾ ਪੈਂਦਾ ਹੈ। ਸਾਰਿਆਂ ਦੇ ਘਰ ਇਕੋ ਜਿਹੇ ਕਿਉਂ ਨਹੀਂ ਹੁੰਦੇ। ਕਿਉਂ ਅਸੀਂ ਇੰਨਾ ਕੰਮ ਕਰਕੇ ਹੀ ਰੋਟੀ ਖਾ ਸਕਦੇ ਹਾਂ, ਸਕੂਲ ਜਾ ਸਕਦੇ ਹਾਂ ਤੇ ਗ਼ੁੱਸਾ ਵੀ ਆਉਂਦਾ। ਪਰ ਮਾਂ ਬਾਪ ਵਿਚਾਰੇ ਵੀ ਸਖ਼ਤ ਕੰਮ ਕਰਦੇ ਸੀ ਤੇ ਉਨ੍ਹਾਂ ਨੂੰ ਸਾਡੀ ਮਦਦ ਦੀ ਜ਼ਰੂਰਤ ਸੀ। ਖ਼ੈਰ ਸਮਾਂ ਲੰਘਦਾ ਗਿਆ ਤੇ ਬੀ.ਏ. ਕਰ ਲਈ ਚੰਗੇ ਨੰਬਰਾਂ ਵਿਚ ਤੇ ਐੱਮ.ਏ. ਵਿਚ ਦਾਖ਼ਲਾ ਲੈ ਲਿਆ। ਸਵੇਰੇ ਪੰਜ ਵਜੇ ਉੱਠ ਕੇ ਗੱਡੀ ਤੇ ਫਿਰ ਬਸ ਲੈ ਕੇ ਕਾਲਜ ਜਾਣਾ। ਪੜ੍ਹਨਾ, ਕੰਮ ਕਰਨਾ।

ਕੁਝ ਦਿਨਾਂ ਬਾਅਦ ਇਕ ਦਿਨ ਸਵੇਰੇ ਸਵੇਰੇ ਹੀ ਬਾਪੂ ਜੀ ਕੋਲ ਉਸੇ ਜੀਤੋ ਦਾ



ਭਰਾ ਆ ਗਿਆ। ਉਹ ਛੁੱਟੀ 'ਤੇ ਸੀ ਤੇ ਛੁੱਟੀ ਹੋਣ ਕਰਕੇ ਪੀਪੇ ਵਿਚ ਸੋਢਾ ਰਿੰਨ੍ਹ ਕੇ ਖੇਸ ਚਾਦਰਾਂ ਭਿਉਂ-ਭਿਉਂ ਕੇ ਪੂਰੀ ਤਾਰ ਧੋ-ਧੋ ਕੇ ਕੱਪੜਿਆਂ ਨਾਲ ਭਰੀ ਪਈ ਵੇਖ ਕੇ ਕਹਿੰਦਾ—"ਕੁੜੀ ਨੇ ਤੇ ਧੋਬੀ ਘਾਟ ਬਣਾਇਆ ਪਿਆ ਸਵੇਰੇ ਹੀ।" ਕਹਿੰਦੀ—"ਮੈਂ ਤੇ ਚੁੱਪ ਰਹੀ ਪਰ ਬਾਪੂ ਜੀ ਨੇ ਆਪਣੀ ਸਾਦਗੀ ਦਾ ਪ੍ਰਗਟਾਵਾ ਕਰਦਿਆਂ ਸਾਰੇ ਹੀ ਕੰਮਾਂ ਦਾ ਪੂਰਾ ਖੁਲਾਸਾ ਕਰ ਦਿੱਤਾ ਤੇ ਉਹ ਉਥੇ ਹੀ ਬਾਪੂ ਤੋਂ ਰਿਸ਼ਤੇ ਦੀ ਮੰਗ ਕਰਨ ਲੱਗਾ—"ਵੇਖ ਬੰਤਾਂ ਸਿੰਹਾਂ ! ਮੇਰਾ ਇਕੱਲਾ ਇਕੱਲਾ ਮੁੰਡਾ ਹੈ, ਪੰਜਾਬ ਬਿਜਲੀ ਬੋਰਡ ਵਿਚ ਓਵਰਸੀਅਰ ਲੱਗਾ ਹੋਇਆ। ਮੇਰੇ ਕੋਲ ਪੰਝੀ ਕਿੱਲੇ ਜ਼ਮੀਨ ਹੈ। ਪੈਨਸ਼ਨ ਮੈਨੂੰ ਮਿਲਟਰੀ ਵਿਚ ਨੌਕਰੀ ਕਰਨ ਕਰਕੇ ਮਿਲਦੀ ਹੈ। ਮੁੰਡਾ ਉੱਤੋਂ ਵਾਧੂ ਕਮਾਈ ਕਰਦਾ। ਇਕ ਕੋਠੀ ਗਾਰਡਨ ਕਾਲੋਨੀ ਵਿਚ ਤੇ ਇਕ ਹੁਣ ਬਾਹਰ ਬਾਈਪਾਸ ਉੱਤੇ ਬਣਾ ਲਈ ਹੈ। ਕੋਈ ਲੈਣ ਦੇਣ ਨਹੀਂ। ਪ੍ਰਮਾਤਮਾ ਦੀ ਪੂਰੀ ਕਿਰਪਾ ਹੈ। ਬਸ ਮੈਨੂੰ ਕੁੜੀ, ਕੁੜੀ ਹੀ ਚਾਹੀਦੀ, ਉਹ ਮੈਨੂੰ ਪਸੰਦ ਹੈ। ਆਪੇ ਅਸੀਂ ਪੜ੍ਹਾਈ ਕਰਵਾ ਲਵਾਂਗੇ। ਸਾਰੀ ਉਮਰ ਹੁਣ ਤੁਹਾਡੇ ਘਰ ਹੀ ਥੋੜ੍ਹਾ ਏਹਨੇ ਰਹਿਣਾ। ਮੈਨੂੰ ਜੀਤੋ ਨੇ ਦੱਸਿਆ ਸੀ ਕਿ ਭਾਊ ਤੂੰ ਆਪ ਹੀ ਗੱਲ ਕਰ ਲਾ। ਭਾਊ ਬੰਤਾ ਸਿਉਂ ਕਿਹੜਾ ਕੋਈ ਓਪਰਾ ਪਿੱਛੋਂ ਇਕੋ ਪਿੰਡ ਦੇ ਤੇ ਤੁਸੀਂ ਹੈਗੇ ਜੇ।" ਕਹਿੰਦੀ ਮੈਂ ਤੇ ਕੰਮ ਕਰੀ ਜਾਵਾਂ ਆਪਣੇ ਧਿਆਨ। ਮਾਂ ਪੇਕੇ ਗਈ ਸੀ ਤੇ ਬਾਪੂ ਜੀ ਨੇ ਆਪੇ ਹੀ ਹਾਂ ਕਰ ਦਿੱਤੀ ਤੇ ਉਹ ਜਾਂਦਾ ਸੌ ਦਾ ਨੋਟ ਕੱਢ ਕੇ ਮੈਨੂੰ ਫੜਾ ਗਿਆ। ਸੌ ਦਾ ਨੋਟ ਹੀ ਅੱਜ-ਕੱਲ੍ਹ ਦੇ ਪੰਜ ਹਜ਼ਾਰ ਬਰਾਬਰ ਸੀ। ਅੱਠਾਂ ਦੀ ਜੁੱਤੀ, ਪੰਦਰਾਂ ਦਾ ਸੂਟ, ਅਠਾਰਾਂ ਦੀ ਕੋਟੀ। ਇਕਤਾਲੀ ਖਰਚ ਕੇ ਫਿਰ ਵੀ ਪੈਸੇ ਬਚ ਗਏ।

ਮਾਂ ਆਈ ਤੇ ਬਾਪੂ ਜੀ ਤਾਂ ਇੰਜ ਜਿਵੇਂ ਕੋਈ ਮੋਰਚਾ ਸਰ ਕਰਕੇ ਆਇਆ ਹੋਵੇ— "ਲੈ ਬਈ ਭਾਗਵਾਨੇ ! ਸਾਰੇ ਉਲਾਂਭੇ ਲਾਹ ਦਿੱਤੇ ਅੱਜ ਬੰਤਾ ਸਿਉਂ ਨੇ। ਕੋਈ ਕੀ ਕਹੂ ਇਹਨੇ ਕੁਝ ਕੀਤਾ ਹੀ ਨਹੀਂ। ਆਪਾਂ ਵੀ ਉਹ ਕਰ ਦਿੱਤਾ ਜੋ ਕਿਸੇ ਨੇ ਨਹੀਂ ਕੀਤਾ।" ਮਾਂ ਪੁੱਛੇ—ਕੀ ਗੱਲ ਹੈ, ਅੱਜ ਤਾਂ ਬਾਪੂ ਖ਼ੁਸ਼ ਹੀ ਬੜਾ ਹੈ। ਕੋਲ ਬਿਠਾ ਕੇ ਮਾਂ ਨੂੰ ਸਾਰੀ ਗੱਲ ਦੱਸੀ ਕਿ ਆਹ ਕੁਝ ਹੋਇਆ ਅੱਜ। ਮਾਂ ਪਹਿਲਾਂ ਤੇ ਸੋਚਾਂ ਵਿਚ ਪੈ ਗਈ ਕਿ ਬੰਦੇ ਜ਼ਿਆਦਾ ਤਕੜੇ ਹਨ। ਫਿਰ ਚੁੱਪ ਹੋ ਗਈ, ਕੋਈ ਨਹੀਂ ਕੁੜੀ ਸਿਆਣੀ ਹੈ, ਮਾਰ-ਖੋਰੀ ਹੈ। ਆਪੇ ਸਾਂਭ ਲਊ ਸਭ ਕੁਝ ਆਪਣੀ ਸਿਆਣਪ ਨਾਲ। ਜੀਤੋ ਆ ਕੇ ਦਿਨ ਛੁਹਾਰੇ ਦਾ ਮਿੱਥ ਗਈ। ਛੁਹਾਰੇ ਉੱਤੇ ਹੀ ਕੁਝ ਲੱਗਾ ਕਿ ਗ਼ਲਤ ਹੈ, ਪਰ ਕੀ ਕਰਦੀ। ਜੀਤੋ ਦੇ ਕਹਿਣ 'ਤੇ ਕੜਾ, ਫਰੂਟ ਦਾ ਟੋਕਰਾ, ਮਠਿਆਈ ਦੇ ਡੱਬੇ ਲੈ ਕੇ ਪੰਦਰਾਂ ਜਣੇ ਚਲੇ ਗਏ। ਸਭ ਕੁਝ ਵੇਖ ਕੇ ਬੇਅੰਤ ਸਿੰਘ ਕਹਿਣ ਲੱਗਾ—"ਤੁਸੀਂ ਇਹ ਸਭ ਕੁਝ ਕਿਉਂ ਲੈ ਕੇ ਆਏ ਹੋ। ਮੈਂ ਤੁਹਾਨੂੰ ਕਿਹਾ ਸੀ ਕਿ ਕੁੜੀ ਹੀ ਚਾਹੀਦੀ ਹੈ।" ਕਹਿੰਦੇ ਕਿ ਸਾਰੇ ਹੀ ਨਾਲ ਗਏ ਬੰਦੇ ਮੰਨ ਗਏ ਕਿ ਕਿੰਨੇ ਚੰਗੇ ਰਿਸ਼ਤੇਦਾਰ ਮਿਲੇ ਹਨ। ਮੁੰਡਾ ਵੀ ਪੜ੍ਹਿਆ ਲਿਖਿਆ, ਘਰ ਜਾਇਦਾਦ ਵੀ ਆਖਰਾਂ ਦੀ। ਮਾਹਰ ਕੋਠੀਆਂ, ਕਾਰਾਂ।

ਪੂਰਾ ਪੰਡਾਲ ਵੇਖ ਕੇ ਅਸ਼-ਅਸ਼ ਕਰ ਉੱਠੇ ਤੇ ਉਪਰੋਂ ਬੇਅੰਤ ਸਿੰਘ ਦਾ ਕੀਤਾ

ਡਰਾਮਾ ਤੇ ਲੋਕਾਂ ਨੂੰ ਹੈਰਾਨ ਹੀ ਕਰ ਗਿਆ। ਵਿਆਹ ਵੀ ਦਿਨਾਂ ਵਿਚ ਹੀ ਮੰਗ ਲਿਆ। ਅਜੇ ਪੰਦਰਵੀਂ ਦੇ ਫਾਈਨਲ ਪੇਪਰ ਹੋਣੇ ਸਨ। ਜੀਤੋ ਸਵੇਰੇ ਆਈ ਤੇ ਕਹਿੰਦੀ ਕਿ "ਭਾਊ, ਭਾਬੀ ਕਹਿੰਦੀ ਸੀ ਕਿ ਵਰੀ ਬਣਾਉਣੀ ਹੈ, ਅਮਰ ਨੂੰ ਕਿਸ ਦਿਨ ਛੁੱਟੀ ਹੈ।"

ਉਹ ਵੀ ਦਿਨ ਆ ਗਿਆ। ਮੇਰੀ ਪਸੰਦ ਤਾਂ ਕੋਈ ਖ਼ਾਸ ਨਹੀਂ ਸੀ ਪਰ ਉਨ੍ਹਾਂ ਪੂਰਾ ਜ਼ੋਰ ਲਾ ਦਿੱਤਾ ਕਿ ਮੈਂ ਖ਼ੁਸ਼ ਹੋਵਾਂ। ਖ਼ੁਸ਼ ਵੀ ਸਾਂ, ਗਹਿਣੇ ਗੱਟੇ ਵੀ ਨਾਲ ਲੈ ਕੇ ਬਣਾਏ। ਸੱਚੀਂ ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਇਹ ਇਵੇਂ ਕਿਉਂ ਹੋ ਰਿਹਾ ਹੈ। ਵਿਆਹ ਦਾ ਸੂਟ ਅਸੀਂ ਬਥੇਰਾ ਕਿਹਾ ਕਿ ਨਾਨਕਿਆਂ ਦਾ ਹੁੰਦਾ ਹੈ। ਆਪੇ ਬਣਾਉਣਗੇ ਪਰ ਉਹ ਕਹਿਣ ਕਿ ਉਹ ਵੀ ਸਾਡਾ ਹੀ ਹੋਊ। ਪੂਰਾ ਭਾਰਾ ਸੂਟ ਤੇ ਭਾਰੇ ਦੋ ਲੀੜੇ ਡੱਬੇ ਵਿਚ ਪੈਕ ਹੋ ਕੇ ਨਾਲ ਹੀ ਸੈੱਟ ਵੀ ਆ ਗਿਆ। ਸਾਰਾ ਸ਼ਰੀਕਾ, ਪਿੰਡ ਹੈਰਾਨ, ਘਰ ਦੇ ਵੀ ਖ਼ੁਸ਼ ਪਰ ਮੇਰੇ ਦਿਲ ਵਿਚ ਘਾਊਂ-ਮਾਊਂ ਹੋਵੇ ਕਿ ਇਹ ਸਭ ਕੁਝ ਮੇਰੇ ਲਈ ਬਹੁਤ ਜ਼ਿਆਦਾ ਸੀ। ਵਿਆਹੀ ਗਈ ਤਾਂ ਝੁਰਮਟ ਪੈ ਗਿਆ। ਸਾਰੇ ਸ਼ਗਨ ਕਰਕੇ ਜਦੋਂ ਮੰਜੇ 'ਤੇ ਬੈਠੀ ਤਾਂ ਸੋਨੇ ਰੰਗੀ ਚੇਨ ਵਾਲੀ ਘੜੀ ਵੇਖ ਕੇ ਘਰ ਦੀ ਮੋਹਤਬਰ ਜ਼ਨਾਨੀ ਕਹਿੰਦੀ—"ਆਹ ਤੇ ਵਾਹਵਾ ਭਾਰੀ ਪਾਈ।" ਉਹ ਪੇਕਿਆਂ ਦੀ ਸੀ ਪਰ ਮੈਂ ਚੁੱਪ ਰਹੀ। ਅਗਲੇ ਦਿਨ ਪਿੰਡ ਵਾਪਸ ਜਾ ਕੇ ਉਸੇ ਦਿਨ ਹੀ ਪਰਤ ਆਉਣਾ ਸੀ। ਸਵੇਰੇ ਹੀ ਭੂਆ ਜੀਤੋ ਕੱਪੜੇ ਦੇ ਗਈ ਕਿ ਆਹ ਪਾ ਲਵੀਂ। ਨਹਾ ਧੋ ਕੇ ਕੱਪੜੇ ਪਾ ਕੇ ਤਿਆਰ ਹੋ ਕੇ ਤੁਰ ਪਏ। ਘਰ ਤੋਂ ਪੰਜ ਕੁ ਮੀਲ ਜਾ ਕੇ ਪਤਾ ਨਹੀਂ ਬੇਅੰਤ ਸਿਉਂ ਦੇ ਮਨ ਵਿਚ ਕੀ ਆਈ, ਪਿੱਛੇ ਵੇਖ ਕੇ ਆਪਣੀ ਘਰ ਵਾਲੀ ਨੂੰ ਪੁੱਛਦਾ—ਸਭ ਕੁਝ ਠੀਕ ਹੈ ? ਉਹ ਇਕ ਦਮ ਮੇਰੇ ਵੱਲ ਵੇਖ ਕੇ ਜਿਵੇਂ ਕੰਬ ਗਈ ਹੋਵੇ। "ਗਹਿਣਾ ਤੇ ਮੈਂ ਦੇਣਾ ਹੀ ਭੁੱਲ ਗਈ।' ਮੈਂ ਬਥੇਰਾ ਕਿਹਾ—"ਕੋਈ ਗੱਲ ਨਹੀਂ, ਰਹਿਣ ਦਿਉ।" ਪਰ ਉਨ੍ਹਾਂ ਦੇ ਅੰਦਰ ਤਾਂ ਹੋਰ ਦਾ ਹੋਰ ਚੋਰ ਸੀ। ਸ਼ਾਨੋ ਸ਼ੌਕਤ, ਵਿਖਾਵਾ, ਰੋਹਬ ਤੋਂ ਕੁਝ ਤਾਂ ਸਮਝ ਗਈ ਪਰ ਬਹੁਤਾ ਨਹੀਂ। ਗੱਡੀ ਮੋੜੀ, ਜਾ ਕੇ ਸੱਸ ਨੇ ਕਾਹਲੀ ਕਾਹਲੀ ਸੈੱਟ ਦੇ ਦਿੱਤੇ ਕਿ ਆ ਜਾ ਕੇ ਗੱਡੀ ਵਿਚ ਪਾ ਲਵੀਂ। ਤਿੰਨ ਸੈੱਟ, ਜੋ ਅਣ-ਚਾਹੁੰਦਿਆਂ ਵੀ ਪਵਾਏ, ਕੀ ਕਰਦੀ। ਘਰ ਸਾਰੇ ਵੇਖਣ ਕਿ ਕਿਵੇਂ ਲੱਦੀ ਪੱਥੀ ਨਵੇਂ ਗਹਿਣੇ ਤੇ ਮਹਿੰਗੇ ਕੱਪੜੇ।

ਫਿਰ ਸਫ਼ਰ ਸ਼ੁਰੂ ਹੋਇਆ ਇਕ ਤੋਂ ਬਾਅਦ ਇਕ ਗੋਲੇ ਲੱਗੇ ਦਾਗਣ, ਜਿਨ੍ਹਾਂ ਦੀ ਨਾ ਬਾਹਰ ਆਵਾਜ਼ ਨਾ ਫ਼ਰਿਆਦ, ਨਾ ਵਕੀਲ, ਨਾ ਅਪੀਲ, ਨਾ ਦਲੀਲ। ਢੱਕੀ ਰਿੱਝੇ ਕੋਈ ਨਾ ਬੁੱਝੇ। ਇਕ ਦਿਨ ਮਾਂ ਜੀ ਤੇ ਬਾਪੂ ਜੀ ਰਿਸ਼ਤੇਦਾਰਾਂ ਦੇ ਗਏ ਤੇ ਦੱਸ ਕੇ ਨਾ ਗਏ ਕਿ ਕੀ ਧਰਨਾ ਹੈ। ਮੈਂ ਕੁਝ ਫੋਲਾਫਾਲੀ ਕੀਤੀ ਪਰ ਸਮਝ ਨਾ ਆਈ। ਵੇਖਿਆ ਕਿ ਬਾਹਰ ਗੁਆਰਾ ਪਿਆ ਸੀ। ਮੈਂ ਬੜੀ ਰੀਝ ਨਾਲ ਕੂਲੀਆਂ ਕੂਲੀਆਂ ਫਲੀਆਂ ਤੋੜ ਕੇ, ਚੀਰ ਕੇ ਵਿਚ ਪਿਆਜ ਪਾ ਕੇ ਸਰ੍ਹੋਂ ਦੇ ਤੇਲ ਦਾ ਤੜਕਾ ਲਾ ਕੇ ਬਹੁਤ ਹੀ ਸੁਆਦ, ਸਾਰਾ ਜ਼ੋਰ ਲਾ ਕੇ ਬਣਾ ਦਿੱਤੀਆਂ ਤੇ ਆਸ ਕੀਤੀ ਕਿ ਪਸੰਦ ਕਰਨਗੇ। ਉਹ ਆਏ,ਆ ਕੇ ਕੱਪੜੇ ਬਦਲ ਕੇ ਮੂੰਹ ਹੱਥ ਧੋ ਕੇ ਬੈਠ ਗਏ। ਰੋਟੀ ਪਰੋਸੀ ਗਈ। ਖਾਣ ਲੱਗੇ ਤਾਂ ਬਾਪੂ ਜੀ ਤਾਂ ਛੱਡ ਕੇ ਪਰ੍ਹਾਂ ਹੋ ਗਏ ਤੇ ਮਾਤਾ ਅੱਗ ਦੀ ਨਾੜ ਵਾਂਗੂੰ ਫੁੱਟ ਪਈ। ਇਹ ਨਹੀਂ



ਬਣਦਾ ਸਰਦਾਰਾਂ ਦੇ ਘਰ। ਇਹ ਕੰਮੀਆਂ ਦਾ ਚੌਂਕਾ ਨਹੀਂ, ਜੋ ਪਸ਼ੂਆਂ ਨੂੰ ਪਾਉਣਾ ਉਹੀ ਆਪਾਂ ਖਾਣਾ। ਦੱਸੀਂ ਜਾਵੇ—ਜੇ ਮੈਂ ਕੋਈ ਆਵੇ ਤੇ ਡਿਨਰ ਸੈੱਟ ਕੱਢਾਂ ਫਿਰ ਬੋਲੇ। ਜੇ ਬਿਸਤਰਾ ਕੱਢਾਂ ਫਿਰ ਬੋਲੇ ਤੇ ਜੇ ਘੱਟ ਵਰਤਾਂ ਤਾਂ ਕਮੀਨੀ, ਵੱਧ ਵਰਤਾਂ ਤੇ ਕੋਹਝੀ ਕਹਿਣ—ਸੋਚਾਂ ਨਾ ਮਾਂ ਕੋਲ, ਨਾ ਬਾਪ ਕੋਲ, ਨਾ ਭੈਣ ਭਰਾ ਕੋਲ, ਨਾ ਕੋਈ ਰਿਸ਼ਤੇਦਾਰ ਕੋਲ। ਕੀ ਕਰਾਂ ? ਜੇ ਮਰਾਂ ਤਾਂ ਫਿਰ ਕਹਿਣਗੇ ਇਹੋ ਜਿਹੇ ਘਰਾਂ ਦੀਆਂ ਇੰਜ ਹੀ ਕਰਦੀਆਂ।

ਜੇ ਕਿਤੇ ਜਾਣਾ ਹੁੰਦਾ ਸੀ ਤਾਂ ਪੂਰੇ ਸੂਟ ਗਹਿਣੇ ਗੱਟੇ ਨਾਲ ਜਿਵੇਂ ਘੋੜੀ ਸ਼ਿੰਗਾਰੀ ਦੀ ਸਜਾ ਫਬਾ ਕੇ ਅੱਗੋਂ ਪਿੱਛੋਂ ਆਪ ਖਲੋ ਕੇ ਵੇਖਣਾ। ਜੁੱਤੀ, ਪਰਸ ਮੈਚ ਕਰਦਾ। ਕਸਰ ਨਾ ਰਹਿ ਜਾਵੇ ਸਰਦਾਰ ਦੀ। ਘਰ ਵੜਨਾ ਪਿੱਛੋਂ "ਚੱਲ ਲਾਹ ਚੂੜੀਆਂ, ਕਾਂਟੇ, ਹਾਰ ਮੈਂ ਸਾਂਭ ਦੇਵਾਂ।" ਇਕ ਦਿਨ ਤੇ ਹੱਦ ਹੀ ਹੋ ਗਈ। ਗ਼ੁੱਸੇ ਦੀ ਭਰੀ ਘਰ ਵਾਲੇ ਨਾਲ ਚੁੱਪ ਹੋ ਗਈ। ਅੰਦਰ ਤਾਂ ਜੋ ਮਰਜ਼ੀ ਕਹਿ ਲੈਂਦੀ, ਕਹਾ ਲੈਂਦੀ ਪਰ ਬਾਹਰ ਪ੍ਰਗਟਾਵਾ ਸਭ ਅੱਛਾ ਹੀ ਕਰਨਾ ਪੈਂਦਾ। ਇਹ ਭਾਂਪ ਕੇ ਮਾਤਾ ਜ਼ੋਰ ਦੀ ਕੜਕੀ—"ਕਿਥੋਂ ਆ ਗਈ ਕੰਮੀਆਂ ਦੀ ਕੁੜੀ।" ਪਹਿਲਾ ਬੱਚਾ ਹੋਣ ਵਾਲਾ ਸੀ, ਬੁਰੀ ਹਾਲਤ ਲੋਹ ਉੱਤੇ ਚਾਰ ਘੰਟੇ ਰੋਟੀਆਂ ਪਕਾਉਂਦੀ ਦਾ ਲੱਕ ਦੁਖਣ ਲੱਗ ਪਿਆ। ਅੰਦਰ ਜਾ ਕੇ ਰਜਾਈਆਂ ਦੀ ਢੋਅ ਲਾ ਕੇ ਅੱਧ-ਲੰਮੀ ਪੈ ਗਈ। ਬਾਹਰੋਂ ਬਾਪੂ ਕੁਝ ਲੈਣ ਅੰਦਰ ਗਿਆ। ਮਾਤਾ ਭੜਕ ਉੱਠੀ—"ਇਹ ਕੰਜਰਾਂ ਦਾ ਘਰ ਨਹੀਂ। ਦੱਸੂੰ ਤੇਰੀ ਮਾਂ ਨੂੰ। ਇਹ ਸਿਖਾਇਆ ਈ ਕਿ ਸਹੁਰੇ ਦੇ ਸਾਹਮਣੇ ਲੱਤਾਂ ਚੌੜੀਆਂ ਕਰ ਕੇ ਪੈ ਜਾਵੇ।" ਚੁੱਪ ਗੜੁੱਪ ਉੱਠ ਕੇ ਬਹਿ ਗਈ। ਬੋਲਾਂ ਨਾ ਕਿ ਵੱਡਿਆਂ ਅੱਗੇ ਬੋਲੀਦਾ ਨਹੀਂ। ਇਹੀ ਪੜ੍ਹਿਆ ਸੀ, ਇਹ ਆਪਣੀ ਮਾਂ ਤੋਂ ਸੁਣਿਆ ਸੀ। ਜਰੀ ਜਾਵਾਂ। ਜਰੀ ਜਾਵਾਂ।

ਆਪਣੇ ਘਰ ਤੰਗੀ ਵਿਚ ਵੀ ਤਸੱਲੀ ਸੀ। ਇਥੇ ਅਮੀਰੀ ਵਿਚ ਵੀ ਤਲਖ਼ੀ। ਇਹੀ ਸੋਚਾਂ—ਸਮਝ ਜਾਣਗੇ, ਮਹਿਸੂਸ ਕਰਨਗੇ। ਕਦੇ ਤੇ ਕੁਝ ਸੁਖਾਵਾਂ ਹੋਊ।

ਚਾਚੇ ਦੀ ਨੂੰਹ ਆਈ ਤੇ ਮੈਂ ਆਪ ਮਾਤਾ ਨੂੰ ਸੁਣਿਆ ਕਹਿੰਦਿਆਂ—"ਬਹੁਤੀ ਭੂਏ ਨਾ ਚੜ੍ਹਾਈਂ, ਪਹਿਲੇ ਦਿਨ ਤੋਂ ਹੀ ਖਿੱਚ ਕੇ ਰੱਖੀਂ। ਜਿਵੇਂ ਆਪਾਂ ਨੂੰ ਬੁੜੀ ਸਾਡੀ ਸੱਸ ਰੱਖਦੀ ਸੀ।" ਮੇਰੇ ਉੱਤੇ ਇਕ ਰੰਗ ਆਵੇ ਇਕ ਜਾਵੇ। ਮੇਰੇ ਉੱਤੇ ਤਾਂ ਇਹ ਹੁਣ ਹੋਰ ਜ਼ੁਲਮ ਢਾਹੁਣਗੇ।

ਸ਼ਾਮ ਨੂੰ ਬਾਪੂ ਘਰ ਆਇਆ। ਮੈਂ ਸੋਚਾਂ ਹੁਣ ਮੇਰੀ ਫੇਰ ਸ਼ਾਮਤ ਆ ਜਾਣੀ। ਇਨ੍ਹਾਂ ਕੋਈ ਨਾ ਕੋਈ ਸਕੀਮ ਘੜ ਲੈਣੀ। ਪਰ ਪਤਾ ਨਹੀਂ ਵਾਹਿਗੁਰੂ ਦੇ ਮਨ ਵਿਚ ਕੀ ਮਿਹਰ ਪਈ ਅੱਜ ਮੇਰੀ ਸੱਸ ਮੇਰੇ ਨਾਲ ਖ਼ੁਸ਼ ਹੋ ਕੇ ਬੋਲੀ, ਜਿੱਦਾਂ ਮੇਰੀ ਸਹੇਲੀ ਹੋਵੇ। ਬਾਪੂ ਨੂੰ ਵੀ ਸਮਝਾ ਰਹੀ ਸੀ—"ਕੀ ਕਰਨੀ ਸੀ ਆਪਾਂ ਦਾਤ। ਓਦਣ ਬਖ਼ਸ਼ੋ ਤਿੜ-ਤਿੜ ਦੱਸਦੀ ਸੀ ਕਿ ਮੇਰੀ ਨੋਂਹ ਵੀ ਸੋਹਣੀ ਆਂ ਤੇ ਅਗਲਿਆਂ ਦਾਤ ਨਾਲ ਵੀ ਘਰ ਭਰ ਦਿੱਤਾ। ਅੱਜ ਪਿੰਡ 'ਚੋਂ ਪਤਾ ਲੱਗਦਾ ਕੁੜੀ ਤੇ ਮਾਰਦੀ ਸੀ 'ਵਾ ਨੂੰ ਤਲਵਾਰਾਂ ਤੇ ਮੁੰਡੇ ਨੂੰ ਲੈ ਕੇ ਸ਼ਹਿਰ ਚਲੀ ਗਈ ਏ। "ਕੀ ਕਰਨੀ ਸੀ ਆਪਾਂ ਦਾਤ।" ਬਾਪੂ ਵੀ ਹੈਰਾਨ ਹੋਈ ਜਾਵੇ।

ਮੈਂ ਅਜੇ ਵੀ ਡਰੀ ਜਾਵਾਂ ਕੋਈ ਸਕੀਮ ਨਾ ਘੜ ਲੈਣ ਪਰ ਮੈਂ ਹੈਰਾਨ ਹੋ ਗਈ ਜਦੋਂ ਮੇਰੀ ਸੱਸ ਮੈਨੂੰ ਗਲ ਨਾਲ ਲਾ ਕੇ ਰੋਣ ਲੱਗ ਪਈ—"ਧੀਏ ! ਮੈਂ ਅੱਜ ਸਾਰਾ ਦੁਖ-ਸੁਖ ਤੇਰੇ ਨਾਲ ਸਾਂਝਾ ਕਰਨ ਲੱਗੀ ਆਂ। ਮੇਰੀ ਜ਼ਮੀਰ ਇਹ ਇਜਾਜ਼ਤ ਨਹੀਂ ਦੇਂਦੀ ਕਿ ਤੇਰੇ ਨਾਲ ਉਸ ਤਰ੍ਹਾਂ ਵਾਪਰੇ ਜਿਵੇਂ ਸਾਡੇ ਨਾਲ ਸਾਡੀ 'ਬੁੜੀ' ਵੇਲੇ ਵਾਪਰਿਆ ਸੀ। ਇਹ ਰਿਸ਼ਤਾ ਤਾਂ ਸਗੋਂ ਮਾਵਾਂ ਧੀਆਂ ਤੋਂ ਵੀ ਵੱਧ ਹੁੰਦਾ ਹੈ।" ਉਹ ਮੈਨੂੰ ਇਹ ਸਾਰੀ ਕਹਾਣੀ ਸੁਣਾਉਂਦੀ ਗਈ ਪਰ ਮੈਂ ਅਜੇ ਵੀ ਪਤਾ ਨਹੀਂ ਕਿਉਂ ਡਰ ਰਹੀ ਸੀ।

—



# ਬੋਝ

ਬਹੁਤ ਹੀ ਖ਼ੁਸ਼ੀ ਖ਼ੁਸ਼ੀ ਮੈਂ ਅੱਜ ਦਾ ਪ੍ਰੋਜੈਕਟ ਕਰ ਕੇ ਟਾਈਮ ਵੇਖਿਆ ਤਾਂ ਪੰਜ ਵੱਜ ਚੁੱਕੇ ਸਨ। ਦਿਲ ਦੀ ਪਸੰਦਗੀ ਦਾ ਕੰਮ ਹੋਣ ਕਰਕੇ ਸਮੇਂ ਦਾ ਪਤਾ ਹੀ ਨਾ ਲੱਗਾ ਕਿ ਕਦੋਂ ਛੁੱਟੀ ਦਾ ਟਾਈਮ ਹੋ ਵੀ ਗਿਆ। ਪੂਰੇ ਪੰਜ ਵੱਜ ਕੇ ਪੰਝੀ ਮਿੰਟਾਂ ਉੱਤੇ ਬਸ ਫੜਨੀ ਹੋਣ ਕਰਕੇ ਮੈਂ ਛੇਤੀ-ਛੇਤੀ ਬੈਗ ਫੜ ਕੇ ਐਲੀਵੇਟਰ ਵੱਲ ਨੂੰ ਕਾਹਲੀ ਕਾਹਲੀ ਤੁਰ ਪਈ।

ਅਜੇ ਮੈਂ ਪੈਰ ਪਾਇਆ ਹੀ ਸੀ ਕਿ ਮਿਸਟਰ ਚਾਰਲੀ ਜੋ ਇਕ ਵਾਹਵਾ ਜਵਾਨ ਕਾਲਾ ਨੀਗਰੋ ਕਰਮਚਾਰੀ ਹੈ, ਵੀ ਮੇਰੇ ਨਾਲ ਹੀ ਆ ਗਿਆ। ਚਾਰਲੀ ਅਸਿਸਟੈਂਟ ਦੀ ਨੌਕਰੀ ਕਰਦਾ ਹੈ ਪਰ ਇਕ ਨੌਕਰੀ ਨਾਲ ਪਰਿਵਾਰ ਪਾਲਣਾ ਅਸੰਭਵ ਹੋਣ ਕਰਕੇ ਇਹ ਸ਼ਾਮ ਨੂੰ ਪਾਰਟ ਟਾਈਮ ਗਰਾਊਂਡ ਮੇਨਟੀਨੈਂਸ ਦੀ ਨੌਕਰੀ ਵੀ ਕਰਦਾ ਹੈ। ਚਾਰਲੀ ਸਾਰਾ ਦਿਨ ਕੋਹਲੂ ਦਾ ਬੈਲ ਬਣਿਆ ਰਹਿੰਦਾ। ਉਹ ਇਥੋਂ ਹੀ ਆਪਣੇ ਕੱਪੜੇ ਬਦਲ ਕੇ ਜਾਂਦਾ ਤੇ ਵਾਈਟ ਕਾਲਰ ਤੋਂ ਬਲਿਊ ਕਾਲਰ ਬਣ ਜਾਂਦਾ। ਭਾਵ ਅਸਿਸਟੈਂਟ ਦੀ ਸਾਫ਼ ਸੁਥਰੀ ਨੌਕਰੀ ਜਿਥੇ ਬੰਦੇ ਨੂੰ ਰਤੀ ਮੈਲ ਨਹੀਂ ਲੱਗਦੀ ਜਾਪਦਾ ਹੈ ਹੁਣੇ ਨਹਾ ਕੇ ਤਿਆਰ ਹੋ ਕੇ ਨਿਕਲਿਆ ਹੈ, ਤੋਂ ਬਲਿਊ ਕਾਲਰ ਭਾਵ ਹੱਥ ਦੇ ਕੰਮ ਕਰਨ ਵਾਲੇ ਰੰਗਦਾਰ ਕੱਪੜੇ ਪਾ ਲੈਂਦਾ। ਇਹ ਵੀ ਨੌਕਰੀ, ਨੌਕਰੀ ਹੀ ਹੁੰਦੀ। ਸਵੇਰ ਤੋਂ ਚੱਲ ਸੋ ਚਲ—ਟੀਂ...ਟੀਂ...ਟੀਂ, ਕਿਤਾਬਾਂ ਕੰਪਿਊਟਰ ਦੇ ਸਕੈਨਰ 'ਤੇ ਚੈੱਕ ਇਨ ਤੇ ਚੈੱਕ ਆਊਟ ਕਰਦਾ। ਕਦੇ 'ਬੁੱਕ ਡਰੌਪ' ਵੱਡੇ ਵੱਡੇ ਡਰੱਮ ਜਿਨ੍ਹਾਂ ਵਿਚ ਲੋਕੀ ਕਿਤਾਬਾਂ ਪਾ ਕੇ ਜਾਂਦੇ, ਖ਼ਾਲੀ ਕਰਦਾ। ਤੇ ਫਿਰ ਉਸ ਤੋਂ ਵੀ ਔਖਾ ਕੰਮ ਅਤਿ ਦੀ ਹੁੰਮਸ ਵਾਲੀ ਗਰਮੀ ਵਿਚ ਬਾਹਰ ਗਰਾਊਂਡ ਦਾ ਕੰਮ ਕਰਦਾ। ਕਦੀ-ਕਦੀ ਇਕ ਛਿਣ ਸਾਹ ਲੈਣ ਲਈ ਖਲੋਅ ਕੇ ਕਹਿੰਦਾ, "ਇਸ ਤਰ੍ਹਾਂ ਲੋਕ ਸਮਝਦੇ ਅਮਰੀਕਾ ਕੈਨੇਡਾ ਸਵਰਗ ਆ। ਮੌਜਾਂ ਜਿਹੜੇ ਉਥੇ ਇਕ ਵਾਰ ਔਖੇ ਸੌਖੇ ਹੋ ਕੇ ਚਲੇ ਗਏ। ਲੁੱਟਦੇ ਆ ਬਹਾਰਾਂ। ਕੋਈ ਸਾਡਾ ਇਹ ਹਾਲ ਵੇਖੇ।" ਉਹ ਉਸਦੀ ਬਾਹਰ ਦੀ ਚਾਰ ਘੰਟੇ ਦੀ ਨੌਕਰੀ ਅੰਦਰ ਦੇ ਬਾਰ੍ਹਾਂ ਘੰਟਿਆਂ ਤੋਂ ਵੀ ਔਖੀ ਲੱਗਦੀ। ਜਾਨ ਨਿਕਲ ਜਾਂਦੀ ਪਰ ਕੀ ਕਰੇ ਪਰਿਵਾਰ ਕਿੱਦਾਂ ਪਾਲੇ।

ਘਰ ਵੱਲ ਨੂੰ ਖ਼ੁਸ਼ੀ ਖ਼ੁਸ਼ੀ ਭੱਜੇ ਜਾਂਦੇ ਸਭ ਗੋਰੇ ਸਿਆਹ ਕਰਮਚਾਰੀ ਮੇਰੇ ਵੱਲ ਬਾਰ-ਬਾਰ ਤੱਕਦੇ। ਮੈਂ ਘਬਰਾਈ ਕਿਉਂ ਹਾਂ, ਜਾ ਤਾਂ ਹੁਣ ਆਪਣੇ ਘਰ ਵੱਲ ਨੂੰ ਰਹੀ ਹਾਂ। ਇਹ ਵਕਤ ਸਾਰੇ ਦਿਨ ਦੇ ਕੰਮ ਦੇ ਰੁਟੀਨ ਤੋਂ ਵਿਹਲੇ ਹੋ ਕੇ ਖ਼ੁਸ਼ੀ ਦਾ ਹੁੰਦਾ ਹੈ ਪਰ ਮੈਂ

ਅਜੇ ਤਨਾਉ ਤੋਂ ਮੁਕਤ ਨਹੀਂ ਸਾਂ ਹੋ ਰਹੀ ਕਿ ਪ੍ਰੋਜੈਕਟ ਪੂਰਾ ਕਰਨਾ ਦੀ ਖ਼ੁਸ਼ੀ ਵਿਚ ਮੈਨੂੰ ਟਾਈਮ ਦਾ ਧਿਆਨ ਕਿਉਂ ਨਾ ਰਿਹਾ। ਹੁਣ ਘਬਰਾਹਟ ਵਿਚ ਹਾਂ। ਅੱਜ ਉਹਨੇ ਅੰਦਰ ਆ ਕੇ ਇਧਰ ਉਧਰ ਸਿਰ ਮਾਰਨਾ ਸ਼ੁਰੂ ਕਰ ਦਿੱਤਾ ਤੇ ਨਾਲ ਨਾਲ ਉੱਚੀ-ਉੱਚੀ ਬੋਲਣ ਲੱਗ ਪਿਆ—"ਓ ਮੈਨ ! ਬੈਡ ਮੈਨ ! ਨੈਸਟੀ ! ਆਈ ਐਮ ਸੋ ਟਾਇਰਡ ਮੈਨ।" ਪਹਿਲਾਂ ਬੋਲੀ ਗਿਆ ਫਿਰ ਮੇਰੇ ਵੱਲ ਵੇਖ ਕੇ ਕਹਿੰਦਾ—"ਕਰੇਜ਼ੀ ਮੈਨ !" ਉਹਨੂੰ ਪਤਾ ਸੀ ਕਿ ਮੈਂ ਉਸ ਦੀ ਹਰ ਗੱਲ ਬਹੁਤ ਹੀ ਧਿਆਨ ਨਾਲ ਸੁਣਦੀ ਹਾਂ। ਕਿਵੇਂ ਇਹ ਆਪਨੇ ਬੱਚਿਆਂ ਨੂੰ ਤੇ ਬੁੱਢੀ ਮਾਂ ਨੂੰ ਪਾਲਦਾ ਹੈ ਤੇ ਘਰ ਵਾਲੀ ਡਾਈਵੋਰਸ ਕਰਕੇ ਕਿਧਰੇ ਹੋਰ ਰਹਿੰਦੀ ਹੋਈ ਵੀ ਇਸ ਤੋਂ ਪੈਸੇ ਲੈਂਦੀ ਹੈ। ਇਥੇ ਇਸ ਤਰ੍ਹਾਂ ਦੀ ਹਰ ਪੰਜਵੇਂ ਛੇਵੇਂ ਘਰ ਦੀ ਕਹਾਣੀ ਹੈ।

ਫਿਰ ਜ਼ੋਰ ਦੀ ਹੱਸ ਪਿਆ। ਮੈਂ ਹੈਰਾਨ ਹੋ ਗਈ ਕਿ ਹੁਣੇ ਤਾਂ ਇਹ ਹੋਰ ਕੁਝ ਕਰ ਰਿਹਾ ਸੀ, ਹੁਣ ਕੀ ਹੋ ਗਿਆ। ਪਰ ਉਹ ਮੇਰੇ ਵੱਲ ਵੇਖ ਕੇ ਹੋਰ ਉੱਚੀ ਸਾਰੀ ਹੱਸਿਆ ਸੀ।

ਕਹਿਣ ਲੱਗਾ—"ਹੈਲ ਦਾ ਵਰਲਡ ਵਾਏ ਯੂ ਪੀਪਲ ਕਮ ਹੇਅਰ ਫਰਾਮ ਇੰਡੀਆ।" ਉਹਦੀ ਹਾਲਤ ਵੇਖ ਕੇ ਤੇ ਮੈਨੂੰ ਉਹਦੇ 'ਤੇ ਹੀ ਤਰਸ ਆ ਰਿਹਾ ਸੀ। ਪਰ ਉਹਦੀ ਗੱਲ ਮੇਰੇ ਸੀਨੇ ਅੰਦਰ ਇੰਨੀ ਧਸ ਗਈ ਕਿ ਮੈਨੂੰ ਆਪਨੇ ਆਪ 'ਤੇ ਵੀ ਤਰਸ ਆਉਣ ਲੱਗ ਪਿਆ।

ਮਸਾਂ ਹੀ ਐਲੀਵੇਟਰ ਵਿਚੋਂ ਬਾਹਰ ਨਿਕਲੀ। ਸਰੀਰ ਭਾਰਾ ਲੱਗਣ ਲੱਗ ਪਿਆ। ਸਾਹ ਫੁੱਲ ਗਿਆ, ਤੁਰਿਆ ਨਾ ਜਾਵੇ। ਇਸ ਤਰ੍ਹਾਂ ਲੱਗੇ ਕਿ ਉਸ ਗਧੇ ਦੀ ਜੂਨ ਵਿਚ ਪਏ ਬੰਦੇ ਨੇ, ਜਿਵੇਂ ਉਸ ਨੇ ਦੱਸਿਆ ਸੀ ਮੈਨੂੰ ਵੀ ਰੂੰ ਲੱਦੇ ਵਾਲਾ ਗਧਾ ਬਣਾ ਦਿੱਤਾ ਜਿਸਦੀ ਦਸ਼ਾ ਅਸੀਂ ਬਚਪਨ ਵਿਚ ਸੁਣੀ ਇਕ ਕਹਾਣੀ ਵਿਚ ਅਨੁਭਵ ਕਰਦੇ ਹੁੰਦੇ ਸਾਂ ਕਿ ਉਸਦਾ ਰੂੰ ਭਿੱਜ ਕੇ ਕਈ ਗੁਣਾ ਭਾਰਾ ਹੋ ਗਿਆ ਸੀ ਕਿ ਨਾ ਤੁਰਨ ਜੋਗਾ, ਨਾ ਬੈਠਣ ਜੋਗਾ ਤੇ ਉੱਠਣ ਜੋਗਾ।

ਮੇਰੇ ਕੋਲੋਂ ਤੁਰਿਆ ਵੀ ਨਾ ਜਾਵੇ ਤੇ ਸੋਚਾਂ ਮੈਂ ਤੇ ਅੱਗੇ ਹੀ ਜਿੰਨਾ ਭੁਲਾਇਆ ਜਾ ਸਕੇ ਪਿਛਲੇ ਤੇ ਅਗਾਂਹ ਆਉਣ ਵਾਲਾ ਸਮਾਂ ਭੁਲਾਉਂਦੀ ਹਾਂ। ਕਦੇ ਨਹੀਂ ਭੁੱਲ ਸਕਦਾ ਆਪਨਾ ਅਤੀਤ ਤੇ ਇਕ ਇਕ ਪਲ ਤੇ ਅਗਾਂਹ ਆਉਣ ਵਾਲਾ ਸਮਾਂ ਬੱਚਿਆਂ ਦੇ ਭਵਿੱਖ ਦਾ, ਬੱਚਿਆਂ ਦੇ ਅਗਾਂਹ ਬੱਚਿਆਂ ਦਾ। ਇਹਨੇ ਤੇ ਅੱਜ ਮੇਰੇ ਜ਼ਖ਼ਮਾਂ 'ਤੇ ਲੂਣ ਛਿੜਕ ਦਿੱਤਾ। ਰਿਸਦੇ ਜ਼ਖ਼ਮ ਉੱਚੜ ਗਏ। ਸੜਕ ਉੱਤੇ ਤੁਰੀ ਜਾਵਾਂ ਤੇ ਇਕ ਪੇਟਰਨ ਕਹਿੰਦਾ—"ਲਾਇਬ੍ਰੇਰੀ ਕਲੋਜ਼ਡ"। ਉਸ ਨੇ ਇਕ ਵਾਰੀ ਦੋ ਵਾਰੀ ਤੇ ਤੀਜੀ ਵਾਰ ਕਿਹਾ ਤਾਂ ਜਾ ਕੇ ਮੈਨੂੰ ਸੁਣਿਟਾ। ਮੈਨੂੰ ਲੱਗੇ ਮੇਰੇ ਕੰਨਾਂ ਵਿਚ ਝੱਪੇ ਆ ਗਏ। ਕਿਸੇ ਨੇ ਕੰਨਾਂ ਵਿਚ ਸਿੱਕਾ ਢਾਲ ਦਿੱਤਾ ਹੋਵੇ। ਨਾਲ ਹੀ ਸਿਰ ਛਾਂ ਛਾਂ ਕਰੀ ਜਾਵੇ। ਮੈਂ ਸੜਕ ਦੇ ਵਿਚਕਾਰ ਖਲੋ ਕੇ ਜਿਵੇਂ ਕਮਲੀ ਹੋ ਗਈ ਹੋਵਾਂ। ਸਿਰ ਨੂੰ ਝਟਕਿਆ ਤੇ ਸਮਾਂ ਦੱਸਣ ਲੱਗ ਪਈ ਕਿ ਐਸ ਵਾਰ ਇੰਨੇ ਤੋਂ ਇੰਨੇ। ਉਹ ਮੇਰੇ ਮੂੰਹ ਵੱਲ ਵੇਖੀ ਜਾਵੇ। ਉਹਨੂੰ ਤੇ



ਸ਼ਾਇਦ ਖ਼ਿਆਲ ਵੀ ਨਾ ਹੋਵੇ। ਉਹ ਸੋਚ ਵੀ ਨਹੀਂ ਸੀ ਸਕਦਾ ਕਿ ਮੈਂ ਇਸ ਵੇਲੇ ਨਾਰਮਲ ਨਹੀਂ। ਮੇਰੀ ਇਹ ਮਾਨਸਿਕ ਦਸ਼ਾ ਇਸ ਤਰ੍ਹਾਂ ਕਿਉਂ ਹੋ ਗਈ।

ਮੈਨੂੰ ਤੇ ਆਪਣਾ ਆਪ ਖੁੱਸਦਾ ਜਾਪੇ। ਅੱਗੇ ਮੇਰਾ ਵੱਡਾ ਬੇਟਾ ਕੁਝ ਸਮੇਂ ਲਈ ਕੈਨੇਡਾ ਦੀ ਸਟੇਟ ਸਰੀ ਵਿਚ ਰੈਸਲਿੰਗ ਦੀ ਪ੍ਰੈਕਟਿਸ ਕਰਨ ਗਿਆ ਸੀ ਤੇ ਉਥੋਂ ਆ ਕੇ ਰੱਟ ਹੀ ਲਾ ਕੇ ਬਹਿ ਗਿਆ ਸੀ ਕਿ "ਮੰਮੀ ਆਪਾਂ ਉਥੇ ਚਲੇ ਜਾਈਏ। ਉਥੇ ਆਪਣੇ ਲੋਕ ਬਹੁਤ ਹਨ। ਮੰਮੀ ਸਾਰਾ ਦੁਆਬਾ ਸਰੀਂਹ, ਸ਼ੰਕਰ ਸਾਰਾ ਉਥੇ ਹੈ। ਮੈਨੂੰ ਉਥੇ ਸਾਰੇ ਆਪਣੇ ਜਾਪਦੇ ਹਨ। ਜੀ ਵੀ ਵਾਹਵਾ ਲੱਗਦਾ ਹੈ।"

ਮੰਮੀ ਨੂੰ ਤੇ ਅੱਗੇ ਇਥੇ ਆ ਕੇ ਅਜੇ ਤਕ ਪੱਕਾ ਪੈਰ ਰੱਖਿਆ ਮਹਿਸੂਸ ਨਹੀਂ ਹੁੰਦਾ। ਇੰਨਾ ਲੰਮਾ ਸੰਘਰਸ਼ ਕਰਕੇ ਮਸਾਂ ਠੀਆ ਠੱਪਾ ਬਣਾਇਆ ਤੇ ਫਿਰ ਨਵੇਂ ਸਿਰ ਤੋਂ ਸਰੀ। ਨਹੀਂ ਇਹ ਨਹੀਂ ਹੋ ਸਕਣਾ। "ਮੰਮੀ ਸਾਰੇ ਤੁਹਾਡੇ ਪੇਕਿਆਂ ਤੋਂ ਉਥੇ ਸੈਟਲ ਨੇ। ਪਿਛਲੀਆਂ ਜਾਣਾਂ ਪਛਾਣਾਂ ਕੱਢ ਲੈਂਦੇ ਹਨ। ਬੜੀ ਅਪਣੱਤ ਜਾਪਦੀ ਹੈ। ਮੈਂ ਤਾਂ ਉਥੇ ਰਹਿਣਾ। ਬੜਾ ਚੰਗਾ ਲੱਗਦਾ ਆਪਣਿਆਂ ਵਿਚ ਰਹਿਣਾ। ਤੁਸੀਂ ਮੇਰੀ ਗੱਲ ਸੁਣਦੇ ਨਹੀਂ। ਮੇਰੀ ਕਿਉਂ ਨਹੀਂ ਸੁਣਦੇ। ਸਾਰੇ ਉਹੀ ਪਿੰਡਾਂ ਤੋਂ ਨੇ, ਤੁਹਾਡੇ ਗੁਆਂਢੀ" ਉਹਨੂੰ ਸੀ ਕਿ ਮੰਮੀ ਨੂੰ ਪੇਕਿਆਂ ਵਾਲੀ ਗੱਲ ਚੰਗੀ ਲੱਗਦੀ। ਜਦੋਂ ਉਸ ਨੇ ਵੇਖਿਆ ਮੰਮੀ ਹਾਮੀ ਨਹੀਂ ਭਰ ਰਹੀ ਤਾਂ ਕਹਿਣ ਲੱਗਾ—"ਚੰਗਾ ਫੇਰ ਕਰਵਾ ਲਈ ਆਪਣੀ ਨਸਲ ਕੁਸ਼ੀ।"

ਉਸ ਦਿਨ ਤੋਂ ਮੈਂ ਇਹੀ ਸਾਰਾ ਦਿਨ ਸੋਚਦੀ ਰਹਿੰਦੀ ਕੀ ਬਣੂ ਇਨ੍ਹਾਂ ਬੱਚਿਆਂ ਦਾ ਤੇ ਇਨ੍ਹਾਂ ਦੇ ਬੱਚਿਆਂ ਦਾ ? ਇਨ੍ਹਾਂ ਤੋਂ ਤੇ ਟਾਈਮ ਨਹੀਂ ਹੋਣਾ। ਬੱਚੇ ਕਿਥੇ ਕਿਥੇ ਡੇ ਕੇਅਰਾਂ ਵਿਚ ਛੱਡਣੇ ਪੈਣੇ। ਆਪ ਦਿਨ ਭਰ ਦੀ ਹੱਡ ਭੰਨਵੀਂ ਨੌਕਰੀ ਤੋਂ ਵਾਪਸ ਥੱਕਿਆਂ ਟੁੱਟਿਆਂ ਆ ਕੇ ਇਨ੍ਹਾਂ ਨੇ ਉਨ੍ਹਾਂ ਨੂੰ ਕੀ ਦੱਸਣਾ। ਟਾਈਮ ਵੀ ਨਹੀਂ ਹੋਣਾ। ਸਰੀਰ ਵੀ ਭੱਜੇ ਟੁੱਟੇ ਹੁੰਦੇ ਹਨ। ਉਦੋਂ ਤਕ ਇਨ੍ਹਾਂ ਕੋਲ ਆਪਣੇ ਕੋਲ ਵੀ ਕੁਝ ਨਹੀਂ ਬਚਣਾ। ਨਾ ਆਪਣੀ ਬੋਲੀ, ਨਾ ਆਪਣੇ ਲੋਕਾਂ ਦੀ ਖ਼ੁਰਾਕ, ਪੁਸ਼ਾਕ, ਸਾਹਿਤ, ਕਲਾ, ਸਭਿਆਚਾਰ, ਸਾਡੀਆਂ ਅਮੀਰ ਗੌਰਵਸ਼ਾਲੀ ਪਰੰਪਰਾਵਾਂ। ਇਹ ਤਾਂ ਆਪ ਖਾਲੀ ਹੋਣੇ, ਇਨ੍ਹਾਂ ਆਪਣੇ ਬੱਚਿਆਂ ਨੂੰ ਕੀ ਦੇਣਾ। ਇਹ ਕਿਵੇਂ ਦੇਣਗੇ ਲੋਰੀਆਂ। ਕਿਵੇਂ ਸੁਣਾਉਣਗੇ ਕਹਾਣੀਆਂ ਤੇ ਕੌਣ ਉਨ੍ਹਾਂ ਨੂੰ ਥਾਪੜੇਗਾ ਪੋਲਾ ਪੋਲਾ ਜਦੋਂ ਇਹ ਮਿੱਠੀ ਸੁਹਾਵਣੀ ਨੀਂਦ ਵਿਚ ਪਰੀਆਂ ਦੇ ਝਾਉਲੇ ਵੇਖਦੇ ਹਨ।"

ਘਰ ਥੱਕੀ ਪਹੁੰਚੀ। ਇੰਡੀਆ ਤੋਂ ਕੁਝ ਮਿਲਣਸਾਰ ਆ ਗਏ। ਮੈਂ ਥੱਕੇ-ਟੁੱਟੇ ਸਰੀਰ ਨਾਲ ਕਿਚਨ ਵਿਚ ਵੜ ਗਈ। ਹੱਥ ਕੰਮ ਵੱਲ ਪਰ ਦਿਲ ਦਿਮਾਗ਼ ਸੋਚਾਂ ਵੱਲ। ਮਹਿਮਾਨਾਂ ਨੂੰ ਕੌਫ਼ੀ ਵਗੈਰਾ ਸਰਵ ਕਰਦਿਆਂ ਥੋੜੀ ਜਿਹੀ ਗੱਲ ਕੰਨੀਂ ਪਈ—"ਤੁਸੀਂ ਵੀ ਉੱਜੜ ਕੇ ਆਏ ਹੋ ?" ਮੈਂ ਕੁਝ ਹੋਰ ਤਿਆਰ ਕਰਨ ਮੁੜ ਰਸੋਈ ਵਿਚ ਚਲੀ ਗਈ। ਸੈਂਡ ਵਿਚਿਜ਼ ਤਿਆਰ ਕਰੀ ਜਾ ਰਹੀ ਸਾਂ। ਮਨ-ਮਸਤਕ ਉਖੜਿਆ ਪਿਆ ਸੀ। ਪਤੀ ਦੇਵ ਨੇ ਆਵਾਜ਼ ਮਾਰੀ, ਮੈਂ ਤ੍ਰਭਕ ਕੇ ਛੇਤੀ ਨਾਲ ਤਿਆਰ ਚੀਜ਼ਾਂ ਲੈ ਪਹੁੰਚੀ। ਸਾਮਾਨ ਰੱਖ ਕੇ ਮੁੜ ਕਿਚਨ ਵਿਚ ਆ ਖੜ੍ਹੀ ਹੋਈ। ਬੌਂਦਲੀ ਪਈ ਸਾਂ, ਅੱਜ ਉੱਜੜ ਕੇ ਆਇਆਂ

ਦੀ ਆਪਸੀ ਸਾਂਝ ਦੀ ਗੱਲ ਨੇ ਮਨ ਨੂੰ ਪੂਰੀ ਤਰ੍ਹਾਂ ਉਖੇੜ ਦਿੱਤਾ। ਉੱਨੀ ਸੌ ਸੰਤਾਲੀ ਦੀ ਵੰਡ ਦੀ ਯਾਦ ਦੇ ਦ੍ਰਿਸ਼—ਗੱਡੇ, ਟਰੱਕ, ਮਾਲ-ਡੰਗਰ, ਸਾਰੇ ਧਾਈਂ ਮਾਰ-ਮਾਰ ਰੋਂਦੇ। ਹਿੰਦੂ, ਸਿੱਖ, ਮੁਸਲਮਾਨ ਤੇ ਕਾਫ਼ਲੇ ਅੱਖਾਂ ਅੱਗੇ ਆਈ ਜਾਣ। ਡਿਸਿਜ਼ ਵਾਸ਼ ਕਰਕੇ ਬਾਹਰ ਆ ਕੇ ਆਏ ਪ੍ਰਾਹੁਣਿਆਂ ਨੂੰ ਰਸਮੀ ਮਿਲੀ, ਉਹ ਚਲੇ ਗਏ। ਮੈਂ ਪਤੀ ਤੇ ਪਰਿਵਾਰ ਦੀ ਗੱਲ ਅਣਮੰਨੇ ਮਨ ਨਾਲ ਸੁਣਦੀ ਰਹੀ ਪਰ ਮੁੜ-ਮੁੜ ਉਹੋ ਪ੍ਰਸ਼ਨ ਅੱਖਾਂ ਅੱਗੇ ਆ ਖਲੋਵੇ।

ਮਿਸਟਰ ਚਾਰਲੀ ਮੈਨੂੰ ਅੱਜ ਕਿਉਂ ਮਿਲ ਪਿਆ। ਉਹਨੇ ਮੇਰੀ ਦੁਖਦੀ ਰਗ ਨੂੰ ਐਸਾ ਝੰਜੋੜਿਆ ਕਿ ਮੈਂ ਅੱਜ ਬਹੁਤ ਪਿਛਾਂਹ ਚਲੀ ਗਈ। ਪਿੱਛੇ ਦੇ ਸਾਰੇ ਚੇਤੇ ਖ਼ੁਸ਼ੀਆਂ ਸਾਂਝਾਂ ਉਸੇ ਤਰ੍ਹਾਂ ਸਾਫ਼ ਮੇਰੇ ਮਨ ਉੱਤੇ ਉਕਰ ਗਈਆਂ ਪਰ ਗੱਲ ਕਿਸ ਨਾਲ ਕਰਾਂ, ਕਿਸ ਤਰ੍ਹਾਂ ਸਮਝਾਵਾਂ ਆਪਣੇ ਆਪ ਹੀ ਸੋਚੀ ਜਾਵਾਂ।

ਇਥੇ ਤਾਂ ਹਰ ਬੰਦਾ ਪੁਰਜ਼ਾ ਹੈ ਤੇ ਆਪਣੇ ਆਪ ਹੀ ਆਪਣੀ ਯੋਗਤਾ ਮੁਤਾਬਕ ਮਸ਼ੀਨ ਵਿਚ ਫਿੱਟ ਹੋ ਜਾਂਦਾ ਹੈ, ਜੋ ਦਿਨ ਰਾਤ ਨਿਰੰਤਰ ਚੱਲਦੀ ਹੈ ਤੇ ਇਹ ਘਸਦਾ ਜਾਂਦਾ ਅਖ਼ੀਰ ਵਿਚ ਹੀ ਸਮਾ ਜਾਂਦਾ ਹੈ।

ਅਗਲੇ ਦਿਨ ਵੀ ਮਨ ਵਿਚ ਇਕ ਗੱਲ ਆਵੇ ਤੇ ਇਕ ਆਵੇ, ਬੱਸ ਸਟੈਂਡ 'ਤੇ ਪਹੁੰਚ ਗਈ ਤੇ ਸਿੱਧੀ ਜਾ ਕੇ ਕੁਰਸੀ 'ਤੇ ਬੈਠ ਗਈ। ਚੁੱਪ-ਚਾਪ, ਸੁੰਨ-ਸਾਨ ਫਰੀਜ਼ ਹੋਈ ਕਿ ਕੀ ਬਣ ਗਿਆ, ਜਿੰਨਾ ਮੈਂ ਵਧੀਆ ਪ੍ਰੋਜੈਕਟ ਕੁਲ ਲਾਇਬ੍ਰੇਰੀ ਲਈ ਗ੍ਰਾਂਟ ਦੀ ਪਰਪੋਜਲ ਬਣਾ ਕੇ ਕੀਤਾ ਸੀ। ਜਿੰਨਾ ਸਾਮਾਨ ਅਸੀਂ ਪਾਸ ਹੋਏ ਦਾ ਖਰੀਦਣਾ ਸੀ, ਉਸ ਤੋਂ ਕਈ ਗੁਣਾ ਬੋਝ ਚਾਰਲੀ ਦੇ ਲਫ਼ਜ਼ਾਂ ਨੇ ਮੇਰੇ 'ਤੇ ਪਾ ਦਿੱਤਾ। "ਅਸੀਂ ਏਥੇ ਕਿਉਂ ਆਏ ? ਬਚਣ ਬਚਾਉਣ ਲਈ ਕਿ ਗੁਆਚੇ ਗੁਆਉਣ ਲਈ।"

—